

ਸਪੈਸ਼ਲ ਰਿਪੋਰਟ ਪੇਜ 26-47

ਜਿਲਦ: 7, ਅੰਕ: 07

1 - 15 ਅਕਤੂਬਰ, 2026 (ਮੁਫ਼ਤ)

ਨਿਊ ਇੰਡੀਆ ਸਮਾਚਾਰ

ਭਾਰਤ ਦਾ ਵਿਜ਼ਨ ਬਣਿਆ ਆਲਮੀ ਮਿਸ਼ਨ

ਭਾਰਤ ਨੇ 'ਮਨੁੱਖਤਾ ਪਹਿਲਾਂ, ਜਨ-ਕੇਂਦ੍ਰਿਤ ਵਿਕਾਸ' ਦੀ ਭਾਵਨਾ ਨਾਲ ਵਿਸ਼ਵਵਿਆਪੀ ਭਾਈਚਾਰੇ ਦਾ ਨਵਾਂ ਅਧਿਆਏ ਰਚਦੇ ਹੋਏ 18ਵੇਂ ਬ੍ਰਿਕਸ ਸਮਿਟ (2026) ਵਿੱਚ ਦਿੱਤਾ ਸੰਦੇਸ਼- ਸਮੁੱਚਾ ਵਿਕਾਸ ਓਹੀ ਹੈ, ਜੋ ਜਨ-ਜਨ ਤੱਕ ਪਹੁੰਚੇ...



ਸਾਨੂੰ ਫਾਲੋ ਕਰੋ @NISPIBIndia

ਭਾਰਤੀ ਹਵਾਈ ਸੈਨਾ ਦਿਵਸ 94ਵੀਂ ਵਰ੍ਹੇਗੰਢ (8 ਅਕਤੂਬਰ 2026)

‘ਬਹਾਦਰੀ ਅਤੇ ਪਰਾਕ੍ਰਮ ਦਾ ਪ੍ਰਤੀਕ’

ਭਾਰਤੀ ਹਵਾਈ ਸੈਨਾ

ਭਾਰਤੀ ਹਵਾਈ ਸੈਨਾ ਹਰ ਨਾਗਰਿਕ ਦੇ ਲਈ ਮਾਣ ਦਾ ਪ੍ਰਤੀਕ ਹੈ। ਦੇਸ਼ ਦੀ ਸੁਰੱਖਿਆ ਹੋਵੇ ਜਾਂ ਕਿਸੇ ਆਫ਼ਤ ਵਿੱਚ ਲੋਕਾਂ ਦੀ ਜਾਨ ਬਚਾਉਣਾ, ਸਾਡੇ ਬਹਾਦਰ ਜਵਾਨ ਹਮੇਸ਼ਾ ਪੂਰੇ ਸਾਹਸ ਅਤੇ ਨਿਸ਼ਠਾ ਦੇ ਨਾਲ ਅੱਗੇ ਰਹਿੰਦੇ ਹਨ। ਇੰਨਾ ਹੀ ਨਹੀਂ, ਆਪਣੀ ਸ਼ਕਤੀ ਅਤੇ ਹਰ ਚੁਣੌਤੀ ਦਾ ਸਾਹਮਣਾ ਕਰਨ ਦੀ ਤਤਪਰਤਾ ਰਾਹੀਂ ਇਸ ਬਲ ਨੇ ਹਮੇਸ਼ਾ ਰਾਸ਼ਟਰ ਦਾ ਮਾਣ ਵਧਾਇਆ ਹੈ। ਮਿਸਾਲੀ ਸੇਵਾ ਅਤੇ ਕੁਰਬਾਨੀ ਦੇ ਦਮ ‘ਤੇ ਹਵਾਈ ਖੇਤਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੀ ਭਾਰਤੀ ਹਵਾਈ ਸੈਨਾ ਦੀ ਬਹਾਦਰੀ, ਵਚਨਬੱਧਤਾ ਅਤੇ ਸਮਰਪਣ ‘ਤੇ ਹਰ ਦੇਸ਼ਵਾਸੀ ਨੂੰ ਹੈ ਮਾਣ...





“ਭਾਰਤੀ ਹਵਾਈ ਸੈਨਾ ਬਹਾਦਰੀ, ਅਨੁਸ਼ਾਸਨ ਅਤੇ ਸਟੀਕਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸਾਡੇ ਅੰਬਰ ਦੀ ਸੁਰੱਖਿਆ ਵਿੱਚ ਸਭ ਤੋਂ ਚੁਣੌਤੀਪੂਰਨ ਸਥਿਤੀਆਂ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੁਦਰਤੀ ਆਫ਼ਤਾਂ ਦੌਰਾਨ ਵੀ ਉਨ੍ਹਾਂ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਰਹੀ ਹੈ। ਉਨ੍ਹਾਂ ਦੀ ਵਚਨਬੱਧਤਾ, ਪੇਸ਼ੇਵਰ ਹੁਨਰ ਅਤੇ ਅਦੁੱਤੀ ਸਾਹਸ ਹਰ ਭਾਰਤੀ ਨੂੰ ਮਾਣ ਮਹਿਸੂਸ ਕਰਵਾਉਂਦਾ ਹੈ। - ਨਰੇਂਦਰ ਮੋਦੀ, ਪ੍ਰਧਾਨ ਮੰਤਰੀ



ਨਿਊ ਇੰਡੀਆ
ਸਮਾਚਾਰ

ਜਿਲਦ: 7, ਅੰਕ 07 | 1- 15 ਅਕਤੂਬਰ, 2026

ਐਡੀਟਰ ਇਨ ਚੀਫ਼ :

ਧੀਰੇਂਦਰ ਓਝਾ

ਪ੍ਰਿੰਸੀਪਲ ਡਾਇਰੈਕਟਰ ਜਨਰਲ,

ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ

ਸੰਤੋਸ਼ ਕੁਮਾਰ

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ

ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ

ਅਖਿਲੇਸ਼ ਕੁਮਾਰ

ਚੰਦਨ ਕੁਮਾਰ ਚੌਧਰੀ

ਭਾਸ਼ਾ ਸੰਪਾਦਨ

ਸੁਮਿਤ ਕੁਮਾਰ (ਅੰਗ੍ਰੇਜ਼ੀ),

ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)

ਨਦੀਮ ਅਹਿਮਦ (ਉਰਦੂ),

ਅਹਿਮਦ ਖਾਨ (ਪੰਜਾਬੀ)

ਸੀਨੀਅਰ ਡਿਜ਼ਾਈਨਰ

ਫੂਲ ਚੰਦ ਤਿਵਾਰੀ

ਡਿਜ਼ਾਈਨਰ

ਅਭੈ ਗੁਪਤਾ

ਸਤਯਮ ਸਿੰਘ



13 ਭਾਸ਼ਾਵਾਂ ਵਿੱਚ ਉਪਲਬਧ ‘ਨਿਊ ਇੰਡੀਆ ਸਮਾਚਾਰ’ ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।

https://newindiasamachar.pib.gov.in/news.aspx

ਨਿਊ ਇੰਡੀਆ ਸਮਾਚਾਰ’ ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ

https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

ਅੰਦਰਲੇ ਪੰਨਿਆਂ ਉੱਤੇ...

ਭਾਰਤ ਦੀ ਅਗਵਾਈ ਵਿੱਚ ਮਨੁੱਖਤਾ ਦੀ ਮਿਸਾਲ ਬਣਿਆ ਬ੍ਰਿਕਸ 2026



ਕਵਰ ਸਟੋਰੀ

ਭਾਰਤ ਪਹਿਲੇ ਦਿਨ ਤੋਂ ਬ੍ਰਿਕਸ ਦੀ ਕਹਾਣੀ ਦਾ ਹਿੱਸਾ ਰਿਹਾ ਹੈ ਅਤੇ ਅੱਜ ਪ੍ਰਿਥਵੀ ‘ਤੇ ਹਰ ਦੂਜਾ ਵਿਅਕਤੀ ਕਿਸੇ ਬ੍ਰਿਕਸ ਦੇਸ਼ ਵਿੱਚ ਰਹਿੰਦਾ ਹੈ। ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਸੰਪੰਨ 18ਵੇਂ ਬ੍ਰਿਕਸ ਸਮਿਟ ਨੇ ਬ੍ਰਿਕਸ ਦੀ ਯਾਤਰਾ ਦੇ 20 ਵਰ੍ਹਿਆਂ ਦਾ ਉਤਸਵ ਮਨਾਇਆ। ਭਾਰਤ ਨੇ 2026 ਵਿੱਚ ਚੌਥੀ ਵਾਰ ਪ੍ਰਧਾਨਗੀ ਸੰਭਾਲੀ ਅਤੇ ‘ਨਿਊ ਦਿੱਲੀ ਡੈਕਲੇਰੇਸ਼ਨ ’ ਦੇ ਨਾਲ ਬ੍ਰਿਕਸ ਨੂੰ ਦਿੱਤੀ ਹੈ ਇੱਕ ਨਵੀਂ, ਵਧੇਰੇ ਪ੍ਰਭਾਵਸ਼ਾਲੀ ਮਨੁੱਖੀ ਦਿਸ਼ਾ... | 6-25



ਸੁਸ਼ਾਸਨ ਦੇ ਆਪਣੇ ਮਾਡਲ ਤੋਂ ਪਹਿਲਾਂ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਅਤੇ ਹੁਣ 12 ਵਰ੍ਹਿਆਂ ਤੋਂ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਰਾਸ਼ਟਰ ਨੂੰ ਦੇ ਰਹੇ ਹਨ ਨਵੀਂ ਦਿਸ਼ਾ... ਗੁਜਰਾਤ ਵਿੱਚ ਮੁੱਖ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਨੇ 7 ਅਕਤੂਬਰ 2001 ਨੂੰ ਸਹੁੰ ਚੁੱਕੀ ਸੀ, ਤਦ ਤੋਂ ਨਿਰੰਤਰ ਜਾਰੀ ਸੇਵਾ, ਸਮਰਪਣ ਦੀ ਉਨ੍ਹਾਂ ਦੀ ਇਸ ਯਾਤਰਾ ਦੇ 25 ਵਰ੍ਹੇ ਪੂਰੇ ਹੋ ਰਹੇ ਹਨ। ਪੇਸ਼ ਹੈ ਇੱਕ ਖ਼ਾਸ ਰਿਪੋਰਟ... | 26-47

ਯੂਪੀਆਈ... ਇੱਕ ਸੱਭਿਅਤਾ ਦੀ ਕਹਾਣੀ
ਪੀਐੱਮ ਮੋਦੀ ਨੇ ਮੁੰਬਈ ਵਿੱਚ ‘ਗਲੋਬਲ ਫਿਨਟੈੱਕ ਫੈਸਟ 2026’ ਦਾ ਕੀਤਾ ਉਦਘਾਟਨ | 48–49

‘ਫ੍ਰੇਟ ਕੌਰੀਡੋਰ’ ਵਿਕਸਿਤ ਹੁੰਦੇ ਭਾਰਤ ਦੀ ਜੀਵਨ-ਰੇਖਾ
ਪੀਐੱਮ ਮੋਦੀ ਨੇ ਗੁਜਰਾਤ ਨੂੰ ਦਿੱਤੇ 35,000 ਕਰੋੜ ਰੁਪਏ ਦੇ ਤੋਹਫ਼ੇ | 50–51

ਅਸਲੀ ਤਾਕਤ... ਗਿਆਨ ਤੋਂ ਜਾਗਰੂਕਤਾ ਅਤੇ ਜਾਗਰੂਕਤਾ ਤੋਂ ਬਦਲਾਅ
ਰਾਸ਼ਟਰੀ ਅਧਿਆਪਕ ਪੁਰਸਕਾਰ ਜੇਤੂਆਂ ਨੂੰ ਪੀਐੱਮ ਮੋਦੀ ਨੇ ਦਿੱਤਾ ਮੰਤਰ | 52–53

ਰੇਲ ਕਨੈਕਟੀਵਿਟੀ ਦਾ ਵਿਸਥਾਰ, ਈਪੀਐੱਫਓ ਦੀ ਤਨਖ਼ਾਹ ਸੀਮਾ ਹੁਣ 25 ਹਜ਼ਾਰ
ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਲਏ ਗਏ ਮਹੱਤਵਪੂਰਨ ਫ਼ੈਸਲੇ | 54–55

ਸਪੇਸ ਐਕਸਪਲੋਰੇਸ਼ਨ ਦਾ ਮੰਤਰ ਟਕਰਾਅ ਨਹੀਂ... ਸਹਿਯੋਗ
ਅੰਤਰਰਾਸ਼ਟਰੀ ਪੁਲਾੜ ਸਮਿਟ ਵਿੱਚ ਪੀਐੱਮ ਮੋਦੀ ਦਾ ਸੰਬੋਧਨ | 56

‘ਨਸ਼ਾਮੁਕਤ ਭਾਰਤ’ ਦਾ ਸੰਕਲਪ, 2029 ਤੱਕ ਹੋਵੇਗਾ ਸਾਕਾਰ
ਗ੍ਰਹਿ ਮੰਤਰੀ ਅਮਿਤ ਸ਼ਾਹ ਬੋਲੇ- 2029 ਤੱਕ ‘ਨਸ਼ਾਮੁਕਤ ਭਾਰਤ’ ਹੋਵੇਗਾ ਦੇਸ਼ | 57

ਭਾਰਤ ਦੀ ਪ੍ਰਾਚੀਨ ਪ੍ਰਤਿਭਾ, ਫਰਾਂਸ ਦੀ ਆਧੁਨਿਕ ਇੰਜੀਨੀਅਰਿੰਗ ਦਾ ਸੰਗਮ
ਪੀਐੱਮ ਮੋਦੀ ਨੇ ਪੈਰਿਸ ਵਿੱਚ ਸਵਾਮੀਨਾਰਾਇਣ ਮੰਦਿਰ ਦਾ ਕੀਤਾ ਉਦਘਾਟਨ | 58–59

ਸ਼ਖ਼ਸੀਅਤ: ਤਿਰੂੱਪੁਰ ਕੁਮਾਰਨ
ਜਿਨ੍ਹਾਂ ਨੇ ਹੇਠਾਂ ਨਹੀਂ ਡਿੱਗਣ ਦਿੱਤਾ ਰਾਸ਼ਟਰੀ ਝੰਡਾ | 60

ਔਸਆਰਸੀਸੀ ਸ਼ਤਾਬਦੀ ਸਮਾਰੋਹ

140 ਕਰੋੜ ਭਾਰਤੀ ਮਿਲ ਕੇ...

ਭਾਰਤ ਨੂੰ ਬਣਾਉਣਗੇ ਵਿਕਸਿਤ ਅਤੇ ਆਤਮਨਿਰਭਰ



ਦਿੱਲੀ ਯੂਨੀਵਰਸਿਟੀ ਦੇ ਸ਼੍ਰੀ ਰਾਮ ਕਾਲਜ ਆਫ਼ ਕਾਮਰਸ ਦੇ 100 ਵਰ੍ਹੇ ਪੂਰੇ ਹੋਣ ‘ਤੇ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ 140 ਕਰੋੜ ਦੇਸ਼ਵਾਸੀ ਮਿਲ ਕੇ ਭਾਰਤ ਨੂੰ ਬਣਾਉਣਗੇ ਵਿਕਸਿਤ ਅਤੇ ਆਤਮਨਿਰਭਰ... |4-5

ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸੀਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808**

ਸੰਪਾਦਕ ਦੀ ਕਲਮ ਤੋਂ...

ਭਾਰਤ ਦੀ ਅਗਵਾਈ ਵਿੱਚ ਬ੍ਰਿਕਸ ਦਾ ਨਵਾਂ ਅਧਿਆਏ

ਸਾਦਰ ਨਮਸਕਾਰ

ਬ੍ਰਿਕਸ ਦੀ 20ਵੀਂ ਵਰ੍ਹੇਗੰਢ 'ਤੇ ਭਾਰਤ ਵੱਲੋਂ ਚੌਥੀ ਵਾਰ ਇਸ ਸਮੂਹ ਦੀ ਪ੍ਰਧਾਨਗੀ ਇੱਕ ਇਤਿਹਾਸਕ ਮੌਕਾ ਬਣ ਕੇ ਸਾਹਮਣੇ ਆਈ। ਬ੍ਰਿਕਸ, ਪ੍ਰਮੁੱਖ ਉਭਰਦੀਆਂ ਹੋਈਆਂ ਅਰਥਵਿਵਸਥਾਵਾਂ ਦਰਮਿਆਨ ਆਰਥਿਕ ਨੀਤੀਆਂ ਦੇ ਤਾਲਮੇਲ ਦੇ ਲਈ ਇੱਕ ਮਹੱਤਵਪੂਰਨ ਪਲੈਟਫਾਰਮ ਦੇ ਰੂਪ ਵਿੱਚ ਉਭਰਿਆ ਹੈ। ਦੁਨੀਆ ਦੀਆਂ 11 ਉਭਰਦੀਆਂ ਅਰਥਵਿਵਸਥਾਵਾਂ ਇੱਥੇ ਗਲੋਬਲ ਗਵਰਨੈਂਸ ਨਾਲ ਜੁੜੇ ਮੁੱਦਿਆਂ 'ਤੇ ਸਾਂਝਾ ਦ੍ਰਿਸ਼ਟੀਕੋਣ ਤਿਆਰ ਕਰਦੀਆਂ ਹਨ। ਗਲੋਬਲ ਸਾਊਥ ਦੇ ਹਿਤਾਂ ਨੂੰ ਅੱਗੇ ਵਧਾਉਣ ਦਾ ਵੀ ਇਹ ਇੱਕ ਪ੍ਰਭਾਵਸ਼ਾਲੀ ਮਾਧਿਅਮ ਬਣ ਗਿਆ ਹੈ।

'ਲਚਕੀਲਾਪਣ , ਨਵੀਨਤਾ, ਸਹਿਯੋਗ ਅਤੇ ਟਿਕਾਊ ਵਿਕਾਸ ਦੇ ਲਈ ਨਿਰਮਾਣ' ਦੇ ਵਿਸ਼ੇ 'ਤੇ ਅਧਾਰਿਤ ਇਸ ਸੰਮੇਲਨ ਵਿੱਚ ਭਾਰਤ ਨੇ ਵਿਕਾਸਸ਼ੀਲ ਦੇਸ਼ਾਂ ਦੀਆਂ ਤਰਜੀਹਾਂ ਨੂੰ ਆਲਮੀ ਪਲੈਟਫਾਰਮ 'ਤੇ ਪ੍ਰਮੁੱਖਤਾ ਨਾਲ ਰੱਖਿਆ। ਜਟਿਲ ਭੂ-ਰਾਜਨੀਤਕ ਸਥਿਤੀਆਂ ਦੇ ਬਾਵਜੂਦ ਭਾਰਤ ਸੰਤੁਲਿਤ, ਸਮਾਵੇਸ਼ੀ, ਵਿਕਾਸਮੁਖੀ ਅਤੇ ਜਨਤਕ ਕੇਂਦ੍ਰਿਤ ਦ੍ਰਿਸ਼ਟੀਕੋਣ ਰੱਖਦੇ ਹੋਏ ਮਹੱਤਵਪੂਰਨ ਮੁੱਦਿਆਂ 'ਤੇ ਮੈਂਬਰਾਂ ਦਰਮਿਆਨ ਸਹਿਮਤੀ ਬਣਾਉਣ ਵਿੱਚ ਸਫ਼ਲ ਰਿਹਾ।

ਭਾਰਤ ਨੇ ਇਸ ਪਲੈਟਫਾਰਮ ਨੂੰ ਸਰਕਾਰਾਂ ਦੀਆਂ ਸਰਹੱਦਾਂ ਤੋਂ ਅੱਗੇ ਵਧਾ ਕੇ ਆਮ ਨਾਗਰਿਕਾਂ, ਕਿਸਾਨਾਂ, ਉੱਦਮੀਆਂ, ਮਹਿਲਾਵਾਂ ਅਤੇ ਨੌਜਵਾਨਾਂ ਤੱਕ ਪਹੁੰਚਾਇਆ ਹੈ। ਦੇਸ਼ ਦੇ 30 ਤੋਂ ਵੱਧ ਸ਼ਹਿਰਾਂ ਵਿੱਚ ਆਯੋਜਿਤ 400 ਤੋਂ ਵੱਧ ਮੀਟਿੰਗਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਭਾਰਤ ਨੇ 'ਜਨ-ਕੇਂਦ੍ਰਿਤ' ਅਤੇ 'ਮਨੁੱਖਤਾ ਪਹਿਲਾਂ' ਦ੍ਰਿਸ਼ਟੀਕੋਣ ਨੂੰ ਸਿਰਫ਼ ਨਾਅਰਾ ਨਹੀਂ, ਸਗੋਂ ਕਾਰਜਸ਼ੈਲੀ ਬਣਾਇਆ।

12-13 ਸਤੰਬਰ 2026 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ 18ਵਾਂ ਬ੍ਰਿਕਸ ਸਮਿਟ ਇਸ ਯਾਤਰਾ ਦਾ ਸਿਖਰ ਬਿੰਦੂ ਰਿਹਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਲਮੀ ਸ਼ਾਸਨ ਸੁਧਾਰ 'ਤੇ ਜ਼ੋਰ ਦਿੰਦੇ ਹੋਏ 'ਪਿਰਾਮਿਡ ਆਫ਼ ਪ੍ਰਿਵਿਲੇਜ' ਨੂੰ 'ਪਲੈਟਫਾਰਮ ਆਫ਼ ਪਾਰਟਨਰਸ਼ਿਪ' ਵਿੱਚ ਬਦਲਣ ਦਾ ਸੱਦਾ ਦਿੱਤਾ। ਸਰਬਸੰਮਤੀ ਨਾਲ ਪਾਸ ਨਿਊ ਦਿੱਲੀ ਡੈਕਲੇਰੇਸ਼ਨ ਵਿੱਚ ਅੱਤਵਾਦ ਦੇ ਖ਼ਿਲਾਫ਼ ਜ਼ੀਰੋ ਟੌਲਰੈਂਸ, ਯੂਐੱਨਐੱਸਸੀ ਸੁਧਾਰ ਅਤੇ ਗਲੋਬਲ ਸਾਊਥ ਦੀ ਆਵਾਜ਼ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ ਗਈ।

ਭਾਰਤ ਦੀ ਇਹ ਪ੍ਰਧਾਨਗੀ ਸਿਰਫ਼ ਇੱਕ ਕੂਟਨੀਤਕ ਜ਼ਿੰਮੇਵਾਰੀ ਨਹੀਂ, ਸਗੋਂ ਗਲੋਬਲ ਬਹੁ-ਧਰੁਵੀ ਦੀ ਦਿਸ਼ਾ ਵਿੱਚ ਇੱਕ ਠੋਸ ਕਦਮ ਹੈ ਅਤੇ ਇਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ। ਨਾਲ ਹੀ, ਇਹ ਇੱਕ ਸੁਖਦ ਸੰਜੋਗ ਹੈ ਕਿ ਜਦੋਂ ਬ੍ਰਿਕਸ ਦੀ ਪ੍ਰਧਾਨਗੀ ਕਰ ਰਹੇ ਭਾਰਤ ਨੇ ਦੁਨੀਆ ਨੂੰ ਮਨੁੱਖਤਾ ਦਾ ਸੰਦੇਸ਼ ਦਿੱਤਾ ਹੈ, ਉਸੇ ਸਮੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸ਼ਾਸਨ ਯਾਤਰਾ ਦੇ 25 ਵਰ੍ਹੇ ਪੂਰੇ ਹੋ ਰਹੇ ਹਨ। ਇਹ 25 ਵਰ੍ਹਿਆਂ ਦੀ ਯਾਤਰਾ ਵੀ ਇਸ ਅੰਕ ਦੀ ਖ਼ਾਸ ਰਿਪੋਰਟ ਬਣੀ ਹੈ।

ਇਸ ਤੋਂ ਇਲਾਵਾ ਸ਼ਖ਼ਸੀਅਤ ਦੀ ਕੜੀ ਵਿੱਚ ਰਾਸ਼ਟਰੀ ਝੰਡੇ ਨੂੰ ਹੇਠਾਂ ਨਾ ਡਿੱਗਣ ਦੇਣ ਵਾਲੇ ਤਿਰੂੱਪੁਰ ਕੁਮਾਰਨ, ਕੇਂਦਰੀ ਕੈਬਨਿਟ ਦੇ ਫ਼ੈਸਲੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 8 ਅਕਤੂਬਰ ਨੂੰ ਮਨਾਏ ਜਾਣ ਵਾਲੇ ਹਵਾਈ ਸੈਨਾ ਦਿਵਸ ਅਤੇ ਬੈਕ ਕਵਰ 'ਤੇ 15 ਅਕਤੂਬਰ ਨੂੰ ਡਾ. ਏਪੀਜੇ ਅਬਦੁਲ ਕਲਾਮ ਦੀ ਜਯੰਤੀ 'ਤੇ ਸ਼ੁਕਰਗੁਜ਼ਾਰ ਰਾਸ਼ਟਰ ਦੇ ਨਮਨ 'ਤੇ ਖ਼ਾਸ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

ਆਪਕੀ ਬਾਤ...





ਵਿਦਿਆਰਥੀਆਂ ਦੇ ਲਈ ਮਹੱਤਵਪੂਰਨ ਹੈ ਪੱਤ੍ਰਿਕਾ

ਮੈਨੂੰ ਨਿਯਮਿਤ ਤੌਰ 'ਤੇ ਈਮੇਲ 'ਤੇ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਮਿਲਦੀ ਹੈ। ਇਹ ਪੱਤ੍ਰਿਕਾ ਸਰਕਾਰ ਦੀਆਂ ਪਹਿਲਕਦਮੀਆਂ, ਯੋਜਨਾਵਾਂ ਅਤੇ ਕਰੰਟ ਅਫੇਅਰਸ ਬਾਰੇ ਜਾਣਕਾਰੀ ਪਹੁੰਚਾਉਣ ਦਾ ਇੱਕ ਕੀਮਤੀ ਮਾਧਿਅਮ ਹੈ। ਇਹ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਆਮ ਲੋਕਾਂ ਦੇ ਲਈ ਬਹੁਤ ਮਹੱਤਵਪੂਰਨ ਹੈ।

nikhil4249@gmail.com

ਵਿਕਾਸ ਅਤੇ ਪਰਿਵਰਤਨਕਾਰੀ ਕਾਰਜਾਂ ਦੀ ਮਿਲਦੀ ਹੈ ਜਾਣਕਾਰੀ

ਮੈਂ ਨਿਊ ਇੰਡੀਆ ਸਮਾਚਾਰ ਦੀ ਪੂਰੀ ਸੰਪਾਦਕੀ ਟੀਮ ਦੀ ਦਿਲੋਂ ਤਾਰੀਫ ਕਰਦਾ ਹਾਂ। ਇਹ ਬਹੁਤ ਜਾਣਕਾਰੀ ਦੇਣ ਵਾਲਾ ਅਤੇ ਕੰਮ ਦਾ ਪਬਲਿਕੇਸ਼ਨ ਹੈ। ਇੱਕ ਨਿਯਮਿਤ ਪਾਠਕ ਹੋਣ ਦੇ ਨਾਤੇ, ਮੈਨੂੰ ਇਹ ਪੱਤ੍ਰਿਕਾ ਪੂਰੇ ਭਾਰਤ ਵਿੱਚ ਹੋ ਰਹੇ ਜ਼ਰੂਰੀ ਵਿਕਾਸ ਅਤੇ ਪਰਿਵਰਤਨਕਾਰੀ ਕਾਰਜਾਂ ਦੀ ਜਾਣਕਾਰੀ ਦਾ ਇੱਕ ਕੀਮਤੀ ਮਾਧਿਅਮ ਲਗਦੀ ਹੈ।

michaelbks@gmail.com

ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਅਤੇ ਲੇਖਣ ਕਾਰਜਾਂ ਵਿੱਚ ਮਿਲਦੀ ਹੈ ਮਦਦ

ਮੈਂ ਕਰਨਾਟਕ ਦੇ ਬਾਗਲਕੋਟ ਜ਼ਿਲ੍ਹੇ ਦਾ ਰਹਿਣ ਵਾਲਾ ਇੱਕ ਵਿਦਿਆਰਥੀ ਅਤੇ ਲੇਖਕ ਹਾਂ। ਮੈਂ ਆਪਣੀ ਪੜ੍ਹਾਈ, ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਅਤੇ ਲੇਖਣ ਕਾਰਜਾਂ ਦੇ ਲਈ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਪੜ੍ਹਦਾ ਰਹਿੰਦਾ ਹਾਂ। ਇਹ ਇੱਕ ਬਿਹਤਰੀਨ ਪੱਤ੍ਰਿਕਾ ਹੈ ਜਿਸ ਵਿੱਚ ਬਹੁਤ ਸਾਰੀ ਜਾਣਕਾਰੀ ਰਹਿੰਦੀ ਹੈ।

rahimanpoetry@gmail.com

ਮਿਲਦੀ ਹੈ ਬਹੁਤ ਸਾਰੀ ਜਾਣਕਾਰੀ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਬਹੁਤ ਹੀ ਚੰਗੀ ਹੈ। ਮੈਂ ਇਸ ਦਾ ਹਰ ਅੰਕ ਪੜ੍ਹਦਾ ਹਾਂ। ਮੈਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਦੇਸ਼ ਦੌਰੇ ਅਤੇ ਵਿਦੇਸ਼ ਨੀਤੀ ਬਾਰੇ ਜਾਣਕਾਰੀ ਲੈਣ ਦੇ ਲਈ ਬਹੁਤ ਹੀ ਉਤਸੁਕ ਰਹਿੰਦਾ ਹਾਂ। ਮੈਂ ਇਸ ਨੂੰ ਔਨਲਾਈਨ ਪੜ੍ਹਦਾ ਹਾਂ। ਇਸ ਵਿੱਚ ਮੈਨੂੰ ਬਹੁਤ ਜਾਣਕਾਰੀ ਮਿਲਦੀ ਹੈ।

ashishprabhatmishra@gmail.com

ਭਾਰਤ ਦੇ ਵਿਕਾਸ, ਯੋਜਨਾ ਅਤੇ ਬਦਲਦੇ ਸਰੂਪ ਦੀ ਮਾਰਗਦਰਸ਼ਿਕਾ

ਮੈਂ ਪ੍ਰਤੀਯੋਗਿਤਾ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹਾਂ। ਇਸ ਦੌਰਾਨ ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਬਾਰੇ ਪਤਾ ਚੱਲਿਆ। ਮੈਨੂੰ ਅਹਿਸਾਸ ਹੋਇਆ ਕਿ ਇਹ ਪੱਤ੍ਰਿਕਾ ਨਹੀਂ ਸਗੋਂ ਭਾਰਤ ਦੇ ਵਿਕਾਸ, ਯੋਜਨਾਵਾਂ ਅਤੇ ਬਦਲਦੇ ਰੂਪ ਦੀ ਮਾਰਗਦਰਸ਼ਿਕਾ ਹੈ। ਇਹ ਪੱਤ੍ਰਿਕਾ ਪਾਠਕਾਂ ਦੇ ਲਈ ਗਿਆਨ ਦਾ ਖਜ਼ਾਨਾ ਹੈ।

ਸੁਨੀਲ ਕੁਮਾਰ ਬੋਹਰਾ

bohramadawas@gmail.com

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077,ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

ਈਮੇਲ- response-nis@pib.gov.in



140 ਕਰੋੜ ਭਾਰਤੀ ਮਿਲ ਕੇ...

ਭਾਰਤ ਨੂੰ ਬਣਾਉਣਗੇ ਵਿਕਸਿਤ ਅਤੇ ਆਤਮਨਿਰਭਰ

ਭਾਰਤ ਦਾ ਤੇਜ਼ ਵਿਕਾਸ ਅਤੇ ਮਜ਼ਬੂਤ ਅਰਥਵਿਵਸਥਾ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਹੁਣ ਸੁਸਤੀ ਛੱਡ ਕੇ ਤੇਜ਼ੀ ਨਾਲ ਫ਼ੈਸਲੇ ਲੈਣ ਲੱਗਿਆ ਹੈ। ਆਲਮੀ ਸਥਿਰਤਾ ਦਰਮਿਆਨ ਦੇਸ਼ ਦੀ 7.8% ਵਿਕਾਸ ਦਰ ਆਰਥਿਕ ਮਜ਼ਬੂਤੀ ਦਾ ਪ੍ਰਮਾਣ ਹੈ। ਦਿੱਲੀ ਯੂਨੀਵਰਸਿਟੀ ਦੇ ਸ਼੍ਰੀ ਰਾਮ ਕਾਲਜ ਆਫ਼ ਕਾਮਰਸ ਦੇ 100 ਵਰ੍ਹੇ ਪੂਰੇ ਹੋਣ 'ਤੇ 5 ਸਤੰਬਰ ਨੂੰ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ 140 ਕਰੋੜ ਦੇਸ਼ਵਾਸੀ ਮਿਲ ਕੇ ਭਾਰਤ ਨੂੰ ਬਣਾਉਣਗੇ ਵਿਕਸਿਤ ਅਤੇ ਆਤਮਨਿਰਭਰ...

ਜਦੋਂ ਕੋਈ ਸੰਸਥਾਨ ਆਪਣੇ 100 ਵਰ੍ਹੇ ਪੂਰੇ ਕਰਦਾ ਹੈ, ਤਾਂ ਉਹ ਅਣਗਿਣਤ ਪ੍ਰਾਪਤੀਆਂ ਅਤੇ ਪ੍ਰੇਰਣਾਵਾਂ ਦਾ ਮਹਾਸਾਗਰ ਬਣ ਜਾਂਦਾ ਹੈ। ਸ਼੍ਰੀ ਰਾਮ ਕਾਲਜ ਆਫ਼ ਕਾਮਰਸ (ਐੱਸਆਰਸੀਸੀ) ਦੀ 100 ਵਰ੍ਹਿਆਂ ਦੀਆਂ ਇਤਿਹਾਸਕ ਉਪਲਬਧੀਆਂ ਦੇਸ਼ ਅਤੇ ਸਿੱਖਿਆ ਜਗਤ ਦੋਵਾਂ ਦੇ ਲਈ ਮਾਣ ਵਧਾਉਣ ਵਾਲੀਆਂ ਹਨ। ਦਰਿਆਗੰਜ ਦੀ ਇੱਕ ਛੋਟੀ ਜਿਹੀ ਇਮਾਰਤ ਤੋਂ ਸ਼ੁਰੂ ਹੋ ਕੇ ਇੱਕ ਵੱਕਾਰੀ ਸਿੱਖਿਆ ਸੰਸਥਾਨ ਬਣਨ ਤੱਕ ਦੀ ਕਾਲਜ ਦੀ ਵਿਕਾਸ ਯਾਤਰਾ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਨੇ ਕਈ ਪੀੜ੍ਹੀਆਂ ਦੇ ਭਵਿੱਖ ਨੂੰ ਪੋਸ਼ਿਤ ਕੀਤਾ ਹੈ। ਅੱਜ ਇਸ ਕਾਲਜ ਦੇ ਨਾਂ ਤੋਂ ਇੱਕ ਵੱਖਰਾ ਹੀ ਮਾਣ ਮਹਿਸੂਸ ਹੁੰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ 'ਅੱਜ ਵੀ ਡੀਯੂ ਵਿੱਚ ਸਿਰਫ਼ ਇਹ ਕਹਿ ਦੇਣਾ ਹੀ ਆਪਣੇ ਆਪ ਵਿੱਚ ਇੱਕ ਮਾਣ ਦਾ ਵਿਸ਼ਾ ਹੈ ਕਿ ਤੁਸੀਂ ਐੱਸਆਰਸੀਸੀ ਤੋਂ ਹੋ।'

ਕਾਲਜ ਦੀ ਸਮ੍ਰਿੱਧ ਵਿਰਾਸਤ ਦੀ ਸ਼ਲਾਘਾ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇੱਥੇ ਦੇ ਵਿਦਿਆਰਥੀਆਂ ਨੇ ਕਈ ਖੇਤਰਾਂ ਵਿੱਚ ਆਲਮੀ ਪੱਧਰ 'ਤੇ ਸੰਸਥਾਨ ਦਾ ਨਾਂ ਰੌਸ਼ਨ ਕੀਤਾ ਹੈ। ਸਵ: ਅਰੁਣ ਜੇਟਲੀ ਅਤੇ ਸੰਜੀਵ ਸਾਨਿਆਲ ਜਿਹੇ ਪ੍ਰਸਿੱਧ ਸਾਬਕਾ ਵਿਦਿਆਰਥੀਆਂ ਦੇ ਨਾਲ ਕੰਮ ਦੇ ਆਪਣੇ ਨਿਜੀ ਅਨੁਭਵਾਂ ਨੂੰ ਯਾਦ ਕਰਦੇ ਹੋਏ ਨਾਲ ਕਿਹਾ ਕਿ ਇਸ ਕਾਲਜ ਤੋਂ ਪੜ੍ਹੇ ਲੋਕ ਕਲਾਕਾਰ, ਰਾਜਨੇਤਾ ਅਤੇ ਜੱਜ ਬਣ ਕੇ ਦੇਸ਼ ਦੀ ਸੇਵਾ ਕਰ ਰਹੇ ਹਨ।

ਅਤੀਤ ਦੀਆਂ ਚੁਣੌਤੀਆਂ ਦੀ ਤੁਲਨਾ ਅੱਜ ਦੀਆਂ ਪ੍ਰਾਪਤੀਆਂ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅੱਤਵਾਦ ਨੂੰ ਹਰਾ ਦਿੱਤਾ ਗਿਆ ਹੈ, ਹਥਿਆਰਬੰਦ ਬਲ ਹੁਣ ਦੁਸ਼ਮਣਾਂ ਦੇ ਘਰ ਵਿੱਚ ਘੁਸ ਕੇ ਹਮਲਾ ਕਰ ਰਹੇ ਹਨ। ਜੰਮੂ-ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬ ਤੱਕ ਸ਼ਾਂਤੀ ਬਹਾਲ ਹੋ ਚੁੱਕੀ ਹੈ।

ਆਯਾਤਕ ਤੋਂ ਨਿਰਯਾਤਕ ਬਣਿਆ...

'ਮੇਕ ਇਨ ਇੰਡੀਆ' ਪਹਿਲਕਦਮੀ ਦੀਆਂ ਪ੍ਰਾਪਤੀਆਂ ਨੇ ਦੇਸ਼ ਨੂੰ ਵੱਡੇ ਆਯਾਤਕ ਤੋਂ ਦੁਨੀਆ ਦਾ ਪ੍ਰਮੁੱਖ ਨਿਰਯਾਤਕ ਬਣਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਦੇਸ਼ ਦਾ ਸਮਾਰਟਫੋਨ ਐਕਸਪੋਰਟ 2.5 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ, ਉੱਥੇ ਹੀ ਸਵਦੇਸ਼ੀ ਰੱਖਿਆ ਉਤਪਾਦਨ ਲਗਭਗ 2 ਲੱਖ ਕਰੋੜ ਰੁਪਏ ਦੇ ਰਿਕਾਰਡ ਪੱਧਰ 'ਤੇ ਪਹੁੰਚ ਚੁੱਕਿਆ ਹੈ। 2013-14 ਵਿੱਚ ਜਿੱਥੇ ਰੱਖਿਆ ਨਿਰਯਾਤ ਸਿਰਫ਼ 600-700 ਕਰੋੜ ਰੁਪਏ ਸੀ, ਉੱਥੇ ਅੱਜ ਇਹ ਵਧ ਕੇ 40,000 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਪੱਕੇ ਅਤੇ ਅਟੱਲ ਸੰਕਲਪ...

ਨੌਜਵਾਨ ਸ਼ਕਤੀ ਅਤੇ 140 ਕਰੋੜ ਦੇਸ਼ਵਾਸੀਆਂ ਦੀ ਸਮਰੱਥਾ 'ਤੇ ਅਟੁੱਟ ਭਰੋਸਾ ਜਤਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਸਮ੍ਰਿੱਧ, ਆਤਮਨਿਰਭਰ ਅਤੇ ਵਿਕਸਿਤ ਭਾਰਤ ਦਾ ਰੋਡਮੈਪ ਸਾਹਮਣੇ ਰੱਖਿਆ। ਆਉਣ ਵਾਲੇ ਸਮੇਂ ਦੇ ਵੱਡੇ ਟੀਚਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਭਾਰਤ ਨੂੰ ਖੇਤੀਬਾੜੀ ਨਿਰਯਾਤ ਦਾ ਗਲੋਬਲ ਹੱਬ ਬਣਾਉਣਾ ਹੈ। ਆਪਣਾ ਸਪੇਸ ਸਟੇਸ਼ਨ ਸਥਾਪਿਤ ਕਰਨਾ ਹੈ ਅਤੇ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਵੀ ਕਰਨੀ ਹੈ। ਪੀਐੱਮ ਮੋਦੀ ਨੇ ਕਿਹਾ ਕਿ ਇਹ ਸਿਰਫ਼ ਗੱਲਾਂ ਨਹੀਂ ਹਨ, ਇਹ ਸਾਡੇ ਪੱਕੇ ਅਤੇ ਅਟੱਲ ਸੰਕਲਪ ਹਨ।



ਐੱਸਆਰਸੀਸੀ ਦੇ ਸ਼ਤਾਬਦੀ ਵਰ੍ਹੇ ਪ੍ਰੋਗਰਾਮ ਵਿੱਚ ਮੈਟ੍ਰੋ ਰੇਲ ਦੀ ਸਵਾਰੀ ਕਰਕੇ ਪਹੁੰਚੇ ਪੀਐੱਮ ਮੋਦੀ, ਬੱਚਿਆਂ ਨਾਲ ਗੱਲਬਾਤ ਕੀਤੀ।

ਭਾਰਤੀ ਦੁਨੀਆ ਦੀ ਅਗਵਾਈ ਕਰ ਰਹੇ ਹਨ...

21ਵੀਂ ਸਦੀ ਦੇ ਨੌਜਵਾਨਾਂ ਦੀ ਅਭਿਲਾਸ਼ੀ ਸੋਚ ਦਾ ਹੀ ਨਤੀਜਾ ਹੈ ਕਿ ਦੇਸ਼ ਦੇ ਨੌਜਵਾਨ ਸਟਾਰਟਅੱਪ ਅਤੇ ਯੂਨੀਕੌਰਨ ਜਿਹੇ ਖੇਤਰ ਵਿੱਚ ਦੁਨੀਆ ਵਿੱਚ ਮੋਹਰੀ ਹੋਣ ਦੀ ਦਿਸ਼ਾ ਵਿੱਚ ਅੱਗੇ ਵਧ ਰਹੇ ਹਨ। ਨੌਜਵਾਨਾਂ ਨੂੰ ਪਿਛਲੀ ਪੀੜ੍ਹੀਆਂ ਤੋਂ ਵੀ ਵੱਡੇ ਸੁਪਨੇ ਦੇਖਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਜਦੋਂ ਭਾਰਤੀ ਦੁਨੀਆ ਦੀ ਦਿੱਗਜ ਕੰਪਨੀਆਂ ਦੀ ਕਮਾਨ ਸੰਭਾਲ ਰਹੇ ਹਨ, ਤਾਂ ਫਿਰ ਭਾਰਤੀਆਂ ਦੀਆਂ ਬਣਾਈਆਂ ਕੰਪਨੀਆਂ ਪੂਰੀ ਦੁਨੀਆ ਦੀ ਅਗਵਾਈ ਕਿਉਂ ਨਹੀਂ ਕਰ ਸਕਦੀਆਂ?

> *ਮੈਨੂੰ ਵਿਸ਼ਵਾਸ ਹੈ... ਅਸੀਂ 140 ਕਰੋੜ ਭਾਰਤੀ ਮਿਲ ਕੇ ਆਪਣੇ ਦੇਸ਼ ਨੂੰ ਵਿਕਸਿਤ ਵੀ ਬਣਾਵਾਂਗੇ... ਆਤਮਨਿਰਭਰ ਵੀ ਬਣਾਵਾਂਗੇ। ਮੈਂ ਛੋਟੇ ਅਤੇ ਅਸਾਨ ਟੀਚਿਆਂ ਨੂੰ ਲੈ ਕੇ ਚੱਲਣ ਵਾਲਾ ਵਿਅਕਤੀ ਨਹੀਂ ਹਾਂ। ਮੈਂ ਦੇਸ਼ ਦੇ ਲਈ ਵੱਡੇ ਟੀਚੇ ਰੱਖਦਾ ਹਾਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਲਈ ਜੀ-ਜਾਨ ਲਗਾ ਦਿੰਦਾ ਹਾਂ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਅੱਜ ਪੂਰੀ ਦੁਨੀਆ ਭਾਰਤ ਦੀ ਨੀਤੀਗਤ ਗਤੀਸ਼ੀਲਤਾ ਅਤੇ ਸਭ ਤੋਂ ਤੇਜ਼ੀ ਨਾਲ ਵਧਦੀ ਪ੍ਰਮੁੱਖ ਅਰਥਵਿਵਸਥਾ ਦੇ ਰੂਪ ਵਿੱਚ ਸ਼ਲਾਘਾ ਕਰ ਰਿਹਾ ਹੈ। ਪੱਛਮ ਏਸ਼ੀਆ ਦੇ ਯੁੱਧ ਅਤੇ ਆਲਮੀ ਵਪਾਰਕ ਰੁਕਾਵਟਾਂ ਦਰਮਿਆਨ 7.8 ਪ੍ਰਤੀਸ਼ਤ ਦੀ ਤਿਮਾਹੀ ਵਿਕਾਸ ਦਰ ਹਾਸਲ ਕਰਨਾ ਭਾਰਤ ਦੀ ਪੁਲਾੜ ਅੰਦਰੂਨੀ ਸਮਰੱਥਾ ਨੂੰ ਦਰਸਾਉਂਦਾ ਹੈ।

ਆਲੋਚਕਾਂ ਨੂੰ ਇਨ੍ਹਾਂ ਅੰਕੜਿਆਂ ਦੁਆਰਾ ਦਿੱਤਾ ਜਵਾਬ

ਆਲੋਚਨਾ ਕਰਨ ਵਾਲਿਆਂ ਨੂੰ ਜਵਾਬ ਦੇਣ ਦੇ ਲਈ ਅਰਥਵਿਵਸਥਾ ਦੇ ਠੋਸ ਅੰਕੜੇ ਪੇਸ਼ ਕਰਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਸਿਆ ਕਿ ਅਪ੍ਰੈਲ ਤੋਂ ਜੂਨ ਦੇ ਦਰਮਿਆਨ ਬਿਜਲੀ ਉਤਪਾਦਨ ਵਿੱਚ 9 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦਕਿ ਕੁੱਲ ਵਾਹਨਾਂ ਦੀ ਵਿਕਰੀ ਵਿੱਚ 20 ਪ੍ਰਤੀਸ਼ਤ ਤੋਂ ਵੱਧ ਦਾ ਉਛਾਲ ਆਇਆ, ਜਿਸ ਵਿੱਚ ਦੋ ਪਹੀਆ ਵਾਹਨਾਂ ਵਿੱਚ 20% ਅਤੇ ਤਿੰਨ ਪਹੀਆ ਵਾਹਨਾਂ ਵਿੱਚ ਲਗਭਗ 30% ਦਾ ਵਾਧਾ ਸ਼ਾਮਲ ਹੈ। ਉਨ੍ਹਾਂ ਨੇ ਤਰਕ ਦਿੱਤਾ ਕਿ ਸਟੀਲ ਅਤੇ ਸੀਮੇਂਟ ਦੀ ਖਪਤ ਵਿੱਚ 8% ਦਾ ਵਾਧਾ ਇਹ ਸਾਬਤ ਕਰਦਾ ਹੈ ਕਿ ਨਿਰਮਾਣ, ਆਵਾਸ ਅਤੇ ਵਪਾਰਕ ਗਤੀਵਿਧੀਆਂ ਦਾ ਤੇਜ਼ੀ ਨਾਲ ਵਿਸਤਾਰ ਹੋ ਰਿਹਾ ਹੈ। ਮਾਰਚ 2014 ਤੱਕ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਦੇ ਕੋਲ ਬੈਂਕ ਖਾਤੇ ਤੱਕ ਨਹੀਂ ਸਨ, ਜਦਕਿ ਅੱਜ ਜਨ-ਧਨ ਯੋਜਨਾ ਦੇ ਜ਼ਰੀਏ ਲਗਭਗ 60 ਕਰੋੜ ਨਾਗਰਿਕ ਬੈਂਕਿੰਗ ਸਿਸਟਮ ਨਾਲ ਜੁੜ ਚੁੱਕੇ ਹਨ।■

ਪੀਐੱਮ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਭਾਰਤ ਦੀ ਅਗਵਾਈ ਵਿੱਚ ਮਨੁੱਖਤਾ ਦੀ ਮਿਸਾਲ ਬਣਿਆ ਬ੍ਰਿਕਸ 2026



ਭਾਰਤ ਪਹਿਲੇ ਦਿਨ ਤੋਂ ਬ੍ਰਿਕਸ ਦੀ ਕਹਾਣੀ ਦਾ ਹਿੱਸਾ ਰਿਹਾ ਹੈ। ਅੱਜ ਪ੍ਰਿਥਵੀ 'ਤੇ ਹਰ ਦੂਸਰਾ ਵਿਅਕਤੀ ਕਿਸੇ ਬ੍ਰਿਕਸ ਦੇਸ਼ ਵਿੱਚ ਰਹਿੰਦਾ ਹੈ। ਇਹ ਸਮੂਹ ਦੁਨੀਆ ਦੀ ਲਗਭਗ 50% ਆਬਾਦੀ, 40% ਜੀਡੀਪੀ ਅਤੇ 25% ਤੋਂ ਵੱਧ ਵਪਾਰ ਦੀ ਪ੍ਰਤੀਨਿਧਤਾ ਕਰਦਾ ਹੈ। ਬੀਤੇ 20 ਵਰ੍ਹਿਆਂ ਵਿੱਚ ਆਲਮੀ ਅਰਥਵਿਵਸਥਾ ਢਾਈ ਗੁਣਾ ਵਧੀ, ਜਦਕਿ ਬ੍ਰਿਕਸ ਦੇਸ਼ਾਂ ਦੀ ਸੰਯੁਕਤ ਜੀਡੀਪੀ ਸਾਢੇ ਚਾਰ ਗੁਣਾ ਵਧੀ ਹੈ। ਇਸ ਵਰ੍ਹੇ 12-13 ਸਤੰਬਰ 2026 ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਸੰਪੰਨ 18ਵੇਂ ਬ੍ਰਿਕਸ ਸਮਿਟ ਨੇ ਬ੍ਰਿਕਸ ਦੀ ਯਾਤਰਾ ਦੇ 20 ਵਰ੍ਹਿਆਂ ਦਾ ਉਤਸਵ ਮਨਾਇਆ। 2026 ਵਿੱਚ ਚੌਥੀ ਵਾਰ ਪ੍ਰਧਾਨਗੀ ਸੰਭਾਲਦੇ ਹੋਏ ਭਾਰਤ ਨੇ 'ਲਚਕੀਲਾਪਣ , ਨਵੀਨਤਾ, ਸਹਿਯੋਗ ਅਤੇ ਟਿਕਾਊ ਵਿਕਾਸ ਦੇ ਲਈ ਨਿਰਮਾਣ' ਦੀ ਥੀਮ ਦਿੱਤੀ। ਇਹ ਓਹੀ ਮੰਤਰ ਹੈ ਜੋ ਬੀਤੇ 12 ਵਰ੍ਹਿਆਂ ਤੋਂ ਭਾਰਤ ਦੀ ਆਰਥਿਕ ਨੀਤੀ ਦਾ ਅਧਾਰ ਹੈ। ਵਧਦੀਆਂ ਵਪਾਰਕ ਰੁਕਾਵਟਾਂ ਦਰਮਿਆਨ ਭਾਰਤ ਆਰਥਿਕ ਪੁਲ ਅਤੇ ਭਰੋਸੇ ਦਾ ਨਾਂ ਬਣਿਆ ਹੈ ਤਾਂ 'ਨਿਊ ਦਿੱਲੀ ਡੈਕਲੇਰੇਸ਼ਨ' ਦੇ ਨਾਲ ਬ੍ਰਿਕਸ ਨੂੰ ਦਿੱਤੀ ਹੈ ਇੱਕ ਨਵੀਂ, ਵਧੇਰੇ ਪ੍ਰਭਾਵਸ਼ਾਲੀ ਮਨੁੱਖੀ ਦਿਸ਼ਾ...



18ਵੇਂ ਬ੍ਰਿਕਸ ਸਮਿਟ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਵਾਂ ਭਾਰਤ ਅੱਜ ਆਲਮੀ ਅਨਿਸ਼ਚਿਤਤਾਵਾਂ ਦਰਮਿਆਨ ਗ੍ਰੋਥ ਅਤੇ ਸਥਿਰਤਾ ਦਾ ਭਰੋਸਾ ਦੇ ਰਿਹਾ ਹੈ। ਅੱਜ ਜਦੋਂ ਦੁਨੀਆ ਵਿੱਚ ਟ੍ਰੇਡ ਬੈਰੀਅਰਸ ਵਧ ਰਹੇ ਹਨ, ਤਾਂ ਭਾਰਤ ਆਰਥਿਕ ਪੁਲ ਬਣਾ ਰਿਹਾ ਹੈ। ਸੰਯੁਕਤ ਰਾਸ਼ਟਰ ਹੋਵੇ ਜਾਂ ਜੀ-20 ਜਾਂ ਹੋਰ ਪ੍ਰਭਾਵਸ਼ਾਲੀ ਸਮੂਹ, ਭਾਰਤ ਅੱਜ ਆਲਮੀ ਸੰਸਥਾਵਾਂ ਦੀ ਪ੍ਰਧਾਨਗੀ ਕਰਦੇ ਹੋਏ ਵਸੁਧੈਵ ਕੁਟੁੰਬਕਮ੍ ਦੀ ਭਾਵਨਾ ਦੇ ਨਾਲ ਦੁਨੀਆ ਨੂੰ ਨਵਾਂ ਆਕਾਰ, ਨਵੀਂ ਦਿਸ਼ਾ ਦੇ ਰਿਹਾ ਹੈ। ਇਸੇ ਕੜੀ ਵਿੱਚ ਬ੍ਰਿਕਸ 2026 ਦੀ ਪ੍ਰਧਾਨਗੀ ਕਰਦੇ ਹੋਏ ਭਾਰਤ ਨੇ ਦੁਨੀਆ ਨੂੰ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਜੇਕਰ ਸਾਡਾ ਭਵਿੱਖ ਸਾਂਝਾ ਹੈ, ਤਾਂ ਉਸ ਦੇ ਨਿਰਮਾਣ ਦਾ ਅਧਿਕਾਰ ਵੀ ਸਾਂਝਾ ਹੋਣਾ ਚਾਹੀਦਾ ਹੈ। ਭਾਰਤ ਦੇ ਵਿਜ਼ਨ ਦਾ ਹੀ ਨਤੀਜਾ ਹੈ ਕਿ ਅੱਜ ਬ੍ਰਿਕਸ ਦੇਸ਼ ਗਲੋਬਲ ਇਨੋਵੇਸ਼ਨ ਅਤੇ ਹੱਲ ਦੇ ਮਹੱਤਵਪੂਰਨ ਕੇਂਦਰ ਬਣ ਰਹੇ ਹਨ। ਨਵੀਂ ਦਿੱਲੀ ਵਿੱਚ ਆਯੋਜਿਤ ਬ੍ਰਿਕਸ ਸੰਮੇਲਨ– 2026 ਨੇ ਦੁਨੀਆ ਨੂੰ ਚੁਣੌਤੀਆਂ ਦੇ ਹੱਲ ਦਾ ਮਨੁੱਖੀ ਦ੍ਰਿਸ਼ਟੀਕੋਣ ਦਿੱਤਾ ਹੈ।

ਅੱਜ ਜਦੋਂ ਦੁਨੀਆ ਇੱਕੋ ਸਮੇਂ ਕਈ ਮੋਰਚਿਆਂ 'ਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਭਾਵੇਂ ਉਹ ਜਲਵਾਯੂ ਸੰਕਟ ਹੋਵੇ, ਗਲੋਬਲ ਸਪਲਾਈ ਚੇਨ ਵਿੱਚ ਵਿਘਨ ਹੋਵੇ ਜਾਂ ਬਹੁਪੱਖੀ ਸੰਸਥਾਵਾਂ ਦੀ ਸੁਸਤ ਕਾਰਜਸ਼ੈਲੀ, ਅਜਿਹੇ ਸਮੇਂ ਵਿੱਚ ਬ੍ਰਿਕਸ ਜਿਹੇ ਪਲੈਟਫਾਰਮ ਦੀ ਭੂਮਿਕਾ ਹੋਰ ਮਹੱਤਵਪੂਰਨ ਹੋ ਜਾਂਦੀ ਹੈ। ਹੁਣ ਬ੍ਰਿਕਸ ਸਿਰਫ਼ ਆਰਥਿਕ ਚਰਚਾਵਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਆਲਮੀ ਸ਼ਾਸਨ ਸੁਧਾਰ ਤੋਂ ਲੈ ਕੇ ਤਕਨੀਕ, ਸਿਹਤ, ਸਿੱਖਿਆ ਅਤੇ ਜਲਵਾਯੂ ਤੱਕ ਸਾਰੇ

> *“ਭਾਰਤ ਨੇ ਬ੍ਰਿਕਸ ਦੇ ਪਲੈਟਫਾਰਮ ਤੋਂ ਦੋਸਤੀ, ਸ਼ਮੂਲੀਅਤ ਅਤੇ ਸਹਿਯੋਗ ਨੂੰ ਅੱਗੇ ਵਧਾਇਆ ਹੈ। ਸਾਡਾ ਯਤਨ ਰਿਹਾ ਹੈ ਕਿ ਬ੍ਰਿਕਸ ਕੋਆਪ੍ਰੇਸ਼ਨ ਸਿਰਫ਼ ਸਰਕਾਰਾਂ ਤੱਕ ਸੀਮਤ ਨਾ ਰਹੇ। ਸਾਡੇ entrepreneurs, farmers, researchers, women, youth ਅਤੇ ਸਧਾਰਣ ਨਾਗਰਿਕ ਵੀ ਇਸ ਦੇ ਸਰਗਰਮ ਭਾਗੀਦਾਰ ਬਣਨ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਖੇਤਰ ਵਿੱਚ ਮਜ਼ਬੂਤ ਅਤੇ ਨਿਰਣਾਇਕ ਪਹਿਲਕਦਮੀ ਕਰ ਰਿਹਾ ਹੈ। ਭਾਰਤ ਬ੍ਰਿਕਸ ਦਾ ਸੰਸਥਾਪਕ ਮੈਂਬਰ ਹੈ ਅਤੇ ਹੁਣ ਤੱਕ ਚਾਰ ਵਾਰ- 2012, 2016, 2021 ਅਤੇ 2026 ਵਿੱਚ ਇਸ ਦੀ ਪ੍ਰਧਾਨਗੀ ਕਰ ਚੁੱਕਿਆ ਹੈ। ਆਪਣੀ ਹਰ ਪ੍ਰਧਾਨਗੀ ਵਿੱਚ ਭਾਰਤ ਨੇ ਇਸ ਪਲੈਟਫਾਰਮ ਨੂੰ ਨਵੀਂ ਦਿਸ਼ਾ ਦਿੱਤੀ ਹੈ।

2026 ਦੀ ਪ੍ਰਧਾਨਗੀ ਦੇ ਲਈ ਭਾਰਤ ਨੇ ਚਾਰ ਥੰਮ੍ਹ ਤੈਅ ਕੀਤੇ ਸਨ- ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਟਿਕਾਊ ਵਿਕਾਸ (ਬਿਲਡਿੰਗ ਫੌਰ ਰੈਜ਼ੀਲੀਐਂਸ, ਇਨੋਵੇਸ਼ਨ, ਕੋਆਪ੍ਰੇਸ਼ਨ ਐਂਡ ਸਸਟੇਨੇਬਿਲਿਟੀ)। ਇਹ ਸੋਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2025 ਵਿੱਚ ਬ੍ਰਾਜ਼ੀਲ ਦੇ ਰੀਓ ਡੀ ਜੇਨੇਰੀਓ

ब्रिक्स: आधी दुनीआ, 40 फीसदी ताकत

मैंबर देश	11 (ब्राज़ील, रूस, भारत, चीन, दक्षिण अफ्रीका, मिस्र, इथीयोपीआ, इंडोनेशीआ, ईरान, सऊदी अरब, संयुक्त अरब अमीरात)
ब्रिक्स + भागीदार देश (कुल परिवार)	21 देश
आलमी जनसंखिआ विच हिस्सेदारी	लगभग 50%
आलमी जीडीपी विच हिस्सेदारी	लगभग 40%
आलमी वपार विच हिस्सेदारी	लगभग 25%
पिछले 20 वरिआं विच आलमी जीडीपी वाधा	लगभग ढाई गुणा
इसे मिआद विच ब्रिक्स देशां दा संयुक्त जीडीपी वाधा	लगभग साढे चार गुणा
भारत दी प्रधानगी विच आयोजित मीटिंगां/प्रोगराम	400 तों वध
इन्हां मीटिंगां दी मेज़बानी करन वाले भारती शहिर	30 तों वध
ब्रिक्स महिला वपार गठबंधन मीटिंग (भारत, 2026) विच भागीदार महिला कारोबारी नेता	लगभग 200

विच आयोजित 17वें ब्रिक्स समिट दौरान रखी सी, जो जन-केंद्रित अते मनुखता पहिलां दृशटीकोण ‘ते अधारित है। इसे सोच नूं भारत ने आपणी प्रधानगी दौरान विवहारक प्रोगरामां विच बदलिआ। इस दे लई आरथिक अते समाजिक लचकीलापन नूं मज़बूत करन तों लै के डिजीटल पबलिक इनफ्रासट्रकचर अते आरटीफिशीअल इंटैलीजैंस जिहीआं नवीआं तकनीकां नूं सांझा करन ‘ते ज़ोर दिंता। भारत दी प्रधानगी दे लई बणाइआ गिआ ब्रिक्स इंडीआ 2026 दा लोगो वी इसे भावना दा प्रतीक है। इस विच फुल्ल दीआं पतीआं सारे ब्रिक्स मैंबर देशां दे जीवंत रंगां नूं दरसाउंदीआं हन, जो उन्हां दी समूहिक ताकत अते एकता नूं उजागर करदीआं हन। विचाले बणिआ ‘नमसते’ भाव भारत दी गरमजोशी, सनमान अते सुमेल भरे सहिजोग दी भावना नूं दरसाउंदा है, जदकि लोकां विच ब्रिक्स दे तिंन मुख थंमु- राजनीतक-सुरखिआ सहिजोग, आरथिक-वित्ती सांझेदारी अते लोकां दरमिआन आपसी संपरक नूं वी सूखमता नाल दरसाइआ गिआ है।



11 देश, इक पलैटफारम इंझ बणिआ ब्रिक्स

ब्रिक्स दुनीआ दे 11 प्रमुख उभरदे बज़ारां अते विकासशील देशां दा समूह है। इस विच ब्राज़ील, रूस, भारत, चीन, दक्षिण अफ्रीका, मिस्र, इथीयोपीआ, इंडोनेशीआ, ईरान, सऊदी अरब अते संयुक्त



ਅਰਬ ਅਮੀਰਾਤ ਸ਼ਾਮਲ ਹੈ। ਇਹ ਸਮੂਹ ਆਲਮੀ ਅਤੇ ਖੇਤਰੀ ਮਹੱਤਵ ਦੇ ਸਮਕਾਲੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਅਤੇ ਸਹਿਯੋਗ ਦੇ ਲਈ ਇੱਕ ਸਸ਼ਕਤ ਪਲੈਟਫਾਰਮ ਦੇ ਰੂਪ ਵਿੱਚ ਕੰਮ ਕਰਦਾ ਹੈ। ਇਸ ਪਲੈਟਫਾਰਮ ਦੀ ਨੀਂਹ 2006 ਵਿੱਚ ਨਿਊਯੌਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੌਕੇ 'ਤੇ ਹੋਈ ਪਹਿਲੀ ਬ੍ਰਿਕ (BRIC) ਵਿਦੇਸ਼ ਮੰਤਰੀ ਮੀਟਿੰਗ ਵਿੱਚ ਰੱਖੀ ਗਈ ਸੀ। ਹਾਲਾਂਕਿ 'ਬ੍ਰਿਕ' ਸੰਖੇਪ ਨਾਂ ਵਰ੍ਹੇ 2001 ਵਿੱਚ ਗੋਲਡਮੈਨ ਸੈਕਸ ਵੱਲੋਂ ਪ੍ਰਕਾਸ਼ਿਤ ਗਲੋਬਲ ਇਕਨੌਮਿਕਸ ਪੇਪਰ 'The World Needs Better Economic BRICs' ਵਿੱਚ ਘੜ੍ਹਿਆ ਗਿਆ ਸੀ। ਇਕਨੌਮੈਟ੍ਰਿਕ ਐਨਾਲਿਸਿਸ ਦੇ ਅਧਾਰ 'ਤੇ ਇਸ ਖੋਜ-ਪੱਤਰ ਵਿੱਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਅਗਲੇ ਪੰਜ ਦਹਾਕਿਆਂ ਦੌਰਾਨ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੋਣਗੇ। ਇਨ੍ਹਾਂ ਦੇਸ਼ਾਂ ਦੀ ਵਧਦੀ ਆਰਥਿਕ ਸ਼ਕਤੀ ਅਤੇ ਤਿੰਨ ਮਹਾਦ੍ਵੀਪਾਂ ਵਿੱਚ ਫੈਲੀ ਉਨ੍ਹਾਂ ਦੀ ਵਿਸ਼ਾਲ ਭੂਗੋਲਿਕ ਪਹੁੰਚ ਨੇ ਉਨ੍ਹਾਂ ਦੇ ਉਭਰਦੇ ਆਲਮੀ ਮਹੱਤਵ ਨੂੰ ਰੇਖਾਂਕਿਤ ਕੀਤਾ। ਇਸ ਤੋਂ ਬਾਅਦ ਬ੍ਰਿਕ ਦੀ ਧਾਰਨਾ ਇੱਕ ਰਸਮੀ ਸਮੂਹ ਦੇ ਰੂਪ ਵਿੱਚ ਵਿਕਸਿਤ ਹੋਈ। ਵਰ੍ਹੇ 2006 ਵਿੱਚ ਇਸ ਦੇ ਗਠਨ ਦੇ

> *ਅੱਜ ਜਦੋਂ ਦੁਨੀਆ ਵਿੱਚ trade barriers ਵਧ ਰਹੇ ਹਨ, ਭਾਰਤ economic bridges ਬਣਾ ਰਿਹਾ ਹੈ। 2014 ਦੇ ਬਾਅਦ ਤੋਂ ਅਸੀਂ ਦੁਨੀਆ ਦੇ ਲਗਭਗ 40 ਦੇਸ਼ਾਂ ਦੇ ਨਾਲ ਫ੍ਰੀ ਟ੍ਰੇਡ ਐਗ੍ਰੀਮੈਂਟ ਕੀਤੇ ਹਨ। BRICS ਵਿੱਚ ਵੀ ਸਾਡੀ ਅਪ੍ਰੋਚ ਇਹੀ ਹੈ, ਬੈਰੀਅਰ ਨੂੰ ਘੱਟ ਕਰਨਾ ਅਤੇ ਬਿਜ਼ਨਸ ਦੇ ਲਈ ਮੌਕੇ ਵਧਾਉਣਾ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਤਿੰਨ ਸਾਲ ਬਾਅਦ, 2009 ਵਿੱਚ ਰੂਸ ਦੇ ਯੇਕਾਤੇਰਿਨਬਰਗ ਵਿੱਚ ਇਸ ਦਾ ਪਹਿਲਾ ਸਮਿਟ ਆਯੋਜਿਤ ਹੋਇਆ।

2010 ਵਿੱਚ ਦੱਖਣ ਅਫਰੀਕਾ ਨੂੰ ਇਸ ਵਿੱਚ ਸ਼ਾਮਲ ਕਰਨ 'ਤੇ ਸਹਿਮਤੀ ਬਣੀ ਅਤੇ 2011 ਵਿੱਚ ਸਾਨਯਾ ਸਮਿਟ ਨਾਲ ਇਹ ਸਮੂਹ ਦੱਖਣ ਅਫਰੀਕਾ

टाईमलाईन: 20 साल का सफर, भारत दीआं चार प्रधानगीआं (2006-2026)

2006	ब्रिक दी सथापना	निऊयॉरक विॱच संयुकत राशटर महासभा दे मौके ‘ते पहिली ब्रिक विदेश मंतरी मीटिंग
2009	पहिला समिट	रूस दे येकातेरिनबरग विॱच आयोजित
2011	ब्रिकस दा जनम	दॱखण अफरीका दे जुड़न नाल ब्रिक, ब्रिकस बणिआ (सानया समिट)
2012	भारत दी पहिली प्रधानगी	चौथा समिट, नवीं दिॱली- विशा: ‘आलमी सथिरता, सुरॱखिआ अते समृॱधी दे लई ब्रिकस सांझेदारी’ दिॱली ऐलान अपनाइआ गिआ
2016	भारती दी दूजी प्रधानगी	8वां समिट, गोआ- विशा: ‘जवाबदेह, समावेशी अते समूहिक हॱल दा निरमाण’ गोआ ऐलान अते बिमसटैॱक आउटरीच
2021	भारत दी तीजी प्रधानगी	13वां समिट, नवीं दिॱली विशा: ‘ब्रिकस@15: निरंतरता, मज़बूती अते सहिमती दे लई सहिजोग’ नवीं दिॱली ऐलान
2024	विसथार दा पहिला पड़ाअ	मिसर, इथीओपीआ, ईरान, सऊदी अरब अते संयुकत अरब अमीरात पूरन मैंबर बणे
2025	विसतार दा दूजा पड़ाअ	इंडोनेशीआ पूरन मैंबर बणिआ, 10 देश भागीदार देश बणे, रीओ डी जेनेरीओ विॱच 17वां समिट
2026	भारत दी चौथी प्रधानगी (ब्रिकस दी 20वीं वरॱगंढ)	18वां समिट, नवीं दिॱली विशा: ‘लचकीलापण , नवीनता, सहिजोग अते टिकाऊ विकास दे लई निरमाण’ नवीं दिॱली डैकलेरेशन (140 पैरागराफ) अपनाइआ गिआ
2027	आगामी प्रधानगी	चीन नूं प्रधानगी अते 19वें समिट दी मेज़बानी सौंपी गई

दे जुड़न तों बाअद रसमी तौर ‘ते ‘ब्रिकस’ बण गिआ।
बीते तिंन वरॱिआं विॱच इस परिवार दा विसतार तेज़ी नाल होइआ है। जनवरी 2024 तों मिसर, इथीओपीआ, ईरान, सऊदी अरब अते संयुकत अरब अमीरात इस दे पूरन मैंबर बणे अते जनवरी 2025 विॱच इंडोनेशीआ वी इस सूची विॱच जुड़ गिआ। इसे साल बेलारूस, बोलिवीआ, कज़ाकिसतान, किऊबा, मलेशीआ, नाईज़ीरीआ, थाईलैंड, युगांडा, उज़बेकिसतान अते वीअतनाम भागीदार देशां दे रूप विॱच ब्रिकस परिवार दा हिॱसा बणे। भाव 20 वरॱिआं दे अंदर चार देशां तों शुरू होइआ इह समूह अॱज 21 देशां दे विशाल परिवार विॱच बदल चुॱकिआ है। इह इॱक अजिहा विसथार है जो इस पलैटफारम दी भरोसेयोगता, महॱतव अते आकरशण नूं दरसाउंदा है।



संघरशां दरमिआन पुल बणिआ भारत

2026 दा साल अजिहे समें विॱच आइआ जदों दुनीआ कई मोरचिआं ‘ते तणाअ नाल जूझ रही सी। इॱक पासे पॱछम एशीआ विॱच संघरश, यूक्रेन-रूस



ਤਣਾਅ ਦੀ ਛਾਂ ਤਾਂ ਦੂਜੇ ਪਾਸੇ ਵਪਾਰ ਵਿੱਚ ਰੁਕਾਵਟਾਂ ਦਾ ਵਧਦਾ ਜਾਲ ਅਤੇ ਬਹੁਪੱਖੀ ਸੰਸਥਾਵਾਂ 'ਤੇ ਘਟਦਾ ਭਰੋਸਾ। ਅਜਿਹੇ ਮਾਹੌਲ ਵਿੱਚ 11 ਵੱਖ-ਵੱਖ ਸੱਭਿਅਤਾਵਾਂ , ਰਾਜਨੀਤਕ ਵਿਵਸਥਾਵਾਂ ਅਤੇ ਆਰਥਿਕ ਹਿਤਾਂ ਵਾਲੇ ਦੇਸ਼ਾਂ ਨੂੰ ਇੱਕ ਪਲੈਟਫਾਰਮ 'ਤੇ ਲਿਆ ਕੇ ਆਮ ਸਹਿਮਤੀ ਤੱਕ ਪਹੁੰਚਾਉਣਾ ਅਸਾਨ ਕੰਮ ਨਹੀਂ ਸੀ। ਭਾਰਤ ਨੇ ਇਹ ਜ਼ਿੰਮੇਵਾਰੀ ਬਖੂਬੀ ਨਿਭਾਈ। 18ਵੇਂ ਸਮਿਟ ਦੇ ਉਦਘਾਟਨੀ ਸੈਸ਼ਨ ਵਿੱਚ ਆਪਣੇ ਬਿਆਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬ੍ਰਿਕਸ ਅੱਜ ਆਪਣੇ 'ਕਮਿੰਗ ਆਫ਼ ਏਜ' ਦੇ ਪਲ ਵਿੱਚ ਹੈ, ਜਿਵੇਂ ਮਨੁੱਖੀ ਜੀਵਨ ਵਿੱਚ 20 ਸਾਲ ਦੀ ਉਮਰ ਪਰਿਪੱਕਤਾ ਅਤੇ ਜ਼ਿੰਮੇਦਾਰੀ ਦਾ ਨਵਾਂ ਅਧਿਆਏ ਸ਼ੁਰੂ ਕਰਦੀ ਹੈ, ਓਵੇਂ ਹੀ ਬ੍ਰਿਕਸ ਵੀ ਹੁਣ ਸੁਪਨਿਆਂ ਦੇ ਨਾਲ ਜ਼ਿੰਮੇਦਾਰੀਆਂ ਜੋੜਨ ਦੇ ਪੜਾਅ ਵਿੱਚ ਪਹੁੰਚ ਚੁੱਕਿਆ ਹੈ। ਉਨ੍ਹਾਂ ਨੇ ਇਸ ਗੱਲ 'ਤੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ ਕਿ ਬ੍ਰਿਕਸ ਦੀ ਤਾਕਤ ਇਸ ਗੱਲ ਵਿੱਚ ਹੈ ਕਿ ਇਹ ਕਿਸੇ ਦੇ ਖ਼ਿਲਾਫ਼ ਨਹੀਂ, ਸਗੋਂ ਸਭ ਨੂੰ ਨਾਲ ਲੈ ਕੇ ਚੱਲਣ ਦੀ ਸੋਚ 'ਤੇ ਅਧਾਰਿਤ ਹੈ। ਮੈਂਬਰ ਦੇਸ਼ ਆਪਸੀ ਸਨਮਾਨ ਦੇ ਨਾਲ ਆਮ ਸਹਿਮਤੀ ਨਾਲ ਅੱਗੇ ਵਧਦੇ ਹਨ। ਪ੍ਰਧਾਨ ਮੰਤਰੀ ਮੋਦੀ ਦੀ ਇਸ ਸੋਚ ਦੀ ਝਲਕ ਨਵੀਂ ਦਿੱਲੀ ਡੈਕਲੇਰੇਸ਼ਨ ਵਿੱਚ ਸਪਸ਼ਟ ਤੌਰ 'ਤੇ ਝਲਕਦੀ ਹੈ। ਇੱਕ ਪਾਸੇ

> ***"ਸਾਡਾ ਭਵਿੱਖ ਸਾਂਝਾ ਹੈ, ਇਸ ਲਈ ਉਸ ਭਵਿੱਖ ਨੂੰ ਆਕਾਰ ਦੇਣ ਦਾ ਅਧਿਕਾਰ ਵੀ ਸਾਂਝਾ ਹੋਣਾ ਚਾਹੀਦਾ ਹੈ – ਆਵਾਜ਼ ਉਠਾਉਣ ਤੋਂ ਲੈ ਕੇ ਪ੍ਰਭਾਵ ਛੱਡਣ ਤੱਕ ਅਤੇ ਖ਼ਾਸ ਅਧਿਕਾਰ ਤੋਂ ਲੈ ਕੇ ਸਾਂਝੇਦਾਰੀ ਤੱਕ।***
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਜਿੱਥੇ ਅੱਤਵਾਦ ਦੇ ਖ਼ਿਲਾਫ਼ ਬੇਹੱਦ ਸਪਸ਼ਟ ਅਤੇ ਸਖ਼ਤ ਭਾਸ਼ਾ ਅਪਣਾਈ ਗਈ। ਅਪ੍ਰੈਲ 2025 ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਐਲਾਨ ਪੱਤਰ ਵਿੱਚ ਅੱਤਵਾਦ ਦੇ ਪ੍ਰਤੀ ਜ਼ੀਰੋ ਟੌਲਰੈਂਸ ਅਤੇ ਦੋਹਰੇ ਮਾਪਦੰਡ ਨਾ ਅਪਣਾਉਣ ਦਾ ਸੱਦਾ ਦਿੱਤਾ ਗਿਆ, ਉੱਥੇ ਹੀ ਦੂਜੇ ਪਾਸੇ ਗਾਜਾ,



ਭਾਰਤ ਦੀ ਪ੍ਰਧਾਨਗੀ ਹੇਠ ਆਯੋਜਿਤ ਬ੍ਰਿਕਸ ਸਮਿਟ

2026 :18ਵੀਂ ਬ੍ਰਿਕਸ ਸਮਿਟ-12 ਅਤੇ 13 ਸਤੰਬਰ 2026 ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਭਾਰਤ ਨੇ ਮੇਜ਼ਬਾਨੀ ਕੀਤੀ। ਥੀਮ-' ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਟਿਕਾਊ ਵਿਕਾਸ ਲਈ ਨਿਰਮਾਣ' ਰਹੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2025 ਵਿੱਚ ਰੀਓ ਸਮਿਟ ਦੇ ਦੌਰਾਨ ਇਸ ਸੋਚ ਨੂੰ ਸਾਹਮਣੇ ਰੱਖਿਆ ਸੀ ਜੋ ' ਮਨੁੱਖਤਾ ਪਹਿਲਾਂ' ਅਤੇ ਜਨ-ਕੇਂਦ੍ਰਿਤ ਸੋਚ 'ਤੇ ਅਧਾਰਿਤ ਹੈ। 2026 ਵਿੱਚ ਬ੍ਰਿਕਸ ਦੀ ਸਥਾਪਨਾ ਦੇ 20 ਵਰ੍ਹੇ ਪੂਰੇ ਹੋਏ।

- ਇਸ ਘੋਸ਼ਣਾ ਪੱਤਰ ਵਿੱਚ 140 ਬਿੰਦੂ ਸ਼ਾਮਲ ਕੀਤੇ ਗਏ। ਇਸ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ, ਅੱਤਵਾਦ ਦੇ ਵਿਰੁੱਧ ਸਖ਼ਤ ਰੁਖ, ਗ੍ਰੋਥ ਅਤੇ ਡਿਵੈਲਪਮੈਂਟ 'ਤੇ ਬ੍ਰਿਕਸ ਟਾਸਕ ਫੋਰਸ, ਬ੍ਰਿਕਸ ਕਨੈਕਟ, ਬ੍ਰਿਕਸ ਅਨਾਜ ਐਕਸਚੇਂਜ, ਜਲਵਾਯੂ ਪਰਿਵਰਤਨ ਅਤੇ ਪੈਰਿਸ ਸਮਝੌਤੇ ਦੇ ਨਾਲ ਹੀ ਨਵੇਂ ਵਿਕਾਸ ਬੈਂਕ ਜਿਹੇ ਪ੍ਰਮੁੱਖ ਬਿੰਦੂ ਸ਼ਾਮਲ ਰਹੇ।

2021 :13ਵੀਂ ਬ੍ਰਿਕਸ ਸਮਿਟ - 9 ਸਤੰਬਰ 2021 ਨੂੰ ਵਰਚੁਅਲ ਆਯੋਜਿਤ ਹੋਈ। ਇਸ ਦੀ ਥੀਮ- 'ਬ੍ਰਿਕਸ @15: ਨਿਰੰਤਰਤਾ, ਮਜ਼ਬੂਤੀ ਅਤੇ ਸਹਿਮਤੀ ਲਈ ਸਹਿਯੋਗ' ਰਹੀ।"

- ਇਸ ਘੋਸ਼ਣਾ ਪੱਤਰ ਵਿੱਚ ਬਹੁਪਖੀ ਵਿਵਸਥਾ ਵਿੱਚ ਸੁਧਾਰ, ਅੱਤਵਾਦ ਨਾਲ ਮੁਕਾਬਲਾ, SDGs ਦੇ ਲਈ ਡਿਜੀਟਲ ਤਕਨੀਕ ਦੀ ਵਰਤੋਂ ਅਤੇ ਲੋਕਾਂ ਦਰਮਿਆਨ ਸੰਪਰਕ ਵਧਾਉਣ 'ਤੇ ਜ਼ੋਰ ਦਿੱਤਾ ਗਿਆ। ਭਾਰਤ ਨੇ ਬ੍ਰਿਕਸ ਦੀ ਕਾਰਜ ਪ੍ਰਣਾਲੀ ਨੂੰ ਸਰਲ ਬਣਾਇਆ ਅਤੇ ਡਿਜੀਟਲ ਹੈਲਥ ਸਮਿਟ ਅਤੇ ਪਹਿਲੀ ਜਲ ਮੰਤਰੀਆਂ ਦੀ ਮੀਟਿੰਗ ਜਿਹੇ ਨਵੇਂ ਪਲੈਟਫਾਰਮ ਸ਼ੁਰੂ ਕੀਤੇ।

2016 : 8ਵੀਂ ਬ੍ਰਿਕਸ ਸਮਿਟ - 15-16 ਅਕਤੂਬਰ 2016 ਨੂੰ ਗੋਆ ਵਿੱਚ ਹੋਈ। ਇਸ ਦੀ ਥੀਮ- 'ਜਵਾਬਦੇਹੀ, ਸਮਾਵੇਸ਼ੀ ਅਤੇ ਸਮੂਹਿਕ ਸਮਾਧਾਨ ਦਾ ਨਿਰਮਾਣ' ਸੀ।

- ਗੋਆ ਘੋਸ਼ਣਾ ਪੱਤਰ ਅਤੇ ਕਾਰਜ ਯੋਜਨਾ ਵਿੱਚ ਨਿਊ ਡਿਵੈਲਪਮੈਂਟ ਬੈਂਕ ਦੇ ਕੰਮ ਸ਼ੁਰੂ ਕਰਨ ਅਤੇ ਅਖੁੱਟ ਊਰਜਾ ਲਈ ਦਿੱਤੇ ਗਏ ਪਹਿਲੇ ਲੋਨ ਦਾ ਸੁਆਗਤ ਕੀਤਾ ਗਿਆ ਤਾਂ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ, ਤਾਂ ਜੋ ਵਿਕਾਸਸ਼ੀਲ ਦੇਸ਼ਾਂ ਦੀ ਭਾਗੀਦਾਰੀ ਵਧ ਸਕੇ।

2012 : ਚੌਥੀ ਬ੍ਰਿਕਸ ਸਮਿਟ 29 ਮਾਰਚ 2012 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ ਹੋਈ। ਇਸ ਦੀ ਥੀਮ- 'ਗਲੋਬਲ ਸਥਿਰਤਾ, ਸੁਰੱਖਿਆ ਅਤੇ ਸਮ੍ਰਿੱਧੀ ਦੇ ਲਈ ਬ੍ਰਿਕਸ ਦੀ ਸਾਂਝੇਦਾਰੀ' ਰਹੀ।

- ਇਸ ਵਿੱਚ ਦੁਨੀਆ ਦੀ ਅਰਥਵਿਵਸਥਾ ਵਿੱਚ ਅਸਮਾਨ ਸੁਧਾਰ, ਦੇਸ਼ਾਂ 'ਤੇ ਵਧਦੇ ਡੈਬਿਟ ਦੇ ਜੋਖ਼ਮ ਅਤੇ ਟਿਕਾਊ ਵਿਕਾਸ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਲੇਬਨਾਨ, ਸੀਰੀਆ ਅਤੇ ਸੂਡਾਨ ਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਵੀ ਸਾਰੇ ਮੈਂਬਰ ਦੇਸ਼ਾਂ ਦੇ ਵਿਭਿੰਨ ਰਾਸ਼ਟਰੀ ਦ੍ਰਿਸ਼ਟੀਕੋਣਾਂ ਦਾ ਸਨਮਾਨ ਕਰਦੇ ਹੋਏ ਸੰਤੁਲਿਤ ਭਾਸ਼ਾ ਤਿਆਰ ਕੀਤੀ ਗਈ। ਇਹ ਭਾਰਤ ਦੀ ਕੂਟਨੀਤੀ ਪਰਿਪੱਕਤਾ ਦਾ ਹੀ ਨਤੀਜਾ ਸੀ ਕਿ ਇੰਨੇ ਵਿਭਿੰਨ ਹਿਤਾਂ ਵਾਲੇ ਦੇਸ਼ ਇੱਕ ਸਾਂਝੇ ਘੋਸ਼ਣਾ ਪੱਤਰ 'ਤੇ ਸਹਿਮਤ ਹੋ ਸਕੇ।

ਰੀਓ ਡੀ ਜੈਨੇਰੀਓ ਵਿੱਚ 2025 ਦੀ ਸਮਿਟ ਵਿੱਚ ਵੀ ਪ੍ਰਧਾਨ ਮੰਤਰੀ ਮੋਦੀ ਨੇ ਇਸੇ ਸੋਚ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਸੀ ਕਿ 20ਵੀਂ ਸਦੀ ਵਿੱਚ ਬਣੇ ਗਲੋਬਲ ਸੰਗਠਨ 21ਵੀਂ ਸਦੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਸਮਰੱਥ ਨਹੀਂ ਹਨ ਅਤੇ ਉਨ੍ਹਾਂ ਨੂੰ ਇੱਕ ਬਹੁ-ਧਰੁਵੀ ਅਤੇ ਸਮਾਵੇਸ਼ੀ ਵਿਸ਼ਵ ਵਿਵਸਥਾ ਦੇ ਅਨੁਸਾਰ ਸੁਧਰਨਾ ਹੋਵੇਗਾ।



ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬ੍ਰਿਕਸ ਦਾ ਵਿਸਥਾਰ ਇਹ ਸਾਬਤ ਕਰਦਾ ਹੈ ਕਿ ਇਹ ਸਮੂਹ ਸਮੇਂ ਦੇ ਨਾਲ ਆਪਣੇ ਆਪ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ। ਭਾਰਤ ਨੇ ਆਪਣੀ ਪ੍ਰਧਾਨਗੀ ਦੇ ਦੌਰਾਨ ਇਸੇ ਭਾਵਨਾ ਨੂੰ ਅੱਗੇ ਵਧਾਉਂਦੇ ਹੋਏ ਵਪਾਰ, ਸਿਹਤ, ਤਕਨੀਕ ਅਤੇ ਜਲਵਾਯੂ ਜਿਹੇ ਵਿਵਹਾਰਕ ਖੇਤਰਾਂ ਵਿੱਚ ਠੋਸ ਪਹਿਲਕਦਮੀਆਂ ਕੀਤੀਆਂ, ਤਾਂ ਜੋ ਦੁਨੀਆ ਦੀ ਅਸਥਿਰਤਾ ਦਰਮਿਆਨ ਬ੍ਰਿਕਸ ਸਹਿਯੋਗ ਅਤੇ ਭਰੋਸੇ ਦੀ ਇੱਕ ਮਿਸਾਲ ਬਣ ਕੇ ਉਭਰੇ।

ਨਵੀਂ ਦਿੱਲੀ ਘੋਸ਼ਣਾ ਪੱਤਰ: ਬਦਲਾਅ ਦੇ 140 ਪੁਆਇੰਟ ਬਲੂਪ੍ਰਿੰਟ

18ਵੀਂ ਬ੍ਰਿਕਸ ਸਮਿਟ ਵਿੱਚ ਅਪਣਾਇਆ ਗਿਆ 'ਨਵੀਂ ਦਿੱਲੀ ਐਲਾਨ ਪੱਤਰ', ਜਿਸ ਦਾ ਵਿਸ਼ਾ ਸੀ 'ਸਮਰੱਥਾ, ਨਵੀਨਤਾ, ਸਹਿਯੋਗ ਅਤੇ ਟਿਕਾਊ ਵਿਕਾਸ ਦਾ ਨਿਰਮਾਣ'। ਬ੍ਰਿਕਸ ਦੇ ਦੋ ਦਹਾਕਿਆਂ ਦੇ ਤਜ਼ਰਬੇ ਅਤੇ ਭਾਰਤ ਦੀ ਪ੍ਰਧਾਨਗੀ ਦੌਰਾਨ ਹੋਈਆਂ 400 ਤੋਂ ਵੱਧ ਮੀਟਿੰਗਾਂ ਦੇ ਨਿਚੋੜ ਨੂੰ ਸਮੇਟੇ ਹੋਏ ਹੈ। ਇਹ 140 ਪੈਰਾਗ੍ਰਾਫ਼ ਦਾ ਇੱਕ ਵਿਆਪਕ ਦਸਤਾਵੇਜ਼ ਬਣਿਆ ਹੈ, ਜਿਸ ਵਿੱਚ ਵਿਸ਼ਵਵਿਆਪੀ ਸ਼ਾਸਨ ਸੁਧਾਰ ਤੋਂ ਲੈ ਕੇ ਸਿਹਤ, ਖੇਤੀਬਾੜੀ, ਤਕਨੀਕ, ਜਲਵਾਯੂ ਅਤੇ ਸੱਭਿਆਚਾਰ ਤੱਕ ਹਰ ਖੇਤਰ ਨੂੰ ਸ਼ਾਮਲ ਕੀਤਾ ਗਿਆ ਹੈ। ਘੋਸ਼ਣਾ ਪੱਤਰ ਵਿੱਚ ਸਭ ਤੋਂ ਅਹਿਮ ਬਿੰਦੂ ਰਿਹਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ 'ਤੇ ਮੈਂਬਰ ਦੇਸ਼ਾਂ ਦੀ ਇਕਜੁੱਟਤਾ ਰਿਹਾ। ਚੀਨ ਅਤੇ ਰੂਸ ਨੇ ਸਥਾਈ ਮੈਂਬਰ ਦੇ ਰੂਪ ਵਿੱਚ ਭਾਰਤ ਅਤੇ ਬ੍ਰਾਜ਼ੀਲ ਦੀ ਸੁਰੱਖਿਆ ਪ੍ਰੀਸ਼ਦ ਸਮੇਤ ਸੰਯੁਕਤ ਰਾਸ਼ਟਰ ਵਿੱਚ ਵੱਡੀ ਭੂਮਿਕਾ ਨਿਭਾਉਣ ਦੀਆਂ ਇੱਛਾਵਾਂ ਲਈ ਆਪਣੇ ਸਮਰਥਨ ਨੂੰ ਦੁਹਰਾਇਆ। ਘੋਸ਼ਣਾ ਪੱਤਰ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ 20ਵੀਂ ਸਦੀ ਵਿੱਚ ਬਣੀਆਂ ਵਿਸ਼ਵਵਿਆਪੀ ਸੰਸਥਾਵਾਂ ਅੱਜ ਦੀਆਂ ਹਕੀਕਤਾਂ ਨੂੰ ਨਹੀਂ ਪ੍ਰਤਿਬਿੰਬਤ ਨਹੀਂ ਕਰਦੀਆਂ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ, ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਗਠਨ ਵਰਗੀਆਂ ਸੰਸਥਾਵਾਂ ਵਿੱਚ ਤੁਰੰਤ ਸੁਧਾਰ ਜ਼ਰੂਰੀ ਹੈ।

ਅੱਤਵਾਦ 'ਤੇ ਘੋਸ਼ਣਾ ਪੱਤਰ ਦੀ ਭਾਸ਼ਾ ਬੇਹੱਦ ਸਪਸ਼ਟ ਰਹੀ। ਮੈਂਬਰ ਦੇਸ਼ਾਂ ਨੇ ਅਪ੍ਰੈਲ 2025 ਦੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਅੱਤਵਾਦ ਦੇ ਸਾਰੇ ਰੂਪਾਂ ਨਾਲ ਲੜਨ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਇਸ

> *ਇਨੋਵੇਸ਼ਨ ਦੇ ਤਹਿਤ BRICS Incubator Network ਸਾਡੇ ਸਟਾਰਟਅੱਪਸ ਅਤੇ ਇਨਕਿਊਬੇਟਰਸ ਨੂੰ ਆਪਸ ਵਿੱਚ ਜੋੜੇਗਾ। ਛੋਟੇ ਉੱਦਮਾਂ ਨੂੰ ਨਾਲੇਜ, ਵਿੱਤ ਅਤੇ ਨਵੇਂ ਬਜ਼ਾਰਾਂ ਨਾਲ ਜੋੜਨ ਲਈ, BRICS ਐੱਮਐੱਸਐੱਮਈ ਕੋ-ਆਪ੍ਰੇਸ਼ਨ ਪੋਰਟਲ ਦੀ ਪਹਿਲ ਕੀਤੀ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੇ ਪ੍ਰਮੁੱਖ ਥੰਮ੍ਹ

ਲਚਕੀਲਾਪਣ:

- ਵਿਸ਼ਵਵਿਆਪੀ ਅਨਿਸ਼ਚਿਤਤਾਵਾਂ, ਸਪਲਾਈ ਚੇਨ ਵਿੱਚ ਰੁਕਾਵਟਾਂ, ਸਿਹਤ ਚੁਣੌਤੀਆਂ ਅਤੇ ਜਲਵਾਯੂ ਜੋਖ਼ਮਾਂ ਨੂੰ ਦੂਰ ਕਰਨ ਦੇ ਲਈ ਆਰਥਿਕ, ਸਮਾਜਿਕ ਅਤੇ ਸੰਸਥਾਗਤ ਲਚਕੀਲੇਪਣ ਨੂੰ ਮਜ਼ਬੂਤ ਕਰਨਾ।

ਨਵੀਨਤਾ:

- ਪ੍ਰਭਾਵਸ਼ਾਲੀ ਸੇਵਾ ਵੰਡ ਅਤੇ ਭਵਿੱਖ ਲਈ ਤਿਆਰ ਵਿਕਾਸ ਨੂੰ ਸਮਰੱਥ ਬਣਾਉਣ ਲਈ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ, ਫਿਨਟੈੱਕ, ਏਆਈ ਅਤੇ ਗਿਆਨ ਸਾਂਝਾ ਕਰਨ ਵਰਗੀਆਂ ਨਵੀਆਂ ਅਤੇ ਉੱਭਰਦੀਆਂ ਤਕਨਾਲੋਜੀਆਂ ਨੂੰ ਤਾਇਨਾਤ ਕਰਨਾ।

ਸਹਿਯੋਗ:

- ਨੀਤੀ ਤਾਲਮੇਲ, ਵਿਕਾਸ, ਵਿੱਤ, ਵਪਾਰ ਸੁਵਿਧਾ, ਵਿਸ਼ਵਵਿਆਪੀ ਸੰਸਥਾਗਤ ਸ਼ਾਸਨ ਵਿੱਚ ਸੁਧਾਰ ਅਤੇ ਜਨ-ਕੇਂਦ੍ਰਿਤ ਭਾਈਵਾਲੀ ਰਾਹੀਂ ਬ੍ਰਿਕਸ ਮੈਂਬਰਾਂ ਦਰਮਿਆਨ ਬਹੁਪੱਖੀ ਜੁੜਾਅ ਨੂੰ ਡੂੰਘਾ ਕਰਨਾ।

ਸਥਾਈ ਵਿਕਾਸ:


- ਰਾਸ਼ਟਰੀ ਅਤੇ ਵਿਸ਼ਵਵਿਆਪੀ ਤਰਜੀਹਾਂ ਦੇ ਅਨੁਸਾਰ ਜਲਵਾਯੂ ਕਾਰਵਾਈ, ਹਰਿਤ ਵਿੱਤ, ਊਰਜਾ ਤਬਦੀਲੀ ਅਤੇ ਟਿਕਾਊ ਵਿਕਾਸ ਦੀ ਦਿਸ਼ਾ ਵਿੱਚ ਸਮੂਹਿਕ ਯਤਨਾਂ ਵਿੱਚ ਤੇਜ਼ੀ ਲਿਆਉਣਾ।

ਬ੍ਰਿਕਸ ਇੰਡੀਆ 2026 ਦਾ ਲੋਗੋ

ਬ੍ਰਿਕਸ 2026 ਦਾ ਲੋਗੋ ਪਰੰਪਰਾ ਅਤੇ ਆਧੁਨਿਕਤਾ ਦਾ ਸੁੰਦਰ ਸੁਮੇਲ ਹੈ। ਇਸ ਵਿੱਚ ਫੁੱਲ ਦੀਆਂ ਪੰਖੜੀਆਂ ਦੇ ਰੰਗ ਬ੍ਰਿਕਸ ਦੇ ਸਾਰੇ ਮੈਂਬਰ ਦੇਸ਼ਾਂ ਦੇ ਜੀਵੰਤ ਰੰਗਾਂ ਨੂੰ ਦਰਸਾਉਂਦੇ ਹਨ। ਇਹ ਦੇਸ਼ਾਂ ਦੀ ਏਕਤਾ ਅਤੇ ਸਮੂਹਿਕ ਤਾਕਤ ਦਾ ਪ੍ਰਤੀਕ ਹੈ। ਵਿਚਕਾਰ 'ਨਮਸਤੇ' ਦਾ ਭਾਵ ਭਾਰਤ ਦੀ ਪੁਰਾਣੀ ਪਰੰਪਰਾ, ਅਪਣੇਪਣ, ਸਨਮਾਨ ਅਤੇ ਮਿਲ-ਜੁਲ ਕੇ ਕੰਮ ਕਰਨ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਸ ਲੋਗੋ ਵਿੱਚ ਤਿੰਨ ਮੁੱਖ ਥੰਮ੍ਹਾਂ ਨੂੰ ਵੀ ਦਰਸਾਇਆ ਗਿਆ ਹੈ..

- **ਰਾਜਨੀਤਕ ਅਤੇ ਸੁਰੱਖਿਆ ਸਹਿਯੋਗ**
- **ਆਰਥਿਕ ਅਤੇ ਵਿੱਤੀ ਸਾਂਝੇਦਾਰੀ**
- **ਸੱਭਿਆਚਾਰ ਅਤੇ ਲੋਕਾਂ ਦਰਮਿਆਨ ਆਪਸੀ ਸੰਪਰਕ-ਸਹਿਯੋਗ**

ਗੱਲ 'ਤੇ ਜ਼ੋਰ ਦਿੱਤਾ ਕਿ ਅੱਤਵਾਦ ਨੂੰ ਕਿਸੇ ਵੀ ਧਰਮ, ਰਾਸ਼ਟਰੀਅਤਾ ਜਾਂ ਸੱਭਿਅਤਾ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ। ਅੱਤਵਾਦ ਨਾਲ ਨਜਿੱਠਣ ਵਿੱਚ ਕੋਈ ਦੋਹਰਾ ਮਾਪਦੰਡ ਮਨਜ਼ੂਰ ਨਹੀਂ ਹੈ। ਆਰਥਿਕ ਮੋਰਚੇ 'ਤੇ ਘੋਸ਼ਣਾ ਪੱਤਰ ਨੇ ਨਿਊ ਡਿਵੈਲਪਮੈਂਟ ਬੈਂਕ (NDB) ਦੇ ਦੂਜੇ 'ਸੁਨਿਹਰੀ ਦਹਾਕੇ' ਵਿੱਚ ਪ੍ਰਵੇਸ਼ ਕਰਨ ਦਾ ਸੁਆਗਤ ਕੀਤਾ ਅਤੇ ਮਈ 2026 ਵਿੱਚ ਮਾਸਕੋ ਵਿੱਚ ਆਯੋਜਿਤ ਇਸ ਦੀ 11ਵੀਂ ਸਲਾਨਾ ਮੀਟਿੰਗ ਦਾ ਜ਼ਿਕਰ ਕੀਤਾ। ਭਾਰਤੀ ਪ੍ਰਧਾਨਗੀ ਹੇਠ ਤਿਆਰ ਕੀਤੇ ਗਏ ਬ੍ਰਿਕਸ-ਐੱਨਡੀਬੀ ਨਾਲੇਜ ਪੋਰਟਲ ਦੀ ਵੀ ਸ਼ੁਰੂਆਤ ਹੋਈ, ਜੋ ਮੈਂਬਰ ਦੇਸ਼ਾਂ ਦੇ ਵਿਕਾਸ ਅਨੁਭਵਾਂ ਅਤੇ ਵਧੀਆ ਅਭਿਆਸਾਂ ਨੂੰ ਇਕੱਠੇ ਲਿਆਉਂਦਾ ਹੈ। ਸਰਹੱਦ-



ਦੇਸ਼ ਦੇ 30 ਸ਼ਹਿਰਾਂ ਵਿੱਚ 400 ਤੋਂ ਵੱਧ ਮੀਟਿੰਗਾਂ ਵਿੱਚ ਬ੍ਰਿਕਸ ਮੰਥਨ

ਭਾਰਤ ਦੀ ਪ੍ਰਧਾਨਗੀ ਹੇਠ BRICS ਦੇ ਮੈਂਬਰ ਦੇਸ਼ਾਂ ਅਤੇ ਸੰਗਠਨਾਂ ਦੀ ਭਾਗੀਦਾਰੀ ਵਾਲੀ ਸਮਿਟ ਦੌਰਾਨ, ਉਸ ਤੋਂ ਪਹਿਲਾਂ ਦੇਸ਼ ਦੇ 30 ਸ਼ਹਿਰਾਂ ਵਿੱਚ ਹੋਈਆਂ 400 ਮੀਟਿੰਗਾਂ ਵਿੱਚ ਨਿਕਲੇ ਸਿੱਟਿਆਂ ਅਤੇ ਸਹਿਮਤੀ ਨੂੰ ਅੱਗੇ ਵਧਾਇਆ ਗਿਆ। ਰਾਜਨੀਤਕ ਅਤੇ ਸੁਰੱਖਿਆ ਸਹਿਯੋਗ, ਆਰਥਿਕ ਅਤੇ ਵਿੱਤੀ ਸਹਿਯੋਗ ਅਤੇ ਸੱਭਿਆਚਾਰ ਅਤੇ ਲੋਕਾਂ ਦਰਮਿਆਨ ਸੰਪਰਕ ਹੀ ਸਹਿਯੋਗ ਦੇ ਤਿੰਨ ਪ੍ਰਮੁੱਖ ਥੰਮ੍ਹ ਰਹੇ। ਭਾਰਤ ਦੀ ਪ੍ਰਧਾਨਗੀ ਦੌਰਾਨ BRICS ਦੇ ਵੱਖ-ਵੱਖ ਵਿਸ਼ਾਗਤ ਖੇਤਰਾਂ ਵਿੱਚ 50 ਤੋਂ ਵੱਧ ਨਤੀਜੇ ਹਾਸਲ ਕੀਤੇ ਗਏ। ਕਈ ਨਤੀਜੇ ਪਲੈਟਫਾਰਮ, ਫ੍ਰੇਮਵਰਕ ਅਤੇ ਗਾਈਡਲਾਈਨਜ਼ ਦੇ ਰੂਪ ਵਿੱਚ ਤਿਆਰ ਕੀਤੇ ਗਏ ਹਨ। ਇਨ੍ਹਾਂ ਦਾ ਉਦੇਸ਼ BRICS ਦੇ ਤੀਜੇ ਦਹਾਕੇ ਵਿੱਚ ਵੀ ਨਿਰੰਤਰ ਸਹਿਯੋਗ ਅਤੇ ਭਾਗੀਦਾਰੀ ਨੂੰ ਅੱਗੇ ਵਧਾਉਣਾ ਹੈ। ਮੀਟਿੰਗਾਂ ਵਿੱਚ ਜੋ ਸਹਿਮਤੀ ਬਣੀ, ਉਸ ਨੂੰ ਬ੍ਰਿਕਸ ਦੀ 'ਨਵੀਂ ਦਿੱਲੀ ਘੋਸ਼ਣਾਵਾਂ' ਵਿੱਚ ਸ਼ਾਮਲ ਕੀਤਾ ਗਿਆ। ਨਵੀਂ ਦਿੱਲੀ ਘੋਸ਼ਣਾ ਵਿੱਚ 140 ਬਿੰਦੂ ਸ਼ਾਮਲ ਰਹੇ ਜਿਨ੍ਹਾਂ ਵਿੱਚੋਂ ਕੁੱਝ ਮਹੱਤਵਪੂਰਨ ਇੱਥੇ ਦਿੱਤੇ ਜਾ ਰਹੇ ਹਨ। ਪੂਰਾ ਘੋਸ਼ਣਾ ਪੱਤਰ ਪੜ੍ਹਨ ਲਈ (https://www.mea.gov.in/bilateral-documents.htm?dtl/41776) ਲਿੰਕ 'ਤੇ ਕਲਿੱਕ ਕਰੋ।

BRICS ਨਵੀਂ ਦਿੱਲੀ ਘੋਸ਼ਣਾ ਦੇ ਕੁੱਝ ਮਹੱਤਵਪੂਰਨ ਬਿੰਦੂ

- ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਸੁਧਾਰ: **UN** ਸੁਧਾਰ ਅਤੇ **Security Council** ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਪ੍ਰਤੀਨਿਧਤਾ ਵਧਾਉਣ 'ਤੇ ਜ਼ੋਰ। ਚੀਨ ਅਤੇ ਰੂਸ ਨੇ ਭਾਰਤ ਅਤੇ ਬ੍ਰਾਜ਼ੀਲ ਦੀ ਵੱਡੀ ਭੂਮਿਕਾ ਦੀ ਆਕਾਂਖਿਆ ਦਾ ਸਮਰਥਨ ਦੁਹਰਾਇਆ।
- ਅੱਤਵਾਦ ਦੇ ਖਿਲਾਫ ਸਖ਼ਤ ਰਵੱਈਆ: ਜੰਮੂ-ਕਸ਼ਮੀਰ ਵਿੱਚ 22 ਅਪ੍ਰੈਲ 2025 ਦੇ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ। ਅੱਤਵਾਦ ਦੇ ਸਾਰੇ ਰੂਪਾਂ, ਸਰਹੱਦ-ਪਾਰ ਅੱਤਵਾਦ, ਅੱਤਵਾਦ ਫੰਡਿੰਗ ਅਤੇ ਸੁਰੱਖਿਅਤ ਟਿਕਾਣਿਆਂ ਦੇ ਖਿਲਾਫ ਜ਼ੀਰੋ ਟੌਲਰੈਂਸ ਦੀ ਗੱਲ ਕਹੀ ਗਈ।
- **Kimberley Process** ਵਿੱਚ ਭਾਰਤ ਦੀ ਪ੍ਰਧਾਨਗੀ: 2026 ਵਿੱਚ **Kimberley Process** ਦੀ ਭਾਰਤ ਦੀ ਪ੍ਰਧਾਨਗੀ ਦਾ ਸੁਆਗਤ, **BRICS** ਵਿੱਚ ਅਫ਼ਰੀਕੀ ਡਾਇਮੰਡ ਉਤਪਾਦਕ ਦੇਸ਼ਾਂ ਦੇ ਨਾਲ ਸਹਿਯੋਗ ਦਾ ਸਮਰਥਨ।
- ਗਿਫਟ ਸਿਟੀ ਵਿੱਚ ਬ੍ਰਿਕਸ ਰਿਸਕ ਲੈਬ: ਭਾਰਤ ਦੇ ਪ੍ਰਸਤਾਵ 'ਤੇ ਗੁਜਰਾਤ ਦੇ ਗਿਫਟ ਸਿਟੀ **IFSC** ਵਿੱਚ ਬ੍ਰਿਕਸ ਰਿਸਕ ਲੈਬ ਦੀ ਮੇਜ਼ਬਾਨੀ 'ਤੇ ਅੱਗੇ ਚਰਚਾ ਦਾ ਸਮਰਥਨ।
- ਗ੍ਰੋਥ-ਡਿਵੈਲਪਮੈਂਟ 'ਤੇ ਬ੍ਰਿਕਸ ਟਾਸਕ ਫੋਰਸ: ਭਾਰਤ ਦੀ ਪਹਿਲ 'ਤੇ ਗ੍ਰੋਥ ਐਂਡ ਡਿਵੈਲਪਮੈਂਟ ਟਾਸਕ ਫੋਰਸ ਸਥਾਪਿਤ, ਵਿਕਾਸ ਮਾਡਲ, ਡਿਜੀਟਲ ਬਦਲਾਅ, **AI** ਅਤੇ ਵਿਕਾਸ ਵਿੱਤ 'ਤੇ ਸਹਿਯੋਗ ਦਾ ਪਲੈਟਫਾਰਮ।
- **BRICS-NDB** ਨਾਲੇਜ ਪੋਰਟਲ: ਭਾਰਤ ਦੀ ਪ੍ਰਧਾਨਗੀ ਹੇਠ **BRICS-NDB** ਨਾਲੇਜ ਪੋਰਟਲ ਸ਼ੁਰੂ, ਵਿਕਾਸ ਅਨੁਭਵ, ਸ਼੍ਰੇਸ਼ਠ ਅਭਿਆਸਾਂ ਅਤੇ ਨੀਤੀਗਤ ਨਵੀਨਤਾਵਾਂ ਦਾ ਸਾਂਝਾ ਪਲੈਟਫਾਰਮ।
- ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ: **BRICS** ਦੇਸ਼ਾਂ ਲਈ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਰਿਪੌਜ਼ਟਰੀ ਅਤੇ ਡੀਪੀਆਈ ਹੱਲਾਂ ਦੇ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਦਾ ਪ੍ਰਸਤਾਵ।

ਪਾਰ ਭੁਗਤਾਨ ਨੂੰ ਤੇਜ਼, ਸਸਤਾ ਅਤੇ ਸੁਰੱਖਿਅਤ ਬਣਾਉਣ ਦੇ ਲਈ ਬ੍ਰਿਕਸ ਭੁਗਤਾਨ ਕਾਰਜ ਬਲ ਦੇ ਯਤਨਾਂ ਨੂੰ ਵੀ ਅੱਗੇ ਵਧਾਉਣ 'ਤੇ ਸਹਿਮਤੀ ਬਣੀ। ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਘੋਸ਼ਣਾ ਪੱਤਰ ਵਿੱਚ ਇਸ ਨੂੰ ਆਰਥਿਕ ਅਤੇ ਟਿਕਾਊ ਵਿਕਾਸ ਦੇ ਲਈ ਇੱਕ ਵੱਡੇ ਮੌਕੇ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ, ਨਾਲ ਹੀ ਇਸ ਦੀ ਸੁਰੱਖਿਆ, ਸਮਾਵੇਸ਼ਿਤਾ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ਮੈਂਬਰ ਦੇਸ਼ਾਂ ਨੇ ਫਰਵਰੀ 2026 ਵਿੱਚ ਭਾਰਤ ਦੁਆਰਾ ਆਯੋਜਿਤ



- **AI** ਸਹਿਯੋਗ: AI ਨੂੰ ਆਰਥਿਕ ਵਿਕਾਸ ਅਤੇ ਟਿਕਾਊ ਵਿਕਾਸ ਦਾ ਮਹੱਤਵਪੂਰਨ ਸਾਧਨ ਮੰਨਿਆ, ਸੁਰੱਖਿਅਤ, ਸਮਾਵੇਸ਼ੀ, ਭਰੋਸੇਮੰਦ ਅਤੇ ਪਹੁੰਚਯੋਗ AI ਲਈ ਅੰਤਰਰਾਸ਼ਟਰੀ ਸਹਿਯੋਗ 'ਤੇ ਜ਼ੋਰ। ਭਾਰਤ ਦੇ AI ਇੰਪੈਕਟ ਸਮਿਟ 2026 ਦਾ ਸੁਆਗਤ।
- **NIMHANS** ਦੇ ਨਾਲ ਮਾਨਸਿਕ ਸਿਹਤ ਨੈੱਟਵਰਕ
- **BRICS** ਸੈਂਟਰ ਆਫ਼ ਐਕਸੀਲੈਂਸ ਨੈੱਟਵਰਕ ਦੇ ਕੋ-ਆਰਡੀਨੇਟਰ ਦੇ ਰੂਪ ਵਿੱਚ **NIMHANS** ਨੂੰ ਸ਼ਾਮਲ ਕਰਨ ਦਾ ਸਮਰਥਨ, ਮਾਨਸਿਕ ਸਿਹਤ 'ਤੇ ਖੋਜ ਅਤੇ ਨੀਤੀਗਤ ਸਹਿਯੋਗ ਦਾ ਪਲੈਟਫਾਰਮ।
- ਕ੍ਰਿਟੀਕਲ ਮਿਨਰਲਜ਼: ਕ੍ਰਿਟੀਕਲ ਮਿਨਰਲਜ਼ ਲਈ ਭਰੋਸੇਮੰਦ, ਵਿਵਿਧਤਾਪੂਰਨ ਅਤੇ ਰੈਜ਼ੀਲੀਐਂਟ ਸਪਲਾਈ ਚੇਨ ਅਤੇ ਸਰੋਤ-ਸਮ੍ਰਿੱਧ ਦੇਸ਼ਾਂ ਵਿੱਚ ਵੈਲਿਊ ਐਡੀਸ਼ਨ 'ਤੇ ਜ਼ੋਰ।
- ਚੇਨੱਈ ਸਹਿਮਤੀ ਅਤੇ ਵਿਗਿਆਨ ਰਿਪੌਜ਼ਟਰੀ: ਚੇੱਨਈ ਸਹਿਮਤੀ ਸੰਯੁਕਤ ਘੋਸ਼ਣਾ ਦਾ ਸੁਆਗਤ, **BRICS** ਸਾਇੰਸ ਐਂਡ ਰਿਸਰਚ ਰਿਪੌਜ਼ਟਰੀ ਅਤੇ **GRAIN Centres** ਦੀ ਦਿਸ਼ਾ ਵਿੱਚ ਸਹਿਯੋਗ।
- ਸੌਰ ਫੋਟੋਵੋਲਟਿਕ ਸਹਿਯੋਗ: **BRICS** ਸੋਲਰ ਫੋਟੋਵੋਲਟਿਕ ਕੋ-ਆਪ੍ਰੇਸ਼ਨ ਰੋਡਮੈਪ ਵਿਕਸਿਤ ਕਰਨ ਦਾ ਸਮਰਥਨ, ਤਕਨਾਲੋਜੀ , ਵਿੱਤ ਅਤੇ ਸਮਰੱਥਾ ਨਿਰਮਾਣ ਵਿੱਚ ਸਹਿਯੋਗ।
- ਇੰਡੀਆ ਸੈਂਟਰ ਫੌਰ ਬ੍ਰਿਕਸ ਇੰਡਸਟ੍ਰੀਅਲ ਕੰਪੀਟੈਂਸੀ: ਇੰਡੀਆ ਸੈਂਟਰ ਫੌਰ ਬ੍ਰਿਕਸ ਇੰਡਸਟ੍ਰੀਅਲ ਕੰਪੀਟੈਂਸੀ **(ICBIC)** ਦੀ ਸਥਾਪਨਾ ਦਾ ਸੁਆਗਤ।
- **BRICS** ਐੱਸਐੱਮਈਫੋਰਮ, ਆਗਰਾ: ਭਾਰਤ ਦੀ ਪ੍ਰਧਾਨਗੀ ਹੇਠ ਪਹਿਲਾ **BRICS** ਐੱਸਐੱਮਈਫੋਰਮ, ਆਗਰਾ ਵਿੱਚ ਆਯੋਜਿਤ, ਐੱਮਐੱਸਐੱਮਈ ਦੀ ਵਿੱਤ ਅਤੇ ਤਕਨਾਲੋਜੀ ਤੱਕ ਪਹੁੰਚ ਵਧਾਉਣ 'ਤੇ ਜ਼ੋਰ।
- BRICS ਇਨਕਿਊਬੇਟਰ ਨੈੱਟਵਰਕ: **BRICS** ਇਨਕਿਊਬੇਟਰ ਨੈੱਟਵਰਕ ਦੀ ਸਥਾਪਨਾ ਦਾ ਸੁਆਗਤ ਅਤੇ **BRICS** ਸਟਾਰਟਅੱਪ ਇਨੋਵੇਸ਼ਨ ਫੰਡ 'ਤੇ ਅੱਗੇ ਵਿਚਾਰ।
- ਟੈਕਸ ਸਹਿਯੋਗ: ਭਾਰਤ ਦੀ ਪ੍ਰਧਾਨਗੀ ਹੇਠ BRICS ਟੈਕਸ ਅਥਾਰਟੀਜ਼ ਦੇ ਸਹਿਯੋਗ ਦੇ ਲਈ ਨਵੇਂ ਵਰਕਿੰਗ ਗਰੁੱਪ, ਟੈਕਸ ਸਪੋਰਟ ਨੈੱਟਵਰਕ ਅਤੇ ਟੈਕਸ ਕ੍ਰੌਸ-ਲਰਨਿੰਗ ਲੈਬ ਪਹਿਲਕਦਮੀਆਂ।
- ਮਹਿਲਾਵਾਂ ਦੀ ਡਿਜੀਟਲ ਸਮਰੱਥਾ ਦਾ ਨਿਰਮਾਣ: ਬ੍ਰਿਕਸ ਵੂਮੈਨ ਡਿਜੀਟਲ ਕੈਪੇਸਿਟੀ ਬਿਲਡਿੰਗ ਗਾਈਡਲਾਈਨਜ਼ ਦਾ ਸੁਆਗਤ, ਭਾਰਤ ਦੀ ਪਹਿਲ 'ਤੇ ਮਹਿਲਾਵਾਂ ਦੇ ਸ਼ਕਤੀਕਰਣ ਦੀਆਂ ਸ਼੍ਰੇਸ਼ਠ ਪ੍ਰਥਾਵਾਂ ਦਾ ਡਿਜੀਟਲ ਰਿਪੌਜ਼ਟਰੀ।
- ਰਵਾਇਤੀ ਅਤੇ ਸਵਦੇਸ਼ੀ ਗਿਆਨ: ਭਾਰਤ ਦੀ ਪਹਿਲ 'ਤੇ ਰਵਾਇਤੀ ਅਤੇ ਸਵਦੇਸ਼ੀ ਗਿਆਨ ਪ੍ਰਣਾਲੀਆਂ ਵਿੱਚ ਅਕਾਦਮਿਕ ਸਹਿਯੋਗ ਦੇ ਮਾਰਗਦਰਸ਼ਕ ਸਿਧਾਂਤਾਂ ਦਾ ਸੁਆਗਤ।
- ਸਿੱਖਿਆ ਅਤੇ ਕੌਸ਼ਲ: ਸਿੱਖਿਆ, ਡਿਜੀਟਲ ਸਾਖ਼ਰਤਾ, ਕੌਸ਼ਲ ਵਿਕਾਸ ਅਤੇ ਕਾਰਜਬਲ ਤਿਆਰੀ ਮਜ਼ਬੂਤ ਕਰਨ 'ਤੇ ਜ਼ੋਰ, ਬ੍ਰਿਕਸ-TCA ਨੂੰ ਸਹਿਯੋਗ ਦਾ ਪਲੈਟਫਾਰਮ ਮੰਨਿਆ।
- ਬ੍ਰਿਕਸ ਕਨੈਕਟ: ਬ੍ਰਿਕਸ ਕਨੈਕਟ ਨੂੰ ਸਮਰੱਥਾ ਨਿਰਮਾਣ, ਰੁਜ਼ਗਾਰ-ਯੋਗਤਾ ਅਤੇ ਨਵੀਆਂ ਤਕਨਾਲੋਜੀਆਂ/ਕੌਸ਼ਲ ਦੇ ਲਈ ਅਪਣਾਇਆ ਗਿਆ; ਰਿਮੋਟ ਰੁਜ਼ਗਾਰ ਲਈ ਅੰਤਰਰਾਸ਼ਟਰੀ ਡਿਜੀਟਲ ਪਲੈਟਫਾਰਮ ਦੀ ਪਹਿਲ।
- **BRICS** ਰਿਮੋਟ ਸੈਂਸਿੰਗ ਸੈਟੇਲਾਈਟ ਕਾਂਸਟੇਲੇਸ਼ਨ: ਰਿਮੋਟ ਸੈਂਸਿੰਗ ਸੈਟੇਲਾਈਟ ਕਾਂਸਟੇਲੇਸ਼ਨ ਦੀਆਂ ਉਪਲਬਧੀਆਂ ਦਾ ਸੁਆਗਤ; ਬ੍ਰਿਕਸ ਸਪੇਸ ਕੌਂਸਲ ਅਤੇ ਨਵੀਆਂ ਸਪੇਸ ਏਜੰਸੀਆਂ ਨੂੰ ਸ਼ਾਮਲ ਕਰਨ ਦੀ ਦਿਸ਼ਾ ਵਿੱਚ ਪ੍ਰਗਤੀ।

ਏਆਈ ਇੰਪੈਕਟ ਸਮਿਟ ਦੇ ਸਫਲ ਆਯੋਜਨ 'ਤੇ ਵਧਾਈ ਦਿੱਤੀ।

ਸਭ ਤੋਂ ਦਿਲਚਸਪ ਰਹੇ ਪ੍ਰਧਾਨ ਮੰਤਰੀ ਮੋਦੀ ਦੇ ਤਿੰਨ ਪ੍ਰਸਤਾਵ, ਜੋ ਉਨ੍ਹਾਂ ਨੇ ਗਲੋਬਲ ਗਵਰਨੈਂਸ 'ਤੇ ਸੈਸ਼ਨ ਵਿੱਚ ਰੱਖੇ। ਉਨ੍ਹਾਂ ਨੇ ਗਲੋਬਲ ਗਵਰਨੈਂਸ ਢਾਂਚੇ ਦੀ ਤੁਲਨਾ ਇੱਕ ਅਜਿਹੇ ਪਿਰਾਮਿਡ ਨਾਲ ਕੀਤੀ ਜਿਸ ਦੇ ਉਪਰਲੇ ਹਿੱਸੇ ਵਿੱਚ ਸੱਤਾ ਕੇਂਦ੍ਰਿਤ ਹੈ, ਜਦਕਿ ਹੇਠਲੇ ਹਿੱਸੇ ਵਿੱਚ ਉਹ ਦੇਸ਼ ਹਨ ਜੋ ਫੈਸਲਿਆਂ ਤੋਂ ਪ੍ਰਭਾਵਿਤ ਤਾਂ ਹੁੰਦੇ ਹਨ ਪਰ ਉਨ੍ਹਾਂ ਨੂੰ ਆਕਾਰ ਨਹੀਂ ਦੇ ਪਾਉਂਦੇ। ਉਨ੍ਹਾਂ ਨੇ ਇਸ 'ਪਿਰਾਮਿਡ



- **ਸੂਚਨਾ ਤਕਨਾਲੋਜੀ ਅਤੇ ਸਾਈਬਰ ਕ੍ਰਾਈਮ:** ਸੁਰੱਖਿਅਤ, ਸਥਿਰ, ਇੰਟਰਓਪਰੇਬਲ ICT ਵਾਤਾਵਰਣ 'ਤੇ ਜ਼ੋਰ; ਸਾਈਬਰ ਅਪਰਾਧ ਦੇ ਵਿਰੁੱਧ UN ਕਨਵੈਨਸ਼ਨ ਨੂੰ ਲਾਗੂ ਕਰਨ ਦੀ ਦਿਸ਼ਾ ਵਿੱਚ ਸਹਿਯੋਗ।
- **ਸਾਈਬਰ ਸੁਰੱਖਿਆ ਅਤੇ ਡੀਪਫੇਕ:** ਸਾਈਬਰ ਅਪਰਾਧ, ਗਲਤ ਸੂਚਨਾ, ਗੁੰਮਰਾਹਕੁਨ ਸੂਚਨਾ, ਨਫ਼ਰਤ ਭਰਿਆ ਭਾਸ਼ਣ ਅਤੇ ਡੀਪਫੇਕ ਵਰਗੀਆਂ ਡਿਜੀਟਲ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ।
- **ਲੋਕਲ ਕਰੰਸੀ ਵਿੱਚ ਭੁਗਤਾਨ:** ਬ੍ਰਿਕਸ ਦੇਸ਼ਾਂ ਦਰਮਿਆਨ ਸਰਹੱਦ ਪਾਰ ਭੁਗਤਾਨਾਂ ਨੂੰ ਤੇਜ਼, ਘੱਟ ਲਾਗਤ ਵਾਲਾ, ਸੁਰੱਖਿਅਤ ਅਤੇ ਪਹੁੰਚਯੋਗ ਬਣਾਉਣ ਦੇ ਯਤਨ; ਲੋਕਲ ਕਰੰਸੀਆਂ ਵਿੱਚ ਵਪਾਰ ਦੇ ਨਿਪਟਾਰੇ 'ਤੇ ਚਰਚਾ ਜਾਰੀ।
- **ਨਿਪਟਾਰਾ ਅਤੇ ਡਿਪੌਜ਼ਟਰੀ ਇਨਫ੍ਰਾਸਟ੍ਰਕਚਰ:** ਨਿਪਟਾਰੇ ਅਤੇ ਡਿਪੌਜ਼ਟਰੀ ਪ੍ਰਣਾਲੀਆਂ 'ਤੇ ਤਕਨੀਕੀ ਵਰਕਸ਼ੌਪ ਤੋਂ ਬਾਅਦ ਗਿਆਨ ਅਤੇ ਤਜ਼ਰਬਾ ਸਾਂਝਾ ਕਰਨ 'ਤੇ ਸਹਿਯੋਗ।
- **MSMEs ਦੇ ਲਈ ਇਨਵੌਇਸ ਡਿਸਕਾਊਂਟਿੰਗ:** ਜੈਪੁਰ ਕੰਸੈਂਸਸ (Jaipur Consensus) ਦੇ ਤਹਿਤ ਬ੍ਰਿਕਸ ਵਿੱਚ ਇਨਵੌਇਸ ਡਿਸਕਾਊਂਟਿੰਗ ਮੈਕੇਨਿਜ਼ਮ ਸਥਾਪਿਤ ਕਰਨ ਦਾ ਅਧਿਐਨ; MSMEs ਨੂੰ ਕਾਰਜਸ਼ੀਲ ਪੂੰਜੀ ਉਪਲਬਧ ਕਰਵਾਉਣ ਦਾ ਟੀਚਾ।
- **ਗਲੋਬਲ ਵੈਲਿਊ ਚੇਨਾਂ:** ਬ੍ਰਿਕਸ ਗਲੋਬਲ ਵੈਲਿਊ ਚੇਨਾਂ ਨੂੰ ਲਚਕਦਾਰ ਅਤੇ ਸਮਾਵੇਸ਼ੀ ਬਣਾਉਣ ਦੇ ਨਾਲ ਹੀ ਵਿਕਾਸਸ਼ੀਲ ਦੇਸ਼ਾਂ ਨੂੰ ਹਾਈ ਵੈਲਿਊ ਸੈੱਗਮੈਂਟ ਵਿੱਚ ਅੱਗੇ ਵਧਾਉਣ 'ਤੇ ਜ਼ੋਰ।
- **ਬ੍ਰਿਕਸ ਅਨਾਜ ਐਕਸਚੇਂਜ:** ਬ੍ਰਿਕਸ ਵਿੱਚ ਗ੍ਰੇਨ ਟ੍ਰੇਡਿੰਗ ਪਲੈਟਫਾਰਮ/ ਬੀਆਰਆਈਸੀਐੱਸ (BRICS) ਗ੍ਰੇਨ ਐਕਸਚੇਂਜ ਸਥਾਪਿਤ ਕਰਨ ਦੀ ਪਹਿਲ 'ਤੇ ਅੱਗੇ ਚਰਚਾ; ਖੇਤੀਬਾੜੀ ਉਤਪਾਦਾਂ ਅਤੇ ਵਸਤੂਆਂ ਤੱਕ ਵਿਸਤਾਰ ਦੀ ਸੰਭਾਵਨਾ।
- **ਬ੍ਰਿਕਸ ਅਗ੍ਰਿਨ (AGRIN):** ਖੇਤੀਬਾੜੀ ਇਨਪੁਟਸ, ਜੈਨੇਟਿਕ ਸਰੋਤਾਂ ਅਤੇ ਸੂਚਨਾ ਦੇ ਲਈ ਬ੍ਰਿਕਸ AGRIN ਸਥਾਪਿਤ ਕਰਨ 'ਤੇ ਸਹਿਮਤੀ; ਬੀਜ ਪ੍ਰਣਾਲੀਆਂ ਵਿੱਚ ਕਿਸਾਨਾਂ ਦੇ ਅਧਿਕਾਰਾਂ 'ਤੇ ਗਲੋਬਲ ਪਲੈਟਫਾਰਮ ਦਾ ਸੁਆਗਤ।
- **ਊਰਜਾ ਸੁਰੱਖਿਆ:** ਊਰਜਾ ਸੁਰੱਖਿਆ, ਸਥਿਰ ਊਰਜਾ ਬਜ਼ਾਰ ਅਤੇ ਲਚਕਦਾਰ ਊਰਜਾ ਇਨਫ੍ਰਾਸਟ੍ਰਕਚਰ 'ਤੇ ਜ਼ੋਰ; ਬ੍ਰਿਕਸ ਯੂਥ ਐਨਰਜੀ ਸਮਿਟ ਦਾ ਸੁਆਗਤ।
- **ਸਮਾਰਟ ਗ੍ਰਿਡ ਅਤੇ ਊਰਜਾ ਭੰਡਾਰਣ:** ਬ੍ਰਿਕਸ ਸਮਾਰਟ ਗ੍ਰਿਡਜ਼ ਐਂਡ ਐਨਰਜੀ ਸਟੋਰੇਜ ਮਾਰਗਦਰਸ਼ਕ ਸਿਧਾਂਤਾਂ ਦਾ ਸੁਆਗਤ; ਸਮਾਰਟ ਗ੍ਰਿਡ ਅਤੇ ਊਰਜਾ ਭੰਡਾਰਣ ਦੇ ਲਈ 'ਡਿਜੀਟਲ ਸੈਂਟਰ ਆਫ਼ ਐਕਸੀਲੈਂਸ' ਦੀ ਪਹਿਲ।
- **ਜਲਵਾਯੂ ਪਰਿਵਰਤਨ ਅਤੇ ਪੈਰਿਸ ਸਮਝੌਤਾ:** ਪੈਰਿਸ ਸਮਝੌਤੇ ਦੇ ਪੂਰਨ ਲਾਗੂਕਰਨ, ਅਨੁਕੂਲਨ, ਨੁਕਸਾਨ-ਹਾਨੀ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਲਈ ਕਲਾਈਮੇਟ ਫਾਈਨੈਂਸਿੰਗ 'ਤੇ ਜ਼ੋਰ।

ਆਫ਼ ਪ੍ਰਿਵਿਲੇਜ' ਨੂੰ 'ਪਲੈਟਫਾਰਮ ਆਫ਼ ਪਾਰਟਨਰਸ਼ਿਪ' ਵਿੱਚ ਬਦਲਣ ਦਾ ਸੱਦਾ ਦਿੰਦੇ ਹੋਏ ਪ੍ਰਤੀਨਿਧਤਾ, ਜਵਾਬਦੇਹੀ ਅਤੇ ਨਿਯਮ-ਨਿਰਮਾਣ—ਇਨ੍ਹਾਂ ਤਿੰਨ ਅਧਾਰਾਂ 'ਤੇ ਇੱਕ ਬ੍ਰਿਕਸ ਰਿਫੌਰਮ ਰੋਡਮੈਪ ਤਿਆਰ ਕਰਨ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਨੇ ਬ੍ਰਿਕਸ ਦੀ ਨਿਰੰਤਰਤਾ ਬਣਾਈ ਰੱਖਣ ਦੇ ਲਈ 'ਬ੍ਰਿਕਸ ਕੰਟੀਨਿਊਟੀ ਐਂਡ ਇੰਪਲੀਮੈਨਟੇਸ਼ਨ ਮੈਕੇਨਿਜ਼ਮ' ਦਾ ਪ੍ਰਸਤਾਵ ਵੀ ਰੱਖਿਆ, ਤਾਂ ਜੋ ਹਰ ਸਾਲ ਬਦਲਦੀ ਪ੍ਰਧਾਨਗੀ ਦੇ ਬਾਵਜੂਦ ਫੈਸਲਿਆਂ ਦੀ ਨਿਗਰਾਨੀ ਅਤੇ ਲਾਗੂਕਰਨ ਪ੍ਰਭਾਵਿਤ ਨਾ ਹੋਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸਮੁੰਦਰੀ ਯਾਤਰੀਆਂ ਦੀ ਸੁਰੱਖਿਆ ਦੇ ਲਈ 'ਸੀਫੇਅਰਰਜ਼ ਐਮਰਜੈਂਸੀ ਸਪੋਰਟ ਨੈੱਟਵਰਕ' ਬਣਾਉਣ ਦਾ ਸੁਝਾਅ ਵੀ ਦਿੱਤਾ।

ਐਲਾਨਨਾਮੇ ਦੇ ਅੰਤ ਵਿੱਚ ਮੈਂਬਰ ਦੇਸ਼ਾਂ ਨੇ 2026 ਵਿੱਚ ਭਾਰਤ ਦੀ ਪ੍ਰਧਾਨਗੀ ਅਤੇ ਨਵੀਂ ਦਿੱਲੀ ਵਿੱਚ ਹੋਏ ਸਫਲ ਆਯੋਜਨ ਦੇ ਲਈ ਭਾਰਤ ਸਰਕਾਰ ਅਤੇ ਜਨਤਾ ਦਾ ਧੰਨਵਾਦ ਕੀਤਾ ਅਤੇ 2027 ਵਿੱਚ ਪ੍ਰਧਾਨਗੀ ਅਤੇ 19ਵੇਂ ਸਮਿਟ ਦੀ ਮੇਜ਼ਬਾਨੀ ਦੇ ਲਈ ਚੀਨ ਨੂੰ ਪੂਰਨ ਸਮਰਥਨ ਦਿੱਤਾ।



- **ਬ੍ਰਿਕਸ ਕਾਰਬਨ ਮਾਰਕਿਟ ਸਾਂਝੇਦਾਰੀ:** ਬ੍ਰਿਕਸ ਕਾਰਬਨ ਮਾਰਕਿਟ ਪਾਰਟਨਰਸ਼ਿਪ ਰਾਹੀਂ ਕਾਰਬਨ ਬਜ਼ਾਰਾਂ 'ਤੇ ਸਹਿਯੋਗ, ਸਮਰੱਥਾ ਨਿਰਮਾਣ ਅਤੇ ਅਨੁਭਵ ਸਾਂਝੇ ਕਰਨ ਦਾ ਸਮਰਥਨ।
- **ਅੰਤਰਰਾਸ਼ਟਰੀ ਬਿਗ ਕੈਟਸ ਅਲਾਇੰਸ:** ਭਾਰਤ ਦੀ ਇੰਟਰਨੈਸ਼ਨਲ ਬਿਗ ਕੈਟਸ ਅਲਾਇੰਸ ਬਣਾਉਣ ਦੀ ਪਹਿਲ ਦਾ ਜ਼ਿਕਰ ਅਤੇ ਬ੍ਰਿਕਸ ਦੇਸ਼ਾਂ ਤੋਂ ਬਿਗ ਕੈਟਸ ਦੀ ਸੰਭਾਲ ਵਿੱਚ ਸਹਿਯੋਗ ਦਾ ਸੱਦਾ।
- **ਆਫ਼ਤ ਪ੍ਰਬੰਧਨ:** ਆਫ਼ਤ ਜੋਖਮ ਘੱਟ ਕਰਨ ਦੇ ਲਈ ਸਹਿਯੋਗ; ਡਿਜ਼ਾਸਟਰ ਮੈਨੇਜਮੈਂਟ ਅਰਲੀ ਵਾਰਨਿੰਗ ਡੇਟਾ ਇੰਟੀਗ੍ਰੇਸ਼ਨ ਗਾਈਡਲਾਈਨਜ਼ ਅਤੇ ਜਲਵਾਯੂ-ਲਚਕੀਲੇ ਸ਼ਹਿਰੀ ਇਨਫ੍ਰਾਸਟ੍ਰਕਚਰ ਦੇ ਸਵੈ-ਇੱਛੁਕ ਸਿਧਾਂਤਾਂ ਦਾ ਸੁਆਗਤ।
- **ਟਿਕਾਊ ਟ੍ਰਾਂਸਪੋਰਟ:** ਸਸਟੇਨੇਬਲ ਐਵੀਏਸ਼ਨ ਫਿਊਲਜ਼, ਟ੍ਰਾਂਸਪੋਰਟ ਡੀਕਾਰਬੋਨਾਈਜ਼ੇਸ਼ਨ ਅਤੇ ਬ੍ਰਿਕਸ ਅਰਬਨ ਮੋਬਿਲਿਟੀ ਹੱਬ ਦੀ ਸਥਾਪਨਾ ਦਾ ਸੁਆਗਤ; ਲੌਜਿਸਟਿਕਸ ਸਪਲਾਈ-ਚੇਨ ਕੋਆਪ੍ਰੇਸ਼ਨ ਫ੍ਰੇਮਵਰਕ ਵੀ ਸ਼ਾਮਲ।
- **ਸ਼ਹਿਰੀਕਰਣ ਪਲੈਟਫਾਰਮ:** ਨਵੀਂ ਦਿੱਲੀ ਵਿੱਚ ਬ੍ਰਿਕਸ ਅਰਬਨਾਈਜ਼ੇਸ਼ਨ ਫੋਰਮ ਅਤੇ ਮੰਤਰੀ-ਪੱਧਰੀ ਐਲਾਨਨਾਮੇ ਦਾ ਸੁਆਗਤ; ਬ੍ਰਿਕਸ ਅਰਬਨ ਰਿਸਰਚ ਐਂਡ ਨੌਲੇਜ ਨੈੱਟਵਰਕ ਦੀ ਸਥਾਪਨਾ।
- **ਹੈਲਥ ਅਤੇ ਟੀਬੀ:** ਯੂਨੀਵਰਸਲ ਹੈਲਥ ਕਵਰੇਜ 'ਤੇ ਸਹਿਯੋਗ; ਟੀਬੀ ਖੋਜ, ਸਾਂਝੀ ਤਕਨਾਲੋਜੀ ਅਤੇ ਏਕੀਕ੍ਰਿਤ ਪੂਰਵ-ਚੇਤਾਵਨੀ ਪ੍ਰਣਾਲੀ ਦੇ ਲਈ ਸਮਰਪਿਤ ਉਪ-ਕਾਰਜ ਸਮੂਹ ਦੀ ਸਥਾਪਨਾ।
- **ਨਵਾਂ ਵਿਕਾਸ ਬੈਂਕ:** NDB ਦੀ ਭੂਮਿਕਾ ਨੂੰ ਮਜ਼ਬੂਤ ਕਰਨ, ਲੋਕਲ ਕਰੰਸੀ ਫੰਡਿੰਗ ਵਧਾਉਣ, ਵਿੱਤ-ਪੋਸ਼ਣ ਦੇ ਸਰੋਤਾਂ ਵਿੱਚ ਵਿਭਿੰਨਤਾ ਲਿਆਉਣ ਅਤੇ ਗਲੋਬਲ ਸਾਊਥ ਵਿੱਚ ਇਨਫ੍ਰਾਸਟ੍ਰਕਚਰ ਨਿਵੇਸ਼ ਨੂੰ ਉਤਸ਼ਾਹ ਦੇਣ 'ਤੇ ਜ਼ੋਰ।
- **ਭਾਰਤ ਦੀ ਪ੍ਰਧਾਨਗੀ ਅਤੇ ਚੀਨ ਨੂੰ ਸਮਰਥਨ:** ਬ੍ਰਿਕਸ ਨੇ ਭਾਰਤ ਦੀ 2026 ਦੀ ਪ੍ਰਧਾਨਗੀ ਦੀ ਸ਼ਲਾਘਾ ਕੀਤੀ ਅਤੇ ਨਵੀਂ ਦਿੱਲੀ ਸਮਿਟ ਦੇ ਆਯੋਜਨ ਦੇ ਲਈ ਭਾਰਤ ਦਾ ਧੰਨਵਾਦ ਕੀਤਾ। 2027 ਦੀ ਬ੍ਰਿਕਸ ਪ੍ਰਧਾਨਗੀ ਅਤੇ ਸਮਿਟ ਦੇ ਲਈ ਚੀਨ ਨੂੰ ਪੂਰਾ ਸਮਰਥਨ ਦਿੱਤਾ।

30 ਸ਼ਹਿਰ, 400 ਮੀਟਿੰਗਾਂ, 9 ਮਹੀਨਿਆਂ ਦਾ ਮਹਾ-ਮੰਥਨ

1 ਜਨਵਰੀ 2026 ਨੂੰ ਪ੍ਰਧਾਨਗੀ ਸੰਭਾਲਣ ਦੇ ਨਾਲ ਹੀ ਭਾਰਤ ਨੇ ਪੂਰੇ ਸਾਲ ਇੱਕ ਯੋਜਨਾਬੱਧ ਕੈਲੰਡਰ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਉਦੇਸ਼ ਸੀ ਕਿ ਬ੍ਰਿਕਸ ਸਹਿਯੋਗ ਸਿਰਫ਼ ਸਮਿਟ ਦੇ ਦੋ ਦਿਨਾਂ ਤੱਕ ਸੀਮਤ ਨਾ ਰਹੇ, ਸਗੋਂ ਹਰ ਮੰਤਰਾਲੇ, ਹਰ ਖੇਤਰ ਅਤੇ ਹਰ ਵਰਗ ਤੱਕ ਪਹੁੰਚੇ। ਸਾਲ ਭਰ ਵਿੱਚ ਦੇਸ਼ ਦੇ 30 ਤੋਂ ਵੱਧ ਸ਼ਹਿਰਾਂ ਵਿੱਚ 400 ਤੋਂ ਵੱਧ ਮੀਟਿੰਗਾਂ ਅਤੇ ਪ੍ਰੋਗਰਾਮ ਹੋਏ। ਇਸ ਵਿੱਚ ਮੰਤਰੀ-ਪੱਧਰੀ ਮੀਟਿੰਗਾਂ ਤੋਂ ਲੈ ਕੇ ਵਰਕਸ਼ੌਪਸ, ਪਲੈਟਫਾਰਮਾਂ ਅਤੇ ਸੰਮੇਲਨਾਂ ਦਾ ਰੂਪ ਦਿੱਤਾ ਗਿਆ।

ਸਮਿਟ ਤੋਂ ਠੀਕ ਪਹਿਲਾਂ ਦੇ ਹਫ਼ਤਿਆਂ ਵਿੱਚ ਹੋਈਆਂ ਮੰਤਰੀ-ਪੱਧਰੀ ਮੀਟਿੰਗਾਂ ਨੇ ਇਸ ਪ੍ਰਧਾਨਗੀ ਦੀ ਦਿਸ਼ਾ ਤੈਅ ਕਰ ਦਿੱਤੀ ਸੀ। ਚੇੱਨਈ ਵਿੱਚ ਹੋਈ 14ਵੀਂ ਬ੍ਰਿਕਸ ਵਿਗਿਆਨ ਮੰਤਰੀ-ਪੱਧਰੀ ਮੀਟਿੰਗ ਵਿੱਚ 'ਚੇੱਨਈ ਐਲਾਨ



ਨਾਮੇ' ਨੂੰ ਮਨਜ਼ੂਰੀ ਦਿੱਤੀ ਗਈ। ਜਿਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ, ਕੁਆਂਟਮ ਤਕਨਾਲੋਜੀ ਅਤੇ ਬਾਇਓ-ਤਕਨਾਲੋਜੀ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਅਤੇ 'ਬ੍ਰਿਕਸ ਵਿਗਿਆਨ ਅਤੇ ਖੋਜ ਭੰਡਾਰ' ਬਣਾਉਣ 'ਤੇ ਸਹਿਮਤੀ ਬਣੀ। 17 ਅਗਸਤ ਨੂੰ ਭੁਵਨੇਸ਼ਵਰ ਵਿੱਚ ਹੋਈ 13ਵੀਂ ਸਿੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਸ਼ੁਰੂਆਤੀ ਸਿੱਖਿਆ ਅਤੇ ਬੁਨਿਆਦੀ ਸਾਖ਼ਰਤਾ ਵਿੱਚ ਸੁਧਾਰ ਕਰਨ ਦੇ ਨਾਲ ਹੀ ਸਿੱਖਿਆ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਨੈਤਿਕ ਇਸਤੇਮਾਲ 'ਤੇ ਸਹਿਮਤੀ ਬਣੀ।

18 ਅਗਸਤ ਨੂੰ ਨਵੀਂ ਦਿੱਲੀ ਵਿੱਚ ਹੋਈ 12ਵੀਂ ਵਾਤਾਵਰਣ ਮੰਤਰੀਆਂ ਦੀ ਮੀਟਿੰਗ ਵਿੱਚ ਭਾਰਤ ਨੇ ਟਿਕਾਊ ਜੀਵਨ ਸ਼ੈਲੀ, ਜੰਗਲਾਤ, ਸਰਕੂਲਰ ਅਰਥਵਿਵਸਥਾ ਅਤੇ ਜਲਵਾਯੂ ਅਨੁਕੂਲਨ ਨੂੰ ਚਾਰ ਤਰਜੀਹਾਂ ਦੇ ਰੂਪ ਵਿੱਚ ਰੱਖਿਆ। 21 ਅਗਸਤ ਨੂੰ ਜੈਪੁਰ ਵਿੱਚ ਹੋਈ ਟੂਰਿਜ਼ਮ ਮੰਤਰੀਆਂ ਦੀ ਮੀਟਿੰਗ ਵਿੱਚ 'ਜੈਪੁਰ ਘੋਸ਼ਣਾ' ਅਪਣਾਈ ਗਈ, ਜਿਸ ਵਿੱਚ ਟੂਰਿਜ਼ਮ ਵਿੱਚ ਤਕਨਾਲੋਜੀ ਦੀ ਵਰਤੋਂ ਅਤੇ ਟਿਕਾਊ ਟੂਰਿਜ਼ਮ'ਤੇ ਜ਼ੋਰ ਦਿੱਤਾ ਗਿਆ। 22 ਅਗਸਤ ਨੂੰ ਵਿਸ਼ਾਖਾਪਟਨਮ ਵਿੱਚ ਯੂਥ ਮੰਤਰੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਪ੍ਰਤੀਨਿਧੀਆਂ ਨੇ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਤਹਿਤ ਪੌਦੇ ਲਗਾਏ।

ਸਿਹਤ ਖੇਤਰ ਦੀ ਚੰਡੀਗੜ੍ਹ ਵਿੱਚ 23 ਜੁਲਾਈ ਨੂੰ ਹੋਈ 16ਵੀਂ ਬ੍ਰਿਕਸ ਸਿਹਤ ਮੰਤਰੀਆਂ ਦੀ ਮੀਟਿੰਗ ਵਿਸ਼ੇਸ਼ ਰੂਪ ਨਾਲ ਮਹੱਤਵਪੂਰਨ ਰਹੀ, ਜਿੱਥੇ ਯੂਨੀਵਰਸਲ ਹੈਲਥ ਕਵਰੇਜ, ਟੀਬੀ ਦੇ ਖ਼ਾਤਮੇ ਅਤੇ ਮਹਾਮਾਰੀ ਦੇ ਲਈ ਅਰਲੀ ਵਾਰਨਿੰਗ ਸਿਸਟਮ 'ਤੇ ਸਹਿਮਤੀ ਬਣੀ ਅਤੇ ਨਿਮਹਾਂਸ (NIMHANS) ਦੇ ਤਾਲਮੇਲ ਨਾਲ ਮਾਨਸਿਕ ਸਿਹਤ 'ਤੇ ਇੱਕ ਨਵਾਂ ਨੈੱਟਵਰਕ ਬਣਾਉਣ ਦਾ ਫ਼ੈਸਲਾ ਹੋਇਆ। ਇੰਦੌਰ ਵਿੱਚ ਹੋਈ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਵਿੱਚ ਕਿਸਾਨ ਕੇਂਦ੍ਰਿਤ 'ਬ੍ਰਿਕਸ ਐਗਰੀਨ' (ਖੇਤੀਬਾੜੀ-ਇਨਪੁੱਟ, ਜੈਨੇਟਿਕ ਸਰੋਤ ਅਤੇ ਸੂਚਨਾ ਨੈੱਟਵਰਕ) ਪਲੈਟਫਾਰਮ ਬਣਾਉਣ 'ਤੇ ਸਹਿਮਤੀ ਬਣੀ।

> ***"ਤਕਨਾਲੋਜੀ ਅਤੇ ਕ੍ਰਿਟੀਕਲ ਮਿਨਰਲਜ਼ ਦਾ Weaponization ਸਾਡੀ ਸਾਂਝੀ ਤਰੱਕੀ ਵਿੱਚ ਰੁਕਾਵਟ ਬਣ ਸਕਦਾ ਹੈ। ਇਸ ਲਈ ਅਸੀਂ ਤਕਨਾਲੋਜੀ ਦੇ ਅਡੌਪਸ਼ਨ ਵਿੱਚ Inclusivity 'ਤੇ ਜ਼ੋਰ ਦਿੱਤਾ ਹੈ।***
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਕੋਚੀ ਵਿੱਚ ਮਹਿਲਾ ਮੰਤਰੀ ਪੱਧਰੀ ਮੀਟਿੰਗ, ਭੋਪਾਲ ਵਿੱਚ ਸੱਭਿਆਚਾਰਕ ਮੰਤਰੀਆਂ ਦੀ ਮੀਟਿੰਗ (ਜਿੱਥੇ 'ਭੋਪਾਲ ਘੋਸ਼ਣਾ' ਅਪਣਾਈ ਗਈ), ਨਾਗਪੁਰ ਵਿੱਚ ਆਵਾਜਾਈ ਮੰਤਰੀਆਂ ਦੀ ਮੀਟਿੰਗ ਅਤੇ ਆਗਰਾ ਵਿੱਚ ਪਹਿਲਾ ਬ੍ਰਿਕਸ ਲਘੂ ਅਤੇ ਦਰਮਿਆਨੇ ਉਦਯੋਗ ਪਲੈਟਫਾਰਮ—ਇਨ੍ਹਾਂ ਸਾਰਿਆਂ ਨੇ ਮਿਲ ਕੇ ਇਹ ਦਿਖਾਇਆ ਕਿ ਭਾਰਤ ਦੀ ਪ੍ਰਧਾਨਗੀ ਕਿੰਨੀ ਵਿਆਪਕ ਅਤੇ ਸਮਾਵੇਸ਼ੀ ਰਹੀ।

11 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਹੋਇਆ ਬ੍ਰਿਕਸ ਬਿਜ਼ਨਸ ਫੋਰਮ 2026 ਹੁਣ ਤੱਕ ਦਾ ਸਭ ਤੋਂ ਵੱਡਾ ਬ੍ਰਿਕਸ ਬਿਜ਼ਨਸ ਫੋਰਮ ਰਿਹਾ। ਇਸ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪਿਛਲੇ 20 ਵਰ੍ਹਿਆਂ ਵਿੱਚ ਜਿੱਥੇ ਗਲੋਬਲ ਜੀਡੀਪੀ (GDP) ਲਗਭਗ ਢਾਈ ਗੁਣਾ ਵਧੀ ਹੈ, ਉੱਥੇ ਹੀ ਬ੍ਰਿਕਸ ਦੇਸ਼ਾਂ ਦੀ ਸੰਯੁਕਤ ਜੀਡੀਪੀ ਸਾਢੇ ਚਾਰ ਗੁਣਾ ਵਧੀ ਹੈ। ਯਾਨੀ

ਸਾਡਾ ਮੰਨਣਾ ਹੈ ਕਿ BRICS ਵਿੱਚ ਵਿਕਸਿਤ solutions ਦਾ ਲਾਭ ਸਿਰਫ਼ ਬ੍ਰਿਕਸ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਗਲੋਬਲ ਸਾਊਥ ਦੀਆਂ ਜ਼ਰੂਰਤਾਂ ਦੇ ਅਨੁਕੂਲ adaptable ਅਤੇ accessible ਬਣਾਉਣਾ ਚਾਹੀਦਾ ਹੈ।

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਬ੍ਰਿਕਸ ਦੀ ਆਰਥਿਕ ਤਾਕਤ ਦੁਨੀਆ ਦੀ ਤੁਲਨਾ ਵਿੱਚ ਲਗਭਗ ਦੁੱਗਣੀ ਰਫ਼ਤਾਰ ਨਾਲ ਅੱਗੇ ਵਧੀ ਹੈ। ਉਨ੍ਹਾਂ ਨੇ ਭਾਰਤ ਦੇ ਦੋ ਲੱਖ ਤੋਂ ਵੱਧ ਸਟਾਰਟਅੱਪਸ ਅਤੇ 120 ਤੋਂ ਵੱਧ ਯੂਨੀਕੌਰਨ, ਯੂਪੀਆਈ ਵਰਗੀ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਅਤੇ 2014 ਤੋਂ ਬਾਅਦ ਲਗਭਗ 40 ਦੇਸ਼ਾਂ ਦੇ ਨਾਲ ਹੋਏ ਮੁਕਤ ਵਪਾਰ ਸਮਝੌਤਿਆਂ ਦਾ ਜ਼ਿਕਰ ਕਰਦੇ ਹੋਏ ਬ੍ਰਿਕਸ ਵਪਾਰ ਪ੍ਰੀਸ਼ਦ ਨੂੰ ਅਪੀਲ ਕੀਤੀ ਕਿ ਉਹ ਹਰ ਸਾਲ ਵਪਾਰਕ ਰੁਕਾਵਟਾਂ 'ਤੇ ਇੱਕ ਰਿਪੋਰਟ ਤਿਆਰ ਕਰੇ, 100 ਸਟਾਰਟਅੱਪ ਨੂੰ ਦੂਜੇ ਬਜ਼ਾਰਾਂ ਵਿੱਚ ਵਿਸਤਾਰ ਕਰਨ ਵਿੱਚ ਮਦਦ ਕਰੇ ਅਤੇ ਕਾਰੋਬਾਰਾਂ ਦਰਮਿਆਨ ਇੱਕ ਹਜ਼ਾਰ ਨਵੀਆਂ ਭਾਈਵਾਲੀਆਂ ਵਿਕਸਿਤ ਕਰੇ।

ਪਲੈਟਫਾਰਮ ਤੋਂ ਮੁਲਾਕਾਤ ਤੱਕ, ਪੀਐੱਮ ਮੋਦੀ ਦੀ ਸਰਗਰਮ ਕੂਟਨੀਤੀ

ਸਮਿਟ ਦੇ ਨਾਲ-ਨਾਲ ਪ੍ਰਧਾਨ ਮੰਤਰੀ ਮੋਦੀ ਨੇ ਕਈ ਦੁਵੱਲੀਆਂ ਮੀਟਿੰਗਾਂ ਦੇ ਜ਼ਰੀਏ ਵੀ ਵਿਸ਼ਵ ਨੇਤਾਵਾਂ ਦੇ ਨਾਲ ਬਿਹਤਰ ਤਾਲਮੇਲ ਸਥਾਪਿਤ ਕੀਤਾ, ਜੋ ਭਾਰਤ ਦੀ ਪ੍ਰਧਾਨਗੀ ਨੂੰ ਹੋਰ ਸਾਰਥਕ ਬਣਾ ਗਿਆ। 12 ਸਤੰਬਰ ਨੂੰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਨਾਲ ਹੋਈ ਮੁਲਾਕਾਤ ਵਿੱਚ ਦੋਵਾਂ ਨੇਤਾਵਾਂ ਨੇ ਅਗਸਤ 2025 ਦੀ ਤਿਆਨਜਿਨ ਮੀਟਿੰਗ ਤੋਂ ਬਾਅਦ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਦਾ ਸੁਆਗਤ ਕੀਤਾ। ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵਾਂ ਧਿਰਾਂ ਨੂੰ ਆਪਸੀ ਸਨਮਾਨ, ਆਪਸੀ ਸੰਵੇਦਨਸ਼ੀਲਤਾ ਅਤੇ ਆਪਸੀ ਹਿਤ—ਇਨ੍ਹਾਂ ਤਿੰਨ 'ਆਪਸੀ ਹਿਤਾਂ' ਤੋਂ ਮਾਰਗਦਰਸ਼ਨ ਲੈਣਾ ਚਾਹੀਦਾ ਹੈ ਅਤੇ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਦੁਵੱਲੇ ਸਬੰਧਾਂ ਦੇ ਨਿਰੰਤਰ ਵਿਕਾਸ ਦਾ ਅਧਾਰ ਦੱਸਿਆ।

13 ਸਤੰਬਰ ਨੂੰ ਪ੍ਰਧਾਨ ਮੰਤਰੀ ਨੇ ਕਜ਼ਾਕਿਸਤਾਨ ਦੇ ਰਾਸ਼ਟਰਪਤੀ ਕਾਸਿਮ-ਜੋਮਾਰਟ ਤੋਕਾਯੇਵ ਨਾਲ ਮੁਲਾਕਾਤ ਕਰਕੇ ਰਾਜਨੀਤਕ, ਵਪਾਰ, ਰੱਖਿਆ, ਊਰਜਾ ਅਤੇ ਮਹੱਤਵਪੂਰਨ ਖਣਿਜਾਂ ਸਮੇਤ ਕਈ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਦੀ ਸਮੀਖਿਆ ਕੀਤੀ। ਇਸੇ ਦਿਨ ਯੁਗਾਂਡਾ ਦੀ ਉਪ ਰਾਸ਼ਟਰਪਤੀ ਜੈਸਿਕਾ ਰੋਜ਼ ਅਲੁਪੋ ਨਾਲ ਹੋਈ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨੇ ਯੁਗਾਂਡਾ ਦੇ 'ਵਿਜ਼ਨ 2040'ਨੂੰ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ, ਜਦਕਿ ਨਾਇਜੀਰੀਆ ਦੇ ਉਪ ਰਾਸ਼ਟਰਪਤੀ ਕਾਸ਼ਿਮ ਸ਼ੇਟਿਮਾ ਮੁਸਤਫ਼ਾ ਦੇ ਨਾਲ ਗੱਲਬਾਤ ਵਿੱਚ ਵਪਾਰ, ਊਰਜਾ, ਖੇਤੀਬਾੜੀ ਅਤੇ ਡਿਜੀਟਲ ਤਕਨਾਲੋਜੀ ਸਮੇਤ ਮੁੱਖ ਖੇਤਰਾਂ



18ਵੀਂ ਬ੍ਰਿਕਸ ਸਮਿਟ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਵਿੱਚ ਭਾਰਤ-ਨਾਇਜੀਰੀਆ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ‘ਤੇ ਸਹਿਮਤੀ ਬਣੀ।

ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਦੇ ਨਾਲ ਮੁਲਾਕਾਤ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਦੱਖਣੀ ਅਫਰੀਕਾ ਤੋਂ ਭਾਰਤ ਵਿੱਚ ਹੋਏ ਚੀਤਿਆਂ ਦੇ ਸਫਲ ਤਬਾਦਲੇ ਦਾ ਜ਼ਿਕਰ ਕਰਦੇ ਹੋਏ ਦੱਖਣੀ ਅਫਰੀਕਾ ਨੂੰ ਇੰਟਰਨੈਸ਼ਨਲ ਬਿਗ ਕੈਟ ਅਲਾਇੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਅਫਰੀਕੀ ਸੰਘ ਦੇ ਪ੍ਰਧਾਨ ਅਤੇ ਬੁਰੁੰਡੀ ਦੇ ਰਾਸ਼ਟਰਪਤੀ ਐਵਰਿਸਟ ਨਦਾਯਿਸ਼ਿਮਿਏ ਦੇ ਨਾਲ ਹੋਈ ਗੱਲਬਾਤ ਵਿੱਚ ਦੋਵਾਂ ਨੇਤਾਵਾਂ ਨੇ ਚੌਥੇ ਭਾਰਤ-ਅਫਰੀਕਾ ਫੋਰਮ ਸਮਿਟ ਦੇ ਆਯੋਜਨ ‘ਤੇ ਚਰਚਾ ਕੀਤੀ ਅਤੇ ਪ੍ਰਧਾਨ ਮੰਤਰੀ ਨੇ ਈਬੋਲਾ ਪ੍ਰਕੋਪ ਨਾਲ ਨਜਿੱਠਣ ਵਿੱਚ ਅਫਰੀਕੀ ਸੰਘ ਦੀ ਅਗਵਾਈ ਦੀ ਸ਼ਲਾਘਾ ਕੀਤੀ।

ਇਨ੍ਹਾਂ ਸਾਰੀਆਂ ਮੀਟਿੰਗਾਂ ਦੀ ਇੱਕ ਸਾਂਝੀ ਕੜੀ ਰਹੀ- ਭਾਰਤ ਦਾ ਗਲੋਬਲ ਸਾਊਥ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਚੁੱਕਣ ਅਤੇ ਬਹੁ-ਧੁਰਵੀ, ਸਮਾਵੇਸ਼ੀ ਅੰਤਰਰਾਸ਼ਟਰੀ ਵਿਵਸਥਾ ਦੀ ਦਿਸ਼ਾ ਵਿੱਚ ਮਿਲ ਕੇ ਕੰਮ ਕਰਨ ਦੀ ਅਪੀਲ। ਇਹੋ ਉਹ ਧਾਗਾ ਸੀ ਜਿਸਨੇ ਸਮਿਟ ਦੇ ਰਸਮੀ ਸੈਸ਼ਨਾਂ ਨੂੰ ਦੁਵੱਲੀ ਕੂਟਨੀਤੀ ਦੀ ਗਰਮਜੋਸ਼ੀ ਨਾਲ ਜੋੜ ਦਿੱਤਾ।

ਇਨ੍ਹਾਂ ਦੁਵੱਲੀਆਂ ਮੁਲਾਕਾਤਾਂ ਤੋਂ ਬਾਅਦ ਕਈ ਨੇਤਾਵਾਂ ਨੇ ਭਾਰਤ ਦੀ ਮੇਜ਼ਬਾਨੀ ਦੀ ਸ਼ਲਾਘਾ ਕੀਤੀ। ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਗਰਮਜੋਸ਼ੀ ਭਰੇ ਸੁਆਗਤ ਅਤੇ ਸਮਿਟ ਦੇ ਸਫਲ ਆਯੋਜਨ ਦੇ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। ਨਵੀਂ ਦਿੱਲੀ ਘੋਸ਼ਣਾ ਪੱਤਰ ਵਿੱਚ ਵੀ ਸਾਰੇ ਮੈਂਬਰ ਦੇਸ਼ਾਂ ਨੇ ਸਮੂਹਿਕ ਤੌਰ ‘ਤੇ 2026 ਵਿੱਚ ਭਾਰਤ ਦੀ ਪ੍ਰਧਾਨਗੀ ਦੀ ਸ਼ਲਾਘਾ ਕਰਦੇ ਹੋਏ ਨਵੀਂ ਦਿੱਲੀ ਵਿੱਚ 18ਵੇਂ ਸਮਿਟ ਦੇ ਸਫਲ ਆਯੋਜਨ ਦੇ ਲਈ ਭਾਰਤ ਸਰਕਾਰ ਅਤੇ ਭਾਰਤੀ ਜਨਤਾ ਦੇ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

> *“ਗਲੋਬਲ ਸਾਊਥ ਗਲੋਬਲ ਸੰਕਟਾਂ ਦਾ ਸਾਹਮਣਾ ਕਰਨ ਦੇ ਮਾਮਲੇ ਵਿੱਚ ਸਭ ਤੋਂ ਅਗਲੀ ਲਾਈਨ ਵਿੱਚ ਹੈ ਪਰ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਪਿੱਛੇ। ਸਾਨੂੰ ‘ਪਿਰਾਮਿਡ ਆਫ਼ ਪ੍ਰਿਵਿਲੇਜ’ ਨੂੰ ‘ਪਲੈਟਫਾਰਮ ਆਫ਼ ਪਾਰਟਨਰਸ਼ਿਪ’ ਵਿੱਚ ਬਦਲਣਾ ਹੋਵੇਗਾ।*
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

‘ਨਮਸਤੇ’ ਦੀ ਗੂੰਜ: ਸੱਭਿਆਚਾਰ ਨਾਲ ਜੁੜਿਆ ਬ੍ਰਿਕਸ ਪਰਿਵਾਰ

ਭਾਰਤ ਨੇ ਆਪਣੀ ਪ੍ਰਧਾਨਗੀ ਹੇਠ ਸੱਭਿਆਚਾਰਕ ਅਦਾਨ-ਪ੍ਰਦਾਨ ਨੂੰ ਵੀ ਓਨਾ ਹੀ ਮਹੱਤਵ ਦਿੱਤਾ, ਜਿੰਨਾ ਆਰਥਿਕ ਅਤੇ ਰਾਜਨੀਤਕ ਮੁੱਦਿਆਂ ਨੂੰ। ਭੋਪਾਲ ਵਿੱਚ ਆਯੋਜਿਤ 11ਵੀਂ ਬ੍ਰਿਕਸ ਸੱਭਿਆਚਰਕ ਮੰਤਰੀਆਂ ਦੀ ਮੀਟਿੰਗ ਵਿੱਚ ਅਪਣਾਈ ਗਈ ‘ਭੋਪਾਲ ਘੋਸ਼ਣਾ’ ਵਿੱਚ ਸੱਭਿਆਚਾਰਕ ਵਿਰਾਸਤ ਦੀ ਸੁਰੱਖਿਆ, ਸੰਗ੍ਰਹਾਲਯ-ਅਭਿਲੇਖਾਗਾਰਾਂ ਦਰਮਿਆਨ ਸਹਿਯੋਗ ਅਤੇ ਕਲਾਕਾਰਾਂ ਦੇ ਲਈ ਇੱਕ ਸਾਂਝੀ ਰਜਿਸਟਰੀ ਬਣਾਉਣ ਵਰਗੀਆਂ ਪਹਿਲਕਦਮੀਆਂ ‘ਤੇ ਸਹਿਮਤੀ ਬਣੀ। ਇਸਦੇ ਨਾਲ ਹੀ ਬ੍ਰਿਕਸ ਸੱਭਿਆਚਾਰਕ ਮਹੋਤਸਵ, ਥੀਏਟਰ ਮਹੋਤਸਵ ਅਤੇ ਫਿਲਮ ਮਹੋਤਸਵ ਦੇ ਆਯੋਜਨ ਨੇ ਮੈਂਬਰ ਦੇਸ਼ਾਂ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਪਲੈਟਫਾਰਮ ਦਿੱਤਾ। 20 ਸਾਲ ਦੇ ਬ੍ਰਿਕਸ ਸਹਿਯੋਗ ਨੂੰ ਯਾਦਗਾਰ ਬਣਾਉਣ ਦੇ ਲਈ 12 ਸਤੰਬਰ 2026 ਨੂੰ ਨਵੀਂ ਦਿੱਲੀ ਵਿੱਚ ਦੋ ਯਾਦਗਾਰੀ ਡਾਕ ਟਿਕਟ ਵੀ ਜਾਰੀ ਕੀਤੇ ਗਏ- ‘ਬ੍ਰਿਕਸ: ਸਹਿਯੋਗ ਦੇ ਦੋ ਦਹਾਕੇ, 2006-2026’। ਪਹਿਲਾ



ਟਿਕਟ ਆਪਸੀ ਸਨਮਾਨ ਅਤੇ ਇਕਜੁੱਟਤਾ ਦੇ ਪਲੈਟਫਾਰਮ ਦੇ ਰੂਪ ਵਿੱਚ ਬ੍ਰਿਕਸ ਦੇ ਉਭਰਨ ਨੂੰ ਦਰਸਾਉਂਦਾ ਹੈ, ਜਦਕਿ ਦੂਜਾ ਟਿਕਟ ਭਾਰਤ ਦੀ ਪ੍ਰਧਾਨਗੀ ਦੇ 'ਮਨੁੱਖਤਾ ਪਹਿਲਾਂ' ਅਤੇ 'ਜਨ-ਕੇਂਦ੍ਰਿਤ' ਵਿਜ਼ਨ ਅਤੇ ਲੋਗੋ ਨੂੰ ਪ੍ਰਦਰਸ਼ਿਤ ਕਰਦਾ ਹੈ।
ਇਸ ਗਲੋਬਲ ਸੰਮੇਲਨ ਦੇ ਦੌਰਾਨ ਭਾਰਤ ਵੱਲੋਂ ਵਿਦੇਸ਼ੀ ਮਹਿਮਾਨਾਂ ਨੂੰ ਸਥਾਨਕ ਸੱਭਿਆਚਾਰ ਅਤੇ ਕਲਾ ਨਾਲ ਜੁੜੇ ਯਾਦਗਾਰੀ ਚਿੰਨ੍ਹ ਵੀ ਭੇਟ ਕੀਤੇ ਗਏ। ਇਸ ਵਿੱਚ ਵਿਸ਼ੇਸ਼ ਤੌਰ 'ਤੇ 'ਇੱਕ ਜ਼ਿਲ੍ਹਾ ਇੱਕ ਉਤਪਾਦ' (ਓਡੀਓਪੀ) ਪਹਿਲ ਦੇ ਤਹਿਤ ਤਿਆਰ ਪਸ਼ਮੀਨਾ ਸ਼ਾਲ, ਵਾਰਾਣਸੀ ਦਾ ਰੇਸ਼ਮੀ ਬ੍ਰੋਕੇਡ, ਕੰਨੌਜ ਦਾ ਇਤ੍ਰ, ਰਾਜਸਥਾਨੀ ਮੀਣਾਕਾਰੀ ਅਤੇ ਖਾਦੀ ਉਤਪਾਦਾਂ ਵਰਗੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਯੁਵਾ ਜੋਸ਼, ਨਾਰੀ ਅਗਵਾਈ ਬਣੀ ਬ੍ਰਿਕਸ ਦਾ ਮਨੁੱਖੀ ਚਿਹਰਾ

ਭਾਰਤ ਦੀ ਪ੍ਰਧਾਨਗੀ ਦੀ ਇੱਕ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਉਸਨੇ ਬ੍ਰਿਕਸ ਸਹਿਯੋਗ ਨੂੰ ਸਰਕਾਰੀ ਦਾਇਰੇ ਤੋਂ ਬਾਹਰ ਕੱਢ ਕੇ ਆਮ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਅਤੇ ਮਹਿਲਾਵਾਂ ਤੱਕ ਪਹੁੰਚਾਇਆ।

> *"ਗਲੋਬਲ ਟ੍ਰੇਡ ਉਦੋਂ ਹੀ ਅੱਗੇ ਵਧ ਸਕਦਾ ਹੈ ਜਦੋਂ sea lanes ਸੁਰੱਖਿਅਤ ਹੋਣ, supply routes Open ਹੋਣ ਅਤੇ seafarers Safe ਹੋਣ। ਅਤੇ ਇਸ ਲਈ, ਭਾਰਤ freedom of navigation ਅਤੇ seafarers ਦੀ Safety ਦਾ ਦ੍ਰਿੜ੍ਹ ਸਮਰਥਕ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨੌਜਵਾਨਾਂ ਦੀ ਭਾਗੀਦਾਰੀ: 22 ਅਗਸਤ 2026 ਨੂੰ ਵਿਸ਼ਾਖਾਪਟਨਮ ਵਿੱਚ ਹੋਈ ਬ੍ਰਿਕਸ ਯੁਵਾ ਮੰਤਰੀਆਂ ਦੀ ਮੀਟਿੰਗ ਵਿੱਚ ਸਿੱਖਿਆ, ਹੁਨਰ ਵਿਕਾਸ ਰੁਜ਼ਗਾਰ ਅਤੇ ਯੁਵਾ ਉੱਦਮਤਾ ਵਿੱਚ ਸਹਿਯੋਗ ਵਧਾਉਣ 'ਤੇ ਸਹਿਮਤੀ



ਬਣੀ, ਨਾਲ ਹੀ ਨੌਜਵਾਨਾਂ ਦੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਸਾਰਥਕ ਭਾਗੀਦਾਰੀ ਅਤੇ ਯੁਵਾ ਅਗਵਾਈ ਨੂੰ ਹੁਲਾਰਾ ਦੇਣ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ 'ਤੇ ਪ੍ਰਤੀਨਿਧੀਆਂ ਨੇ 'ਇੱਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਤਹਿਤ ਪੌਦੇ ਵੀ ਲਗਾਏ। ਇਹ ਇੱਕ ਅਜਿਹਾ ਪ੍ਰਤੀਕਾਤਮਕ ਕਦਮ ਬਣਿਆ ਜਿਸ ਨੇ ਵਾਤਾਵਰਣ ਅਤੇ ਭਾਵਨਾਤਮਕ ਜੁੜਾਅ, ਦੋਵਾਂ ਨੂੰ ਇੱਕ ਨਾਲ ਜੋੜਿਆ। ਨਵੀਂ ਦਿੱਲੀ ਘੋਸ਼ਣਾ ਪੱਤਰ ਵਿੱਚ ਵੀ ਬ੍ਰਿਕਸ ਯੂਥ ਕੌਂਸਲ ਅਤੇ ਬ੍ਰਿਕਸ ਯੂਥ ਸਮਿਟ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹੋਏ ਸਿੱਖਿਆ, ਹੁਨਰ, ਉੱਦਮਤਾ, ਸਿਹਤ ਅਤੇ ਵਾਤਾਵਰਣ ਦੇ ਖੇਤਰਾਂ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਵਧਾਉਣ ਦਾ ਸੱਦਾ ਦਿੱਤਾ ਗਿਆ। ਨਾਲ ਹੀ, ਬ੍ਰਿਕਸ ਯੂਥ ਕੋਆਪ੍ਰੇਸ਼ਨ ਫ੍ਰੇਮਵਰਕ 'ਤੇ ਹੋਈ ਪ੍ਰਗਤੀ ਦਾ ਵੀ ਸੁਆਗਤ ਕੀਤਾ ਗਿਆ।

ਮਹਿਲਾ ਅਗਵਾਈ: ਕੋਚੀ ਵਿੱਚ ਆਯੋਜਿਤ ਬ੍ਰਿਕਸ ਮਹਿਲਾ ਮੰਤਰੀ ਪੱਧਰੀ ਮੀਟਿੰਗ ਮਹਿਲਾ ਅਗਵਾਈ ਵਾਲੇ ਵਿਕਾਸ ਦੀ ਪਰਿਕਲਪਨਾ 'ਤੇ ਕੇਂਦ੍ਰਿਤ ਰਹੀ, ਜਿਸ ਵਿੱਚ ਮਹਿਲਾਵਾਂ ਨੂੰ ਆਰਥਿਕ ਵਿਕਾਸ ਅਤੇ ਸਮਾਜਿਕ ਬਦਲਾਅ ਦੀ ਪ੍ਰੇਰਕ ਸ਼ਕਤੀ ਦੇ ਰੂਪ ਵਿੱਚ ਮਾਨਤਾ ਦਿੱਤੀ ਗਈ। ਇਸ ਮੀਟਿੰਗ ਵਿੱਚ ਬ੍ਰਿਕਸ ਮਹਿਲਾ ਡਿਜੀਟਲ ਸਮਰੱਥਾ ਨਿਰਮਾਣ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਦਾ ਸੁਆਗਤ ਹੋਇਆ। ਇਸ ਦੇ ਨਾਲ ਹੀ ਬ੍ਰਿਕਸ ਮਹਿਲਾ ਵਪਾਰ ਗਠਜੋੜ (ਡਬਲਿਊਬੀਏ) ਦੀਆਂ 2026 ਦੀਆਂ ਗਤੀਵਿਧੀਆਂ ਵਿੱਚ ਭਾਰਤ ਵਿੱਚ ਲਗਭਗ 200 ਮਹਿਲਾ ਵਪਾਰਕ ਨੇਤਾਵਾਂ ਨੇ ਭਾਗੀਦਾਰੀ ਕੀਤੀ, ਜਿਸ ਦਾ ਉਦੇਸ਼ ਮਹਿਲਾ ਅਗਵਾਈ ਵਾਲੇ ਉੱਦਮਾਂ ਲਈ ਵਿੱਤ, ਬਜ਼ਾਰ, ਤਕਨਾਲੋਜੀ ਅਤੇ ਹੁਨਰ ਵਿਕਾਸ ਤੱਕ ਪਹੁੰਚ ਨੂੰ ਬਿਹਤਰ ਬਣਾਉਣਾ ਹੈ।

> *"ਮਹਾਮਾਰੀਆਂ, ਜਲਵਾਯੂ ਆਫ਼ਤਾਂ ਅਤੇ ਸਪਲਾਈ ਚੇਨ ਵਿੱਚ ਵਿਘਨ ਨੇ ਦਿਖਾਇਆ ਹੈ ਕਿ ਅੱਜ ਦੀ ਆਪਸ ਵਿੱਚ ਜੁੜੀ ਹੋਈ ਦੁਨੀਆ ਵਿੱਚ ਕੋਈ ਵੀ ਸੰਕਟ ਇੱਕ ਖੇਤਰ ਤੱਕ ਸੀਮਤ ਨਹੀਂ ਰਹਿੰਦਾ। ਇਸ ਲਈ ਅਸੀਂ ਬ੍ਰਿਕਸ ਸਮੂਹ ਵਿੱਚ ਸੰਕਟ ਤੋਂ ਉਭਰਨ ਦੀ ਸਮਰੱਥਾ ਵਧਾਉਣ 'ਤੇ ਵਿਸ ਜ਼ੋਰ ਦਿੱਤਾ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨੌਜਵਾਨਾਂ ਦੇ ਜੋਸ਼ ਅਤੇ ਮਹਿਲਾਵਾਂ ਦੀ ਅਗਵਾਈ ਦੀ ਇਹ ਮਿਸਾਲ ਦਿਖਾਉਂਦੀ ਹੈ ਕਿ ਭਾਰਤ ਦੀ ਪ੍ਰਧਾਨਗੀ ਹੇਠ ਬ੍ਰਿਕਸ ਸਿਰਫ਼ ਕੂਟਨੀਤੀ ਅਤੇ ਅਰਥ ਸ਼ਾਸਤਰ ਦਾ ਪਲੈਟਫਾਰਮ ਨਹੀਂ ਰਿਹਾ, ਸਗੋਂ ਇਹ ਉਨ੍ਹਾਂ ਕਰੋੜਾਂ ਲੋਕਾਂ ਤੱਕ ਪਹੁੰਚਿਆ ਜੋ ਇਸ ਸਮੂਹ ਦਾ ਅਸਲੀ ਭਵਿੱਖ ਹਨ।

ਨਿਸ਼ਚਿਤ ਤੌਰ 'ਤੇ ਭਾਰਤ ਸਮੇਤ ਚਾਰ ਦੇਸ਼ਾਂ ਨੇ ਮਿਲ ਕੇ 20 ਸਾਲ ਪਹਿਲਾਂ ਜਦੋਂ 'ਬ੍ਰਿਕ' ਦਾ ਸੁਪਨਾ ਦੇਖਿਆ ਸੀ, ਤਾਂ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗਾ ਕਿ ਇਹ ਸਮੂਹ ਇੱਕ ਦਿਨ ਦੁਨੀਆ ਦੀ ਅੱਧੀ ਆਬਾਦੀ ਅਤੇ 40 ਫੀਸਦੀ ਅਰਥਵਿਵਸਥਾ ਦੀ ਪ੍ਰਤੀਨਿਧਤਾ ਕਰਨ ਵਾਲਾ ਪਲੈਟਫਾਰਮ ਬਣ ਜਾਵੇਗਾ। 2026 ਵਿੱਚ ਭਾਰਤ ਦੀ ਪ੍ਰਧਾਨਗੀ ਵਿੱਚ ਹੋਇਆ 18ਵਾਂ ਸਮਿਟ ਇਸ ਯਾਤਰਾ

ਭਾਰਤ ਨੇ 12 ਵਰ੍ਹਿਆਂ ਵਿੱਚ ਇਨ੍ਹਾਂ ਮੰਚਾਂ ਤੋਂ ਦੁਨੀਆ ਦੀ ਪ੍ਰਧਾਨਗੀ ਸੰਭਾਲੀ

- 2016 : ਭਾਰਤ ਨੇ 2016 ਵਿੱਚ BRICS ਦੀ ਪ੍ਰਧਾਨਗੀ ਕੀਤੀ।
- 2018: ਭਾਰਤ ਨੇ ਇੰਟਰਨੈਸ਼ਨਲ ਥਰਮੋਨਿਊਕਲੀਅਰ ਐਕਸਪੈਰੀਮੈਂਟਲ ਰੀਐਕਟਰ (ITER) ਦੇ ਕੌਂਸਲ ਦੀ 1 ਜਨਵਰੀ 2018 ਵਿੱਚ ਦੋ ਵਰ੍ਹਿਆਂ ਦੇ ਲਈ ਪ੍ਰਧਾਨਗੀ ਸੰਭਾਲੀ।
- 2018- 2020 : ਭਾਰਤ ISA Assembly ਦੇ ਪ੍ਰੈਜ਼ੀਡੈਂਟ ਦੇ ਰੂਪ ਵਿੱਚ ਰਿਹਾ, ਫਰਾਂਸ ਕੋ-ਪ੍ਰੈਜ਼ੀਡੈਂਟ ਸੀ।
- 2019 : ਭਾਰਤ ਨੇ ਕਿੰਬਰਲੇ ਪ੍ਰੋਸੈੱਸ ਦੀ ਪ੍ਰਧਾਨਗੀ ਸੰਭਾਲੀ।
- 2019 -2020 (GFDRR): ਭਾਰਤ ਨੇ Global Facility for Disaster Reduction and Recovery ਦੇ Consultative Group ਦੇ ਸਹਿ-ਪ੍ਰਧਾਨ ਦੀ ਭੂਮਿਕਾ ਸੰਭਾਲੀ।
- 2020-2021 : ਭਾਰਤ ਨੇ WHO Executive Board ਦੀ ਪ੍ਰਧਾਨਗੀ ਕੀਤੀ; ਡਾ. ਹਰਸ਼ਵਰਧਨ Chair ਰਹੇ।
- 2020-2021 : ਭਾਰਤ ਨੇ ਅੰਤਰਰਾਸ਼ਟਰੀ ਕਿਰਤ ਸੰਗਠਨ ਦੀ Governing Body ਦੀ ਪ੍ਰਧਾਨਗੀ ਸੰਭਾਲੀ।
- 2020-2022 : ISA Assembly ਦੇ ਪ੍ਰਧਾਨ ਅਤੇ ਸਹਿ-ਪ੍ਰਧਾਨ ਦੇ ਰੂਪ ਵਿੱਚ ਭਾਰਤ ਅਤੇ ਫਰਾਂਸ ਨੂੰ ਮੁੜ ਚੁਣਿਆ ਗਿਆ।
- 2021 : ਭਾਰਤ ਨੇ ਜਨਵਰੀ–ਦਸੰਬਰ 2021 ਤੱਕ BRICS ਦੀ ਪ੍ਰਧਾਨਗੀ ਕੀਤੀ।
- 2021 : ਭਾਰਤ ਨੇ ਅਗਸਤ 2021 ਵਿੱਚ UNSC ਦੀ ਪ੍ਰਧਾਨਗੀ ਕੀਤੀ।
- 2022 : ਭਾਰਤ ਨੇ ਦਸੰਬਰ 2022 ਵਿੱਚ UNSC ਦੀ ਪ੍ਰਧਾਨਗੀ ਕੀਤੀ।
- 2022- 2023 : ਭਾਰਤ ਨੇ 17 ਸਤੰਬਰ 2022 ਤੋਂ 4 ਜੁਲਾਈ 2023 ਤੱਕ ਸ਼ੰਘਾਈ ਕੋ-ਆਪ੍ਰੇਸ਼ਨ ਆਰਗੇਨਾਈਜ਼ੇਸ਼ਨ (SCO) ਦੀ ਪ੍ਰਧਾਨਗੀ ਕੀਤੀ।
- 2022 -2024: ਭਾਰਤ ਇੰਟਰਨੈਸ਼ਨਲ ਸੋਲਰ ਅਲਾਇੰਸ ਅਸੈਂਬਲੀ ਦਾ ਪ੍ਰਧਾਨ ਰਿਹਾ।
- 2022 -2023 : ਭਾਰਤ ਨੇ 1 ਦਸੰਬਰ 2022 ਤੋਂ 30 ਨਵੰਬਰ 2023 ਤੱਕ G20 ਦੀ ਪ੍ਰਧਾਨਗੀ ਕੀਤੀ।
- 2023 : ਭਾਰਤ ਨੇ 2023 ਵਿੱਚ Wassenaar Arrangement ਦੀ Plenary Chairmanship ਸੰਭਾਲੀ। ਭਾਰਤ 2017 ਵਿੱਚ ਇਸ ਦਾ ਮੈਂਬਰ ਬਣਿਆ।
- 2024- 2026 : ਭਾਰਤ 2024- 26 ਦੇ ਲਈ ISA Assembly ਦਾ President ਹੈ।
- 2024-26 : ਭਾਰਤ ਨੇ 29 ਮਈ, 2024 ਨੂੰ ਪਹਿਲੀ ਵਾਰ ਕੋਲੰਬੋ ਪ੍ਰੋਸੈੱਸ ਦੀ ਪ੍ਰਧਾਨਗੀ ਸੰਭਾਲੀ, ਕਾਰਜਕਾਲ 2024-26 ਹੈ।
- 2024-2025 : ਭਾਰਤ ਨੇ ਜੁਲਾਈ 2024 ਵਿੱਚ Asian Disaster Preparedness Centre ਦੀ Chairmanship ਸੰਭਾਲੀ।
- 2026: ਭਾਰਤ ਨੇ 2026 ਦੇ ਲਈ ਇੰਟਰਨੈਸ਼ਨਲ ਇੰਸਟੀਟਿਊਟ ਫੌਰ ਡੈਮੋਕ੍ਰੇਸੀ ਐਂਡ ਇਲੈਕਟ੍ਰੋਲ ਅਸਿਸਟੈਂਸ ਦੇ ਕੌਂਸਲ ਮੈਂਬਰ ਸਟੇਟਸ ਦੀ ਪ੍ਰਧਾਨਗੀ ਸੰਭਾਲੀ।
- 2026 : ਭਾਰਤ ਨੇ 1 ਜਨਵਰੀ 2026 ਨੂੰ ਚੌਥੀ ਵਾਰ BRICS ਦੀ ਪ੍ਰਧਾਨਗੀ ਸੰਭਾਲੀ।

ਦਾ ਇੱਕ ਫੈਸਲਾਕੁੰਨ ਪੜਾਅ ਸਿੱਧ ਹੋਇਆ ਹੈ। ਇਹ ਉਹ ਪਲ ਬਣ ਗਿਆ ਹੈ, ਜਿਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਕਮਿੰਗ ਆਫ ਏਜ਼' ਵਿੱਚ ਕਦਮ ਦੱਸਿਆ। ਭਾਰਤ ਦੀ ਪ੍ਰਧਾਨਗੀ ਦੇ ਦੌਰਾਨ ਬ੍ਰਿਕਸ ਵਿੱਚ ਸੁਪਨਿਆਂ ਦੇ ਨਾਲ ਜ਼ਿੰਮੇਵਾਰੀਆਂ ਜੁੜੀਆਂ ਅਤੇ ਸਮੂਹਿਕ ਤਾਕਤ ਨੂੰ ਠੋਸ, ਵਿਵਹਾਰਕ ਨਤੀਜਿਆਂ ਵਿੱਚ ਬਦਲਿਆ ਗਿਆ। ਭਾਰਤ ਨੇ ਸਾਲ ਭਰ ਚੱਲੀਆਂ 400 ਤੋਂ ਵੱਧ ਬੈਠਕਾਂ, ਦਰਜਨਾਂ ਐਲਾਨਾਂ ਅਤੇ ਕਈ ਪਹਿਲਕਦਮੀਆਂ ਰਾਹੀਂ ਇਹ ਸਿੱਧ ਕੀਤਾ ਕਿ ਬ੍ਰਿਕਸ ਸਹਿਯੋਗ ਸਿਰਫ਼ ਸਰਕਾਰਾਂ ਤੱਕ ਸੀਮਤ ਨਹੀਂ, ਸਗੋਂ ਕਿਸਾਨਾਂ, ਮਹਿਲਾਵਾਂ, ਨੌਜਵਾਨਾਂ, ਉੱਦਮੀਆਂ ਅਤੇ ਖੋਜਕਰਤਾਵਾਂ ਤੱਕ ਪਹੁੰਚ ਸਕਦਾ ਹੈ। ਅੱਤਵਾਦ 'ਤੇ ਸਪਸ਼ਟ ਅਤੇ ਸਖਤ ਰਵੱਈਆ, ਆਲਮੀ ਸੰਸਥਾਵਾਂ ਵਿੱਚ ਸੁਧਾਰ ਦੀ ਮੁੱਖ ਮੰਗ, ਗਾਜਾ-ਸੂਡਾਨ- ਸੀਰੀਆ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਸੰਤੁਲਿਤ ਕੂਟਨੀਤੀ ਅਤੇ ਨਾਲ ਹੀ ਨਿਊ ਡਿਵੈਲਪਮੈਂਟ ਬੈਂਕ, ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਜਲਵਾਯੂ ਸਹਿਯੋਗ ਵਰਗੇ ਭਵਿੱਖ ਮੁਖੀ ਖੇਤਰਾਂ ਵਿੱਚ ਠੋਸ ਪਹਿਲ। ਇਨ੍ਹਾਂ ਸਾਰਿਆਂ ਨੇ ਮਿਲ ਕੇ 'ਨਵੀਂ ਦਿੱਲੀ ਐਲਾਨ ਪੱਤਰ' ਨੂੰ ਇੱਕ ਇਤਿਹਾਸਕ ਦਸਤਾਵੇਜ਼ ਬਣਾ ਦਿੱਤਾ ਹੈ। ਬ੍ਰਿਕਸ 2026, ਭਾਰਤ ਦੀ ਪ੍ਰਧਾਨਗੀ ਹੇਠ, ਸਿਰਫ਼ ਇੱਕ ਸਫਲ ਸਮਿਟ ਨਹੀਂ ਸਗੋਂ ਮਨੁੱਖਤਾ ਦੇ ਲਈ ਤਾਲਮੇਲ ਅਤੇ ਸਮੂਹਿਕ ਜ਼ਿੰਮੇਵਾਰੀ ਦੀ ਇੱਕ ਅਮਿਟ ਮਿਸਾਲ ਬਣ ਕੇ ਅੰਕਿਤ ਹੋ ਗਿਆ ਹੈ। ਹੁਣ ਇਹ ਜ਼ਿੰਮੇਵਾਰੀ 2027 ਵਿੱਚ ਚੀਨ ਦੇ ਕੋਲ ਜਾਵੇਗੀ, ਪਰ ਜੋ ਬੈਂਚਮਾਰਕ ਅਤੇ ਭਰੋਸਾ ਭਾਰਤ ਨੇ ਇਸ ਸਾਲ ਸਥਾਪਿਤ ਕੀਤਾ ਹੈ, ਉਹ ਆਉਣ ਵਾਲੇ ਵਰ੍ਹਿਆਂ ਵਿੱਚ ਬ੍ਰਿਕਸ ਦੀ ਦਸ਼ਾ- ਦਿਸ਼ਾ ਤੈਅ ਕਰਦਾ ਰਹੇਗਾ। ■

ਪ੍ਰਧਾਨ ਮੰਤਰੀ ਨਰੇਂਦਰ ਮੋਦੀ : ਸੁਸ਼ਾਸਨ ਦੇ 25 ਵਰ੍ਹੇ

ਫੈਸਲਿਆਂ, ਚੁਣੌਤੀਆਂ ਦੇ ਦਰਮਿਆਨ ਬਦਲਾਅ ਦੀ ਯਾਤਰਾ



ਸੁਤੰਤਰ ਭਾਰਤ ਦੇ ਇੱਕ ਗ਼ਰੀਬ ਪਰਿਵਾਰ ਵਿੱਚ ਪੈਦਾ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੇਵਾ ਹੀ ਸੰਕਲਪ, ਅੱਜ ਨਵੇਂ ਭਾਰਤ ਦਾ ਮੂਲ ਮੰਤਰ ਬਣ ਚੁੱਕਿਆ ਹੈ। ਰਾਸ਼ਟਰ ਨੂੰ ਪਰਿਵਾਰ ਮੰਨ ਕੇ ਭਾਰਤ ਨੂੰ ਨਵੀਂ ਦਿਸ਼ਾ ਦੇਣ ਵਿੱਚ ਜੁਟੇ ਪ੍ਰਧਾਨ ਮੰਤਰੀ ਮੋਦੀ ਦਾ ਇੱਕ ਹੀ ਧਰਮ ਹੈ- ਰਾਸ਼ਟਰ ਪ੍ਰਥਮ। ਉਨ੍ਹਾਂ ਦੀ ਸਰਕਾਰ ਦੀ ਇੱਕ ਹੀ ਪਵਿੱਤਰ ਪੁਸਤਕ ਹੈ- ਸੰਵਿਧਾਨ। ਇੱਕ ਹੀ ਭਗਤੀ ਹੈ –ਭਾਰਤ ਭਗਤੀ। ਇੱਕ ਹੀ ਸ਼ਕਤੀ ਹੈ- ਜਨ ਸ਼ਕਤੀ। ਇੱਕ ਹੀ ਸੰਸਕਾਰ ਹੈ- 140 ਕਰੋੜ ਭਾਰਤੀਆਂ ਦੀ ਸੁਰੱਖਿਆ ਅਤੇ ਖੁਸ਼ਹਾਲੀ। ਉਨ੍ਹਾਂ ਦੀ ਸਰਕਾਰ ਦਾ ਇੱਕ ਹੀ ਮੰਤਰ ਹੈ- ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ। ਸੁਸ਼ਾਸਨ ਦੇ ਆਪਣੇ ਇਸ ਮੰਤਰ ਨੂੰ ਪਹਿਲੇ 13 ਵਰ੍ਹੇ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਅਤੇ ਹੁਣ 12 ਵਰ੍ਹਿਆਂ ਤੋਂ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਵਧਾਉਂਦੇ ਹੋਏ ਰਾਸ਼ਟਰ ਨੂੰ ਦੇ ਰਹੇ ਹਨ ਨਵੀਂ ਦਿਸ਼ਾ... ਗੁਜਰਾਤ ਵਿੱਚ ਮੁੱਖ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਨੇ 7 ਅਕਤੂਬਰ 2001 ਨੂੰ ਸਹੁੰ ਚੁੱਕੀ ਸੀ, ਉਦੋਂ ਤੋਂ ਨਿਰੰਤਰ ਜਾਰੀ ਸੇਵਾ, ਸਮਰਪਣ ਦੀ ਉਨ੍ਹਾਂ ਦੀ ਯਾਤਰਾ ਦੇ 25 ਵਰ੍ਹੇ ਪੂਰੇ ਹੋ ਰਹੇ ਹਨ। ਪੇਸ਼ ਹੈ ਇੱਕ ਵਿਸ਼ੇਸ਼ ਰਿਪੋਰਟ...

“ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇੱਕ ਸਮਰਪਿਤ ਕਾਰਜਕਰਤਾ ਵਾਂਗ ਮਿਹਨਤ ਕਰਦੇ ਹਨ, ਇੱਕ ਸਿਆਸੀ ਆਗੂ ਦੀ ਤਰ੍ਹਾਂ ਦੇਸ਼ ਦਾ ਮਾਣ ਵਧਾਉਂਦੇ ਹਨ, ਇੱਕ ਟੀਮ ਲੀਡਰ ਵਾਂਗ ਦੇਸ਼ ਦੀ ਅਗਵਾਈ ਕਰਦੇ ਹਨ, ਭਾਵੁਕ ਸਿਆਸਤਦਾਨ ਦੀ ਤਰ੍ਹਾਂ ਸੰਵੇਦਨਸ਼ੀਲ ਫੈਸਲੇ ਲੈਂਦੇ ਹਨ, ਇੱਕ ਨਿਡਰ ਸੈਨਾਪਤੀ ਵਾਂਗ ਦੇਸ਼ ਦੀ ਰੱਖਿਆ ਲਈ ਅਟੱਲ ਚੱਟਾਨ ਵਾਂਗ ਡਟੇ ਰਹਿੰਦੇ ਹਨ। ਦੀਵੇ ਦੀ ਲੋਅ ਦੀ ਤਰ੍ਹਾਂ ਉੱਪਰ ਦੀ ਦਿਸ਼ਾ ਵੱਲ ਹੀ ਸੋਚਦੇ ਹਨ।” ਹਮੇਸ਼ਾ ਇੱਕ ਸਾਰਥੀ ਦੀ ਭੂਮਿਕਾ ਵਿੱਚ ਰਹੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਦੋਂ ਇਹ ਗੱਲ ਕਹੀ ਤਾਂ ਉਨ੍ਹਾਂ ਦਾ ਸੰਕੇਤ ਬਿਲਕੁਲ ਸਪਸ਼ਟ ਸੀ ਕਿ ਰਾਸ਼ਟਰ ਦੀ ਸੇਵਾ ਯਾਤਰਾ ਵਿੱਚ ਇਸ ਪੜਾਅ ਤੱਕ ਪਹੁੰਚੇ ਪ੍ਰਧਾਨ ਮੰਤਰੀ ਮੋਦੀ ਦੇ ਜਨਤਕ ਜੀਵਨ ਦੇ ਸਫ਼ਰ ਵਿੱਚ ਕਈ ਉਤਰਾਅ-ਚੜ੍ਹਾਅ ਆਏ, ਪਰ ਉਹ ਰੁਕੇ ਨਹੀਂ। ਇਸ ਦਾ ਕਾਰਨ ਹੈ ਕਿ ਉਨ੍ਹਾਂ ਨੇ ਰਾਜਨੀਤੀ ਦਾ ਪਾਠ ਵੀ ਰਾਸ਼ਟਰ ਨੀਤੀ ਦੀ ਭਾਸ਼ਾ ਵਿੱਚ ਪੜ੍ਹ ਕੇ ਉਸ ਨੂੰ ਆਪਣੇ ਜੀਵਨ ਦਾ ਸੰਸਕਾਰ ਬਣਾਇਆ ਅਤੇ ਸਰਬ-ਸਮਾਵੇਸ਼ੀ ਵਿਕਾਸ ਦੀ ਨਵੀਂ ਪਟਕਥਾ ਤਿਆਰ ਕੀਤੀ। ਨਾ ਠਹਿਰਣਾ, ਨਾ ਥੱਕਣਾ, ਨਾ ਰੁਕਣਾ, ਅਣਥੱਕ ਮਿਹਨਤ ਨਾਲ ਅੱਗੇ ਵਧਦੇ ਜਾਣਾ। ਨਵੇਂ-ਨਵੇਂ ਟੀਚੇ ਨਿਰਧਾਰਿਤ ਕਰਨਾ ਅਤੇ ਆਖਰੀ ਸਿਰ੍ਹੇ ਤੱਕ ਉਸ ਨੂੰ ਪਹੁੰਚਾ ਕੇ ਵਿਕਾਸ ਦੀ ਮਜ਼ਬੂਤ ਕਹਾਣੀ ਲਿਖਣਾ। ਇਹ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਦੀ ਵੱਖਰੀ ਪਛਾਣ ਹੈ, ਜਿਨ੍ਹਾਂ ਦਾ ਖੁਦ ਦਾ ਪਰਿਵਾਰ ਅੱਜ ਵੀ ਸਧਾਰਨ ਜੀਵਨ ਬਤੀਤ ਕਰ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਲਈ 140 ਕਰੋੜ ਤੋਂ ਵੱਧ ਦੇਸ਼ਵਾਸੀ ਹੀ ਉਨ੍ਹਾਂ ਦਾ ਪਰਿਵਾਰ ਹੈ।

ਇਸ 7 ਅਕਤੂਬਰ ਨੂੰ ਨਰੇਂਦਰ ਮੋਦੀ ਦੇ ਸ਼ਾਸਨ ਮੁਖੀ ਦੇ ਰੂਪ ਵਿੱਚ 25 ਵਰ੍ਹੇ ਪੂਰੇ ਹੋ ਰਹੇ ਹਨ। ਇਨ੍ਹਾਂ 25 ਵਰ੍ਹਿਆਂ ਦੀ ਯਾਤਰਾ ਨੂੰ ਸਿਰਫ਼ ਰਾਜਨੀਤਕ ਅਹੁਦਿਆਂ ਅਤੇ ਚੋਣਾਂ ਵਿੱਚ ਜਿੱਤ ਦੀ ਲੜੀ ਵਿੱਚ ਨਹੀਂ ਦੇਖਿਆ ਜਾ ਸਕਦਾ। ਇਹ ਲਗਾਤਾਰ ਬਦਲਦੀਆਂ ਚੁਣੌਤੀਆਂ ਦੇ ਦਰਮਿਆਨ ਲਏ ਗਏ ਫੈਸਲਿਆਂ ਅਤੇ ਉਨ੍ਹਾਂ ਤੋਂ ਨਿਕਲੀਆਂ ਨਵੀਆਂ ਦਿਸ਼ਾਵਾਂ ਦੀ ਕਹਾਣੀ ਵੀ ਹੈ। ਗੁਜਰਾਤ ਵਿੱਚ ਸ਼ੁਰੂਆਤ ਭੂਚਾਲ, ਸੋਕੇ, ਪਾਣੀ ਦੀ ਘਾਟ ਅਤੇ ਫਿਰਕੂ ਹਿੰਸਾ ਵਰਗੀਆਂ ਚੁਣੌਤੀਆਂ ਦੇ ਦਰਮਿਆਨ ਹੋਈ। ਅੱਗੇ ਅੱਤਵਾਦ ਅਤੇ ਹੜ੍ਹਾਂ ਵਰਗੀਆਂ ਆਫਤਾਂ ਨਾਲ ਜੂਝਦੇ ਹੋਏ ਰਾਜ ਨੇ ਨਵੀਂ ਦਿਸ਼ਾ ਫੜੀ। ਰਾਸ਼ਟਰੀ ਪੱਧਰ ‘ਤੇ ਆਰਥਿਕ ਸੁਧਾਰ, ਬੈਂਕਿੰਗ ਖੇਤਰ, ਨਕਸਲਵਾਦ, ਸਰਹੱਦੀ ਚੁਣੌਤੀਆਂ, ਜੰਮੂ-ਕਸ਼ਮੀਰ, ਮਹਾਮਾਰੀ ਅਤੇ ਆਲਮੀ ਯੁੱਧਾਂ ਨੇ ਅਗਵਾਈ ਦੀ ਪ੍ਰੀਖਿਆ ਲਈ। ਪਰ ਇਨ੍ਹਾਂ 25 ਵਰ੍ਹਿਆਂ ਦਾ ਇੱਕ ਸੂਤਰ ਜੋ ਸਥਾਈ ਰਿਹਾ- ਸੰਕਟ ਨੂੰ ਰੁਕਾਵਟ ਨਹੀਂ ਸਗੋਂ ਉਸ ਨਾਲ ਜੂਝਦੇ ਹੋਏ ਬਦਲਾਅ ਦਾ ਮੌਕਾ ਦੇਣਾ। ਅਸਲ ਵਿੱਚ ਪ੍ਰਧਾਨ ਮੰਤਰੀ ਮੋਦੀ ਇੱਕ ਅਜਿਹੇ ਆਦਰਸ਼ਵਾਦੀ ਨੇਤਾ ਦੇ ਰੂਪ ਵਿੱਚ ਸਥਾਪਿਤ ਹੋ ਚੁੱਕੇ ਹਨ, ਜਿਨ੍ਹਾਂ ਦਾ ਉਦੇਸ਼ ਦੇਸ਼ ਅਤੇ ਉਸ ਦਾ ਮਾਣ ਸਥਾਪਿਤ ਕਰਨਾ ਹੈ। ਆਪਣੇ 25 ਵਰ੍ਹਿਆਂ ਦੀ ਸ਼ਾਸਨ ਦੀ ਯਾਤਰਾ ਵਿੱਚ ਉਹ ਇੱਕ ਦੂਰ ਦ੍ਰਿਸ਼ਟੀ ਵਾਲੇ ਨੇਤਾ ਬਣ ਚੁੱਕੇ ਹਨ ਜੋ ਕਦੇ ਟੁਕੜਿਆਂ ਵਿੱਚ ਨਹੀਂ ਸੋਚਦੇ ਸਗੋਂ ਪੂਰਣਤਾ ਬਾਰੇ ਸੋਚਦੇ ਹਨ, ਦੂਰ ਦੀ ਸੋਚਦੇ ਹਨ ਅਤੇ ਜੋ ਸੋਚਦੇ ਹਨ, ਉਸ ਨੂੰ ਪੂਰਾ ਕਰਦੇ ਹਨ।

ਗੁਜਰਾਤ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ, ਉਨ੍ਹਾਂ ਨੇ ਵਿਕਾਸ ਦਾ ਇੱਕ ਵੱਖਰਾ ਮਾਡਲ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਕੀਤਾ, ਜਿਸ ਦੇ ਲਈ ਖਾਸ ਤੌਰ ‘ਤੇ ਸਕੂਲੀ ਸਿੱਖਿਆ 'ਤੇ ਜ਼ੋਰ ਦਿੱਤਾ। ਹਾਲਾਂਕਿ, ਇਸੇ ਦਰਮਿਆਨ ਗੁਜਰਾਤ ਦੰਗਿਆਂ ਦੇ ਕਾਰਨ ਵਿਰੋਧੀਆਂ ਨੂੰ ਉਨ੍ਹਾਂ ਦੇ ਵਿਰੁੱਧ ਮੁਹਿੰਮ ਚਲਾਉਣ ਦਾ ਮੌਕਾ ਮਿਲ ਗਿਆ। ਫਿਰ ਵੀ, ਉਹ ਇਨ੍ਹਾਂ ਸਖ਼ਤ ਹਮਲਿਆਂ ਅੱਗੇ ਕਮਜ਼ੋਰ ਨਹੀਂ ਪਏ; ਸਗੋਂ ਮਜ਼ਬੂਤੀ ਨਾਲ ਕੰਮ ਕਰਦੇ ਰਹੇ। ਨਤੀਜੇ ਹੁੰਦੇ ਸੀ ਕਿ ਹਰ ਵਾਰ ਵਿਰੋਧੀ ਮਾਤ ਖਾਂਦੇ ਰਹੇ ਸਨ। ਪਰ ਪ੍ਰਧਾਨ ਮੰਤਰੀ ਮੋਦੀ ਵਿੱਚ ਅਜਿਹੀ ਕੀ ਖਾਸ ਗੱਲ ਹੈ ਕਿ ਵਿਰੋਧੀ ਉਨ੍ਹਾਂ ਨੂੰ ਘੇਰ ਨਹੀਂ ਪਾਉਂਦੇ ਸਨ? ਜੇਕਰ ਇਸ ਦਾ ਜਵਾਬ ਜਾਣਨਾ-ਸਮਝਣਾ ਹੋਵੇ ਤਾਂ ਉਸ ਦੇ ਲਈ ਨਰੇਂਦਰ ਮੋਦੀ ਦੀ ਕੰਮ ਕਰਨ ਦੀ ਸ਼ੈਲੀ ਦੀਆਂ ਬਾਰੀਕੀਆਂ ਨੂੰ ਜਾਣਨਾ ਹੋਵੇਗਾ। ਉਨ੍ਹਾਂ ਦੇ ਸੋਚਣ ਦੇ ਢੰਗ ਨੂੰ ਸਮਝਣਾ ਹੋਵੇਗਾ। ਅਸਲ ਵਿੱਚ ਪ੍ਰਧਾਨ ਮੰਤਰੀ ਮੋਦੀ ਕਿਸੇ ਵੀ ਕੰਮ ਦੀ ਯੋਜਨਾ ਬਾਰੇ ਸੋਚਦੇ ਹਨ, ਤਾਂ ਉਸ ਦੀ ਸ਼ੁਰੂਆਤ ਨਤੀਜਿਆਂ ਨਾਲ ਹੁੰਦੀ ਹੈ। ਭਾਵ ਕਿਸ ਨੀਤੀ, ਬਿਆਨ ਜਾਂ ਯੋਜਨਾ ਦਾ ਪ੍ਰਭਾਵ ਕੀ ਹੋਵੇਗਾ ਉਸ ਨੂੰ ਜ਼ਮੀਨੀ ਪੱਧਰ 'ਤੇ ਲਾਗੂਕਰਨ ਤੋਂ ਸੋਚਣਾ ਸ਼ੁਰੂ ਕਰਦੇ ਹਨ। ਉਨ੍ਹਾਂ ਦੇ ਸੋਚਣ ਦਾ ਇਹ ਵਿਲੱਖਣ ਅੰਦਾਜ਼ ਹੀ ਉਨ੍ਹਾਂ ਨੂੰ ਹੋਰ ਸਿਆਸਤਦਾਨਾਂ ਨਾਲੋਂ ਵੱਖਰਾ ਬਣਾਉਂਦਾ ਹੈ। ਉਨ੍ਹਾਂ ਦੀ ਇਸ ਸੋਚ ਦਾ ਨਤੀਜਾ ਇਹ ਨਿਕਲਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਕਿਸੇ ਵੀ ਯੋਜਨਾ ਨੂੰ ਉਦੋਂ ਹੀ ਸ਼ੁਰੂ ਕਰਦੇ ਹਨ ਜਦੋਂ ਉਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਤਿਆਰੀ ਮੁਕੰਮਲ ਹੋ ਜਾਂਦੀ ਹੈ।

ਇਹ ਕਾਲਖੰਡ ਸਿਰਫ਼ 25 ਵਰ੍ਹਿਆਂ ਦੀ ਯਾਤਰਾ ਨਹੀਂ ਹੈ, ਸਗੋਂ ਸੇਵਾ, ਸੁਸ਼ਾਸਨ ਅਤੇ ਗ਼ਰੀਬਾਂ ਦੀ ਭਲਾਈ ਦਾ ਉਦੇਸ਼ ਹੈ। ਇਸ ਦੌਰਾਨ ਗ਼ਰੀਬਾਂ ਦੀ ਭਲਾਈ, ਮੱਧ ਵਰਗ ਨੂੰ ਮਜ਼ਬੂਤ ਕਰਨ, ਮਹਿਲਾਵਾਂ ਨੂੰ ਸਸ਼ਕਤ ਬਣਾ ਕੇ ਨਾਰੀ ਸ਼ਕਤੀ ਦੀ ਅਗਵਾਈ ਵਿੱਚ ਵਿਕਾਸ, ਕਿਸਾਨਾਂ ਦੇ ਪੱਖ ਵਿੱਚ ਨੀਤੀਆਂ ਦੇ ਜ਼ਰੀਏ ਬਿਜਾਈ ਦੇ ਹਰ ਪੜਾਅ ਵਿੱਚ ਅੰਨਦਾਤਾਵਾਂ ਦੀ ਚਿੰਤਾ ਦਾ ਹੱਲ ਕਰਨਾ, ਨੌਜਵਾਨਾਂ ਦੇ ਲਈ ਸਿੱਖਿਆ- ਰੁਜ਼ਗਾਰ ਦੇ ਮੌਕੇ, ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣ ਦੇ ਨਾਲ–ਨਾਲ ਰਾਸ਼ਟਰ ਦੇ ਵਿਕਾਸ ਦੀ ਅਭੁੱਲ ਪਹਿਲਕਦਮੀ ਹੈ। ਇਹ 2047 ਤੱਕ ਭਾਰਤ ਨੂੰ ਵਿਕਸਿਤ ਬਣਾਉਣ ਦੇ ਟੀਚੇ ਦਾ ਅਧਾਰ ਥੰਮ੍ਹ ਬਣ ਚੁੱਕਿਆ ਹੈ। ਕੋਈ ਵੀ ਯੋਜਨਾ ਹੋਵੇ ਉਸ ਦੇ ਪਿੱਛੇ ਪ੍ਰਧਾਨ ਮੰਤਰੀ ਮੋਦੀ ਦੇ ਸੰਘਰਸ਼ ਭਰੇ ਜੀਵਨ ਦੀ ਇੱਕ ਕਹਾਣੀ ਹੈ, ਉਸ ਦਰਦ ਨੂੰ ਉਨ੍ਹਾਂ ਨੇ ਬਹੁਤ ਨੇੜੇ ਤੋਂ ਮਹਿਸੂਸ ਕੀਤਾ ਹੈ। ਗੁਜਰਾਤ ਦੇ ਮੁੱਖ ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਦੀ ਉਨ੍ਹਾਂ ਦੀ ਯਾਤਰਾ ਨੂੰ ਜੇਕਰ ਕੁਝ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਉਨ੍ਹਾਂ ਨੇ ਵਿਕਾਸਵਾਦ ਨੂੰ ਮੁੱਖ ਧਾਰਾ ਵਿੱਚ ਲਿਆ ਕੇ ਹੋਰ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਹੈ ਅਤੇ ਵਿਕਾਸ ਦੇਸ਼ ਦੀ ਰਾਜਨੀਤੀ, ਕਾਰਜਨੀਤੀ ਅਤੇ ਰਾਸ਼ਟਰ ਨੀਤੀ ਦਾ ਮੁੱਖ ਅਧਾਰ ਬਣ ਗਿਆ ਹੈ।

ਆਓ ਜਾਣਦੇ ਹਾਂ ਪ੍ਰਧਾਨ ਮੰਤਰੀ ਮੋਦੀ ਦੀ ਸ਼ਾਸਨ ਯਾਤਰਾ ਦੇ 25 ਵਰ੍ਹਿਆਂ ਨੂੰ ਉਨ੍ਹਾਂ ਦੀ ਵਿਸ਼ੇਸ਼ ਕਾਰਜਸ਼ੈਲੀ, ਕੰਮਾਂ ਅਤੇ ਨਤੀਜਿਆਂ ਨਾਲ...

25 ਚੁਣੌਤੀਆਂ, 25 ਵਰ੍ਹੇ ਇੱਕ ਰਾਜਨੇਤਾ ਦਾ ਸਫ਼ਰ

25 ਵਰ੍ਹਿਆਂ ਦੀ ਇਹ ਯਾਤਰਾ 25 ਚੁਣੌਤੀਆਂ ਦੀ ਸਿਰਫ਼ ਸੂਚੀ ਨਹੀਂ ਹੈ। ਇਹ ਸੰਕਟਾਂ ਦੇ ਦਰਮਿਆਨ ਲਏ ਗਏ ਫੈਸਲਿਆਂ ਅਤੇ ਉਨ੍ਹਾਂ ਦੁਆਰਾ ਹੋਈਆਂ ਤਬਦੀਲੀਆਂ ਦੀ ਕਹਾਣੀ ਹੈ। ਇਸ ਯਾਤਰਾ ਦਾ ਸੂਤਰ ਹੈ- ਸੰਕਟ ਨੂੰ ਅੰਤ ਨਹੀਂ, ਨਵੇਂ ਸੰਕਲਪ ਦੀ ਸ਼ੁਰੂਆਤ ਮੰਨਣਾ। ਇਸੇ ਸੂਤਰ ਨਾਲ 25 ਵਰ੍ਹਿਆਂ ਵਿੱਚ ਦੇਸ਼ ਨੂੰ ਅਗੇ ਵਧਾ ਰਹੇ ਹਨ ਪ੍ਰਧਾਨ ਮੰਤਰੀ ਮੋਦੀ ...

1. ਸੰਕਟ ਵਿੱਚ ਗੁਜਰਾਤ, ਨਵੀਂ ਸ਼ੁਰੂਆਤ ਦਾ ਮੌਕਾ

ਅਕਤੂਬਰ 2001 ਵਿੱਚ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਦੀ ਪਦਵੀ ਦੀ ਸਹੁੰ ਚੁੱਕੀ। ਰਾਜ ਭੂਚਾਲ, ਸੋਕੇ, ਸਹਿਕਾਰੀ ਬੈਂਕ ਸੰਕਟਾਂ ਨਾਲ ਜੂਝ ਰਿਹਾ ਸੀ। ਮੁੜ- ਨਿਰਮਾਣ ਨੂੰ ਗਤੀ ਦੇਣ ਦੇ ਲਈ ਸੀਨੀਅਰ ਅਧਿਕਾਰੀਆਂ ਨੂੰ ਕੱਛ ਭੇਜਿਆ ਗਿਆ। ਚੈੱਕ ਡੈਮ, ਨਹਿਰ ਵਿਸਤਾਰ ਅਤੇ ਜਲ ਸੰਭਾਲ ਨੂੰ ਤਰਜੀਹ ਮਿਲੀ। 2003 ਵਿੱਚ ਦੇਸ਼ ਦਾ ਪਹਿਲਾ ਰਾਜ ਆਫ਼ਤ ਪ੍ਰਬੰਧਨ ਕਾਨੂੰਨ ਬਣਿਆ।

2. ਜਦੋਂ ਹਿੰਸਾ ਦੇ ਚੱਕਰ ਤੋਂ ਮੁਕਤ ਹੋਈ ਪੂਰੀ ਪੀੜ੍ਹੀ

ਫਰਵਰੀ 2002 ਵਿੱਚ ਗੋਧਰਾ ਕਾਂਡ ਅਤੇ ਬਾਅਦ ਦੀ ਹਿੰਸਾ ਨੇ ਸਥਿਤੀ ਗੰਭੀਰ ਕਰ ਦਿੱਤੀ। ਮੁੱਖ ਮੰਤਰੀ ਨਰੇਂਦਰ ਮੋਦੀ ਨੇ ਕਾਨੂੰਨ-ਵਿਵਸਥਾ, ਨਿਵੇਸ਼ ਅਤੇ ਰੁਜ਼ਗਾਰ 'ਤੇ ਧਿਆਨ ਦੇ ਕੇ ਹਿੰਸਾ ਦਾ ਚੱਕਰ ਰੋਕ ਦਿੱਤਾ, 24 ਵਰ੍ਹਿਆਂ ਵਿੱਚ ਅਜਿਹੀ ਹਿੰਸਾ ਮੁੜ ਦੁਬਾਰਾ ਨਹੀਂ ਹੋਈ।



3. ਪਹਿਲੀ ਚੋਣ ਪ੍ਰੀਖਿਆ, ਮਿਲੀ ਵਧੇਰੇ ਮਜ਼ਬੂਤੀ

2002 ਵਿੱਚ ਨਰੇਂਦਰ ਮੋਦੀ ਨੇ ਵਿਧਾਨ ਸਭਾ ਭੰਗ ਕਰਕੇ 14 ਮਹੀਨਿਆਂ ਦੇ ਕੰਮ 'ਤੇ ਜਨਾਦੇਸ਼ ਮੰਗਿਆ। ਦਸੰਬਰ ਚੋਣਾਂ ਵਿੱਚ ਭਾਜਪਾ ਨੂੰ 182 ਵਿੱਚੋਂ 127 ਸੀਟਾਂ ਅਤੇ 49.85 ਪ੍ਰਤੀਸ਼ਤ ਵੋਟਾਂ ਮਿਲੀਆਂ।

4. ਅੱਤਵਾਦ ਦੇ ਖ਼ਤਰੇ ਦੇ ਦਰਮਿਆਨ ਸਥਿਰਤਾ

ਸਤੰਬਰ 2002 ਵਿੱਚ ਅਕਸ਼ਰਧਾਮ ਹਮਲਾ ਅਤੇ ਜੁਲਾਈ 2007 ਵਿੱਚ ਅਹਿਮਦਾਬਾਦ ਵਿੱਚ 70 ਮਿੰਟਾਂ ਵਿੱਚ 21 ਬੰਬ ਧਮਾਕੇ ਹੋਏ। ਇਨ੍ਹਾਂ ਨੂੰ ਫਿਰਕੂ ਹਿੰਸਾ ਵਿੱਚ ਬਦਲਣ ਨਹੀਂ ਦਿੱਤਾ ਗਿਆ, ਸੁਰੱਖਿਆ ਮਜ਼ਬੂਤ ਹੋਈ ਅਤੇ ਦਿਸ਼ਾ ਨਹੀਂ ਬਦਲੀ।

5. ਪਾਣੀ ਦੀ ਘਾਟ ਤੋਂ ਜਲ ਸੁਰੱਖਿਆ ਤੱਕ

ਨਰਮਦਾ ਡੈਮ ਯੋਜਨਾ 1961 ਤੋਂ ਦਹਾਕਿਆਂ ਤੱਕ ਰੁਕੀ ਰਹੀ। 1.8 ਲੱਖ ਤੋਂ ਵੱਧ ਚੈੱਕ ਡੈਮ ਬਣੇ, ਸੁਜ਼ਲਾਮ ਸੁਫਲਾਮ ਅਤੇ ਸੌਨੀ ਯੋਜਨਾ ਦੁਆਰਾ ਪਾਣੀ ਪਹੁੰਚਾਇਆ ਗਿਆ। 2017 ਵਿੱਚ ਡੈਮ ਪੂਰੀ ਉਚਾਈ ਤੱਕ ਪਹੁੰਚਿਆ, ਜਿਸ ਨਾਲ 9000 ਤੋਂ ਵੱਧ ਪਿੰਡਾਂ, 170 ਸ਼ਹਿਰਾਂ ਨੂੰ ਪੀਣ ਯੋਗ ਪਾਣੀ ਮਿਲਿਆ। ਗੁਜਰਾਤ ਨੇ ਪਾਣੀ ਦੀ ਉਡੀਕ ਕਰਨ ਦੀ ਥਾਂ ਪਾਣੀ ਦੇ ਨਾਲ ਵਿਕਾਸ ਕਰਨਾ ਸ਼ੁਰੂ ਕੀਤਾ।

6. ਹੜ੍ਹਾਂ ਤੋਂ ਬਾਅਦ ਨਵੀਂ ਵਿਵਸਥਾ

2006 ਵਿੱਚ ਤਾਪੀ ਹੜ੍ਹਾਂ ਨਾਲ ਸੂਰਤ ਦਾ ਲਗਭਗ 95 ਪ੍ਰਤੀਸ਼ਤ ਹਿੱਸਾ ਡੁੱਬਿਆ, ਜਿਸ ਤੋਂ ਬਾਅਦ ਜਲ ਨਿਕਾਸੀ ਅਤੇ ਚੇਤਾਵਨੀ ਵਿਵਸਥਾ ਮਜ਼ਬੂਤ ਹੋਈ। ਅੱਠ ਵਰ੍ਹਿਆਂ ਬਾਅਦ ਜੰਮੂ-ਕਸ਼ਮੀਰ ਹੜ੍ਹਾਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ੍ਰੀਨਗਰ ਪਹੁੰਚੇ ਅਤੇ ਬਾਅਦ ਵਿੱਚ ਦਿਵਾਲੀ ਮਨਾਉਣ ਫਿਰ ਗਏ। ਪ੍ਰਤੀਕਿਰਿਆ ਦਾ ਢੰਗ ਇੱਕ ਹੀ ਰਿਹਾ- ਸਥਿਤੀ ਨੂੰ ਸਮਝਣਾ, ਤੇਜ਼ੀ ਨਾਲ ਕੰਮ ਕਰਨਾ ਅਤੇ ਜ਼ਮੀਨ ਦੀਆਂ ਗੁੰਝਲਤਾਵਾਂ ਦਾ ਹੱਲ ਕਰਨਾ।



7. ਦੋਸ਼ਾਂ ਦੇ ਵਿਚਕਾਰ ਤਬਦੀਲੀ ਦਾ ਦਹਾਕਾ

2002 ਤੋਂ ਬਾਅਦ ਨਰੇਂਦਰ ਮੋਦੀ 'ਤੇ ਦੋਸ਼ ਲੱਗੇ, ਪਰ ਉਨ੍ਹਾਂ ਨੇ ਬਦਲੇ ਦੀ ਥਾਂ ਕੰਮ ਨੂੰ ਜਵਾਬ ਬਣਾਇਆ। 2007 ਅਤੇ 2012 ਵਿੱਚ ਗੁਜਰਾਤ ਨੇ ਉਨ੍ਹਾਂ ਨੂੰ ਫਿਰ ਤੋਂ ਚੁਣਿਆ।

8. ਪਟਨਾ ਧਮਾਕੇ

27 ਅਕਤੂਬਰ 2013 ਨੂੰ ਪਟਨਾ ਰੈਲੀ ਦੇ ਆਲੇ-ਦੁਆਲੇ 7 ਬੰਬ ਧਮਾਕਿਆਂ ਵਿੱਚ 6 ਮੌਤਾਂ ਅਤੇ 85 ਜ਼ਖਮੀ ਹੋਏ। ਧਮਾਕਿਆਂ ਦੇ ਬਾਵਜੂਦ ਨਰੇਂਦਰ ਮੋਦੀ ਨੇ ਭਾਸ਼ਣ ਜਾਰੀ ਰੱਖਿਆ, ਰੈਲੀ ਪੂਰੀ ਕੀਤੀ ਅਤੇ ਭੀੜ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ।

9. ਵਰ੍ਹਿਆਂ ਬਾਅਦ ਪੂਰਨ ਬਹੁਮਤ ਦੀ ਸਰਕਾਰ

ਨਰੇਂਦਰ ਮੋਦੀ ਨੇ 9 ਮਹੀਨਿਆਂ ਵਿੱਚ ਲਗਭਗ 400 ਰੈਲੀਆਂ ਅਤੇ ਤਿੰਨ ਲੱਖ ਕਿਲੋਮੀਟਰ ਯਾਤਰਾ ਕੀਤੀ। 2014 ਵਿੱਚ ਭਾਜਪਾ ਨੂੰ 282 ਸੀਟਾਂ ਮਿਲੀਆਂ ਅਤੇ 30 ਵਰ੍ਹਿਆਂ ਬਾਅਦ ਪੂਰਨ ਬਹੁਮਤ ਦੀ ਸਰਕਾਰ ਬਣੀ।

10. 'ਫ੍ਰੇਜ਼ਾਇਲ ਫਾਈਵ' ਨਾਲ ਤੇਜ਼ ਵਧ ਰਹੀ ਅਰਥਵਿਵਸਥਾ

2013 ਵਿੱਚ ਭਾਰਤ 'ਫ੍ਰੇਜ਼ਾਇਲ ਫਾਈਵ' ਵਿੱਚ ਸੀ, ਮਹਿੰਗਾਈ ਲਗਭਗ 10% ਸੀ। ਮਹਿੰਗਾਈ ਟੀਚਾ, ਆਈਬੀਸੀ, ਜੀਐੱਸਟੀ ਸੁਧਾਰਾਂ ਤੋਂ ਬਾਅਦ ਕਈ ਆਲਮੀ ਸੰਕਟਾਂ ਦੇ ਬਾਵਜੂਦ ਅਰਥਵਿਵਸਥਾ ਵਧਦੀ ਰਹੀ; ਵਿੱਤੀ ਵਰ੍ਹੇ 2027 ਦੀ ਪਹਿਲੀ ਤਿਮਾਹੀ ਵਿੱਚ ਦਰ 7.8% ਰਹੀ।

11. ਈਜ਼ ਆਫ ਡੂਇੰਗ ਬਿਜ਼ਨਸ

2014 ਵਿੱਚ ਈਜ਼ ਆਫ ਡੂਇੰਗ ਬਿਜ਼ਨਸ ਵਿੱਚ ਭਾਰਤ 142ਵੇਂ ਸਥਾਨ 'ਤੇ ਸੀ। ਜੀਐੱਸਟੀ, ਡਿਜੀਟਲ ਮਨਜ਼ੂਰੀਆਂ, ਫ੍ਰੇਟ ਕੌਰੀਡੋਰ, ਆਈਬੀਸੀ ਵਰਗੇ ਕਦਮਾਂ ਨਾਲ 2020 ਤੱਕ ਭਾਰਤ 63ਵੇਂ ਸਥਾਨ 'ਤੇ ਪਹੁੰਚਿਆ।

12. ਬੈਂਕਿੰਗ ਖੇਤਰ ਦੀ ਸਫਾਈ

'ਫੋਨ ਬੈਂਕਿੰਗ' ਅਤੇ ਐਵਰਗ੍ਰੀਨਿੰਗ ਨੇ ਬੈਂਕਾਂ ਦੀ ਅਸਲੀ ਸਥਿਤੀ ਲੁਕਾਈ ਸੀ। ਅਸੈੱਟ ਕੁਆਲਿਟੀ ਰਿਵੀਊ ਤੋਂ ਬਾਅਦ ਮਾੜੇ ਕਰਜ਼ ਕਰੀਬ 15 ਪ੍ਰਤੀਸ਼ਤ ਸਾਹਮਣੇ ਆਏ। '4R' ਰਿਫੌਰਮ ਦੀ ਰਣਨੀਤੀ ਅਪਣਾਈ ਗਈ। ਆਈਬੀਸੀ ਨੇ ਇਸ ਨੂੰ ਮਜ਼ਬੂਤੀ ਦਿੱਤੀ।

13. ਨਕਸਲਵਾਦ ਦਾ ਅੰਤ

2010 ਦੰਤੇਵਾੜ੍ਹਾ ਹਮਲੇ ਵਿੱਚ 76 ਜਵਾਨ ਮਾਰੇ ਗਏ ਸਨ; 2014 ਵਿੱਚ 126 ਜ਼ਿਲ੍ਹੇ ਨਕਸਲ ਪ੍ਰਭਾਵਿਤ ਸਨ। ਸੁਰੱਖਿਆ ਅਭਿਆਨਾਂ ਦੇ ਨਾਲ ਸੜਕ-ਸਕੂਲ-ਬੈਂਕਿੰਗ ਸਹੂਲਤਾਂ ਪਹੁੰਚੀਆਂ। ਮੁੱਖ ਧਾਰਾ ਵਿੱਚ ਵਾਪਸ ਆਉਣ ਵਾਲਿਆਂ ਦੀ ਸੰਖਿਆ 421 ਤੋਂ ਵਧ ਕੇ ਸਲਾਨਾ 6,558 ਹੋਈ। ਮਾਰਚ 2026 ਵਿੱਚ ਕੋਈ ਜ਼ਿਲ੍ਹਾ ਨਕਸਲ ਪ੍ਰਭਾਵਿਤ ਨਹੀਂ ਬਚਿਆ।

14. ਪ੍ਰਭੂਸੱਤਾ ਦੀ ਰੱਖਿਆ

2017 ਵਿੱਚ ਡੋਕਲਾਮ ਵਿਖੇ ਭਾਰਤ-ਚੀਨ ਸੈਨਾਵਾਂ 73 ਦਿਨ ਆਹਮਣੇ-ਸਾਹਮਣੇ ਰਹੀਆਂ ਅਤੇ ਭਾਰਤ ਪਿੱਛੇ ਨਹੀਂ ਹਟਿਆ। 2020 ਗਲਵਾਨ ਵਿੱਚ ਵੀ ਸੈਨਾ ਡਟੀ ਰਹੀ। 'ਰਾਸ਼ਟਰ ਪਹਿਲਾਂ' ਅਧਾਰ ਬਣਿਆ।

15. ਜੀਐੱਸਟੀ : ਇੱਕ ਦੇਸ਼, ਇੱਕ ਟੈਕਸ ਸਿਸਟਮ

17 ਵਰ੍ਹਿਆਂ ਦੀ ਕੋਸ਼ਿਸ਼ ਜੁਲਾਈ 2017 ਵਿੱਚ ਜੀਐੱਸਟੀ ਨਾਲ ਪੂਰੀ ਹੋਈ। ਪੁਰਾਣੇ ਬਕਾਇਆ ਅਤੇ ਮਾਲੀਆ ਦੇ ਵਾਧੇ ਦੀ ਗਰੰਟੀ ਨਾਲ ਸਹਿਮਤੀ ਬਣੀ, ਦੇਸ਼ ਇੱਕ ਸਾਂਝਾ ਬਜ਼ਾਰ ਬਣਿਆ।

16. ਉੱਤਰ-ਪੂਰਬ ਅਤੇ ਕਸ਼ਮੀਰ ਤੱਕ ਪਹੁੰਚ

ਸਤੰਬਰ 2025 ਵਿੱਚ ਆਈਜ਼ੋਲ ਰੇਲ ਨਾਲ ਜੁੜਿਆ, ਉਧਮਪੁਰ-ਸ੍ਰੀਨਗਰ–ਬਾਰਾਮੂਲਾ ਲਾਈਨ 28 ਵਰ੍ਹਿਆਂ ਬਾਅਦ ਜੂਨ 2025 ਵਿੱਚ ਸ਼ੁਰੂ ਹੋਈ। ਚਿਨਾਬ ਪੁਲ ਨੇ ਕਸ਼ਮੀਰ ਕਨੈਕਟੀਵਿਟੀ ਨੂੰ ਨਵਾਂ ਅਧਾਰ ਦਿੱਤਾ।

17. ਉੱਤਰ ਪੂਰਬ ਵਿੱਚ ਸ਼ਾਂਤੀ

2019 ਤੋਂ ਬਾਅਦ 12 ਸਮਝੌਤਿਆਂ ਵਿੱਚ ਖੁਦ ਮੁਖਤਿਆਰੀ, ਸਹਾਇਤਾ, ਪੁਨਰਵਾਸ ਦੀ ਵਿਵਸਥਾ ਹੋਈ। ਕਰੀਬ 11 ਹਜ਼ਾਰ ਅੱਤਵਾਦੀਆਂ ਨੇ ਹਥਿਆਰ ਛੱਡ ਦਿੱਤੇ, ਘਟਨਾਵਾਂ ਵਿੱਚ 71 ਪ੍ਰਤੀਸ਼ਤ ਦੀ ਕਮੀ ਆਈ ਅਤੇ ਅਪ੍ਰੈਲ 2022 ਵਿੱਚ ਬੋਡੋਲੈਂਡ ਤੋਂ ਅਫਸਪਾ ਹਟਿਆ।



18. ਅੱਤਵਾਦ ਦੇ ਵਿਰੁੱਧ ਨਵੀਂ ਨੀਤੀ

2016 ਸਰਜੀਕਲ ਸਟ੍ਰਾਈਕ, 2019 ਬਾਲਾਕੋਟ ਤੋਂ ਬਾਅਦ ਮਈ 2025 ਵਿੱਚ ਆਪ੍ਰੇਸ਼ਨ ਸਿੰਦੂਰ ਵਿੱਚ ਇੱਕ ਰਾਤ ਵਿੱਚ ਪਾਕਿਸਤਾਨ ਦੇ 9 ਟਿਕਾਣੇ ਨਿਸ਼ਾਨੇ ਬਣੇ। ਨੀਤੀ ਸਪਸ਼ਟ ਹੋਈ ਕਿ ਅੱਤਵਾਦੀ ਹਮਲੇ ਦਾ ਸੈਨਿਕ ਜਵਾਬ ਹੋਵੇਗਾ। ਅੱਤਵਾਦੀਆਂ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲਿਆਂ ਨੂੰ ਵੱਖ-ਵੱਖ ਨਹੀਂ ਮੰਨਿਆ ਜਾਵੇਗਾ।

19. ਧਾਰਾ 370 : ਇੱਕ ਦੇਸ਼- ਇੱਕ ਸੰਵਿਧਾਨ

70 ਵਰ੍ਹਿਆਂ ਤੋਂ ਲਾਗੂ ਧਾਰਾ 370, ਵਰ੍ਹੇ 2019 ਵਿੱਚ ਹਟਾਈ ਗਈ। ਰਾਸ਼ਟਰਪਤੀ ਆਦੇਸ਼, ਸੰਸਦ ਪ੍ਰਸਤਾਵ, ਪੁਨਰ-ਗਠਨ ਕਾਨੂੰਨ ਇੱਕ ਹੀ ਦਿਨ ਪਾਸ ਹੋਏ। ਦਸੰਬਰ 2023 ਵਿੱਚ ਸੁਪਰੀਮ ਕੋਰਟ ਨੇ ਪ੍ਰਕਿਰਿਆ ਕਾਇਮ ਰੱਖੀ ਇਸ ਤਬਦੀਲੀ ਤੋਂ ਬਾਅਦ 2024 ਵਿੱਚ ਵਿਧਾਨ ਸਭਾ ਚੋਣਾਂ ਹੋਈਆਂ।

20. ਅਯੁੱਧਿਆ ਵਿੱਚ ਸ਼੍ਰੀਰਾਮ ਮੰਦਿਰ

ਪੰਜ ਸਦੀਆਂ ਦੇ ਇੰਤਜ਼ਾਰ ਤੋਂ ਬਾਅਦ ਨਵੰਬਰ 2019 ਵਿੱਚ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਵਿਵਾਦਿਤ ਵਾਲੇ ਸਥਾਨ ਮੰਦਿਰ ਨਿਰਮਾਣ ਦੇ ਲਈ ਸੌਂਪਿਆ ਗਿਆ। 22 ਜਨਵਰੀ 2024 ਨੂੰ ਪ੍ਰਾਣ ਪ੍ਰਤਿਸ਼ਠਾ ਹੋਈ, ਨਵੰਬਰ 2025 ਵਿੱਚਧਵਜਾ ਲਹਿਰਾਉਣ ਦੇ ਨਾਲ ਮੁੱਖ ਨਿਰਮਾਣ ਪੂਰਾ ਹੋਇਆ।

21. ਰੇਲ ਪਟੜੀਆਂ ਨੇ ਵਧਾਈ ਭਾਰਤ ਦੀ ਰਫ਼ਤਾਰ

2008 ਵਿੱਚ ਮਨਜ਼ੂਰ ਫ੍ਰੇਟ ਕੌਰੀਡੋਰ 'ਤੇ 2014 ਤੱਕ ਇੱਕ ਕਿਲੋਮੀਟਰ ਵੀ ਪਟੜੀ ਨਹੀਂ ਵਿੱਛੀ ਸੀ। ਇਸ ਤੋਂ ਬਾਅਦ ਨਿਰਮਾਣ ਅਤੇ ਨਿਵੇਸ਼ ਵਿੱਚ ਤੇਜ਼ੀ ਆਈ। ਬਾਅਦ ਵਿੱਚ 45,000 ਕਰੋੜ ਰੁਪਏ ਤੋਂ ਵੱਧ ਖਰਚੇ ਨਾਲ ਮਾਲਗੱਡੀ ਟ੍ਰਾਂਸਪੋਰਟੇਸ਼ਨ ਤੇਜ਼ ਹੋਇਆ, ਜਦਕਿ ਪਹਿਲਾਂ ਸਿਰਫ਼ 4,000 ਕਰੋੜ ਖਰਚ ਹੋਏ ਸਨ।

22. ਦੋ ਅਰਬ ਵੈਕਸੀਨ ਡੋਜ਼

ਭਾਰਤ ਬਾਇਓਟੈੱਕ–ਆਈਸੀਐੱਮਆਰ ਦੀ ਕੋਵੈਕਸੀਨ ਅਤੇ ਪੁਣੇ ਵਿੱਚ ਕੋਵਿਸ਼ੀਲਡ ਉਤਪਾਦਨ ਨਾਲ ਜਨਵਰੀ 2021 ਦਾ ਅਭਿਆਨ ਦੋ ਅਰਬ ਡੋਜ਼ ਤੱਕ ਪਹੁੰਚਿਆ। ਕੋਵਿਨ ਨੇ ਵਿਵਸਥਾ ਸੰਭਾਲੀ ਅਤੇ ਭਾਰਤ ਨੇ ਕਰੀਬ 100 ਦੇਸ਼ਾਂ ਨੂੰ ਵੈਕਸੀਨ ਦਿੱਤੀ।

23. ਨਦੀਆਂ ਦੀ ਤਾਕਤ

ਦਸੰਬਰ 2024 ਵਿੱਚ ਕੇਨ-ਬੇਤਵਾ ਪ੍ਰੋਜੈਕਟ ਸ਼ੁਰੂ ਹੋਇਆ। ਇਸ ਨਾਲ ਬੁੰਦੇਲਖੰਡ ਦੇ 11 ਲੱਖ ਹੈਕਟੇਅਰ ਜ਼ਮੀਨ ਵਿੱਚ ਸਿੰਚਾਈ ਦਾ ਟੀਚਾ ਹੈ। ਜਲਮਾਰਗ ਮਾਲ ਢੋਆਈ 2013- 14 ਦੇ 1.8 ਕਰੋੜ ਟਨ ਨਾਲ 2024-25 ਵਿੱਚ 14.5 ਕਰੋੜ ਟਨ ਹੋਈ। ਅਪ੍ਰੈਲ 2025 ਪਹਿਲਗਾਮ ਹਮਲੇ ਤੋਂ ਬਾਅਦ ਸਿੰਧੂ ਜਲ ਸੰਧੀ ਮੁਲਤਵੀ ਕੀਤੀ ਗਈ।

24. ਰੂਸ-ਯੂਕ੍ਰੇਨ ਯੁੱਧ

ਫਰਵਰੀ 2022 ਯੁੱਧ ਤੋਂ ਬਾਅਦ ਆਪ੍ਰੇਸ਼ਨ ਗੰਗਾ ਵਿੱਚ ਤਿੰਨ ਹਫ਼ਤਿਆਂ ਵਿੱਚ 22,500 ਭਾਰਤੀ 90 ਉਡਾਣਾਂ ਦੁਆਰਾ ਕੱਢੇ ਗਏ। ਰੂਸੀ ਕੱਚੇ ਤੇਲ ਦੀ ਹਿੱਸੇਦਾਰੀ 2 ਪ੍ਰਤੀਸ਼ਤ ਤੋਂ ਵਧ ਕੇ ਇੱਕ –ਤਿਹਾਈ ਹੋਈ, ਫਿਰ ਵੀ ਮਹਿੰਗਾਈ ਦੋਹਰੇ ਅੰਕ ਤੋਂ ਹੇਠਾਂ ਰਹੀ।

25. ਸਾਊਥ ਏਸ਼ੀਆ ਦਾ ਯੁੱਧ

28 ਫਰਵਰੀ 2026 ਤੋਂ ਬਾਅਦ ਹੋਰਮੁਜ਼ ਬੰਦ ਹੋਣ ਨਾਲ ਊਰਜਾ ਸਪਲਾਈ 'ਤੇ ਦਬਾਅ ਵਧਿਆ, ਕਿਉਂਕਿ ਅੱਧਾ ਕੱਚਾ ਤੇਲ ਇਸੇ ਰਸਤੇ ਤੋਂ ਆਉਂਦਾ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤੇਹਰਾਨ-ਵਾਸ਼ਿੰਗਟਨ ਦੋਵਾਂ ਨਾਲ ਗੱਲਬਾਤ ਕੀਤੀ। ਇਮਪੋਰਟ ਡਿਊਟੀ ਕਟੌਤੀ ਅਤੇ ਸਪਲਾਈ ਜਾਰੀ ਰਹਿਣ ਨਾਲ ਅਰਥਵਿਵਸਥਾ 7.8 ਪ੍ਰਤੀਸ਼ਤ ਦਰ ਨਾਲ ਵਧੀ।



> *ਅੱਜ ਅੱਤਵਾਦ ਫੈਲਾਉਣ ਵਾਲਿਆਂ ਦਾ ਖਾਤਮਾ ਹੋਇਆ ਪਿਆ ਹੈ। ਪਾਕਿਸਤਾਨ ਕੋਈ ਘਟੀਆ ਹਰਕਤ ਕਰਦਾ ਹੈ, ਤਾਂ ਭਾਰਤ ਦੀਆਂ ਸੈਨਾਵਾਂ ਘਰ ਵਿੱਚ ਜਾ ਕੇ ਮਾਰ ਦੀਆਂ ਹਨ। ਜੰਮੂ-ਕਸ਼ਮੀਰ ਤੋਂ ਲੈ ਕੇ ਨੌਰਥ ਈਸਟ ਤੱਕ ਸ਼ਾਂਤੀ ਵਧੀ ਹੈ। ਮਾਓਵਾਦੀ ਅੱਤਵਾਦ ਨਕਸਲਵਾਦ ਦੀ ਕਮਰ ਤੋੜ ਦਿੱਤੀ ਗਈ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਰਿਫੌਰਮਸ: ਭਾਰਤ ਦੀ ਸ਼ਾਸਨ ਵਿਵਸਥਾ ਵਿੱਚ ਸੁਧਾਰਾਂ ਦਾ ਯੁੱਗ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 25 ਵਰ੍ਹਿਆਂ ਦੀ ਸੁਸ਼ਾਸਨ ਯਾਤਰਾ ਨੇ ਭਾਰਤ ਵਿੱਚ ਸੁਧਾਰਾਂ ਦੇ ਨਵੇਂ ਯੁੱਗ ਦੀ ਸਥਾਪਨਾ ਕੀਤੀ ਹੈ। ਇਸ ਮਿਆਦ ਵਿੱਚ ਗੁਜਰਾਤ ਤੋਂ ਲੈ ਕੇ ਕੇਂਦਰ ਤੱਕ ਸ਼ਾਸਨ ਦੇ ਕਈ ਖੇਤਰਾਂ ਵਿੱਚ ਅਜਿਹੇ ਸੰਸਥਾਗਤ ਬਦਲਾਅ ਹੋਏ, ਜਿਨ੍ਹਾਂ ਨੇ ਯੋਜਨਾਵਾਂ, ਪ੍ਰਕਿਰਿਆਵਾਂ ਅਤੇ ਕੰਮ ਕਰਨ ਦੇ ਤਰੀਕੇ ਨੂੰ ਬਦਲਿਆ। ਪਾਣੀ ਤੋਂ ਲੈ ਕੇ ਬੈਂਕਿੰਗ, ਟੈਕਸ ਸਿਸਟਮ ਤੋਂ ਲੈ ਕੇ ਕਿਰਤ ਤੱਕ, ਸਿੱਖਿਆ ਤੋਂ ਲੈ ਕੇ ਪੁਲਾੜ ਤੱਕ, ਕਾਨੂੰਨ ਤੋਂ ਲੈ ਕੇ ਸਮਾਜਿਕ ਸੁਧਾਰ ਤੱਕ, ਇਨ੍ਹਾਂ ਪਹਿਲਕਦਮੀਆਂ ਨੇ ਸ਼ਾਸਨ ਦੇ ਕੰਮ ਕਰਨ ਦੇ ਤਰੀਕਿਆਂ ਵਿੱਚ ਤਬਦੀਲੀ ਨੂੰ ਕੇਂਦਰ ਵਿੱਚ ਰੱਖਿਆ...

ਗੁਜਰਾਤ ਵਿੱਚ ਕੀਤੇ ਗਏ ਸੁਧਾਰ

1. ਜਲ ਸੁਧਾਰ, 2003

ਸੋਕੇ ਦੀ ਮਾਰ ਝੱਲ ਰਹੇ ਗੁਜਰਾਤ ਵਿੱਚ ਚੈੱਕ ਡੈਮ, ਖੇਤ ਤਲਾਬ, ਰੀਚਾਰਜ਼ ਖੂਹ ਅਤੇ ਨਹਿਰਾਂ ਨੂੰ ਇੱਕ ਯੋਜਨਾ ਨਾਲ ਜੋੜਿਆ ਗਿਆ। ਸੁਜ਼ਲਾਮ ਸੁਫਲਾਮ ਅਤੇ ਸੌਨੀ ਨਾਲ ਪਾਣੀ ਅਤੇ ਸਿੰਚਾਈ ਸਮਰੱਥਾ ਵਧੀ। 2019 ਤੱਕ 1.85 ਲੱਖ ਤੋਂ ਵੱਧ ਚੈੱਕ ਡੈਮ ਬਣੇ।

2. ਨਿਰਮਲ ਗੁਜਰਾਤ, 2006

ਸਵੱਛਤਾ ਦੀ ਜ਼ਿੰਮੇਵਾਰੀ ਪੰਚਾਇਤਾਂ, ਸਕੂਲਾਂ, ਮਹਿਲਾ ਸਮੂਹਾਂ ਅਤੇ ਸਥਾਨਕ ਸੰਸਥਾਵਾਂ ਤੱਕ ਪਹੁੰਚਾਈ ਗਈ। ਇਹੀ ਤਰੀਕਾ ਅੱਗੇ ਸਵੱਛ ਭਾਰਤ ਮਿਸ਼ਨ ਦਾ ਅਧਾਰ ਬਣਿਆ।

3. ਨਿਵੇਸ਼ਕਾਂ ਦੇ ਲਈ ਸਿੰਗਲ ਵਿੰਡੋ ਸਿਸਟਮ -2013

ਮਨਜ਼ੂਰੀਆਂ ਨੂੰ ਸਿੰਗਲ ਵਿੰਡੋ ਨਾਲ ਜੋੜਨ ਦੀ ਸ਼ੁਰੂਆਤ ਹੋਈ, ਜੋ ਕਿ ਬਾਅਦ ਵਿੱਚ ਰਾਸ਼ਟਰੀ ਪੱਧਰ ਤੱਕ ਪਹੁੰਚੀ। ਅੱਜ ਇਹ 32 ਕੇਂਦਰੀ ਮੰਤਰਾਲਿਆਂ ਨੂੰ 33 ਰਾਜਾਂ-ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਜੋੜਦੀ ਹੈ।

4. ਗੁਜਰਾਤ ਵਿੱਚ ਪੋਰਟ ਰੈਵੋਲਿਊਸ਼ਨ

ਸਮੁੰਦਰ ਦੇ ਕਿਨਾਰੇ ਨੂੰ ਉਦਯੋਗਿਕ ਬੁਨਿਆਦੀ ਢਾਂਚੇ ਦੇ ਰੂਪ ਵਿੱਚ ਵਿਕਸਿਤ ਕੀਤਾ ਗਿਆ। ਬੰਦਰਗਾਹਾਂ ਨੂੰ ਸੜਕਾਂ, ਰੇਲ, ਬਿਜਲੀ ਅਤੇ ਉਦਯੋਗਾਂ ਨਾਲ ਜੋੜਿਆ ਗਿਆ। ਮੁੰਦਰਾ, ਹਜ਼ੀਰਾ ਅਤੇ ਪਿਪਾਵਾਵ ਇਸ ਦੀਆਂ ਉਦਾਹਰਣਾਂ ਬਣੀਆਂ।



ਅਦਾਇਗੀ, ਖੇਤੀਬਾੜੀ ਅਤੇ ਮਨੁੱਖੀ ਪੂੰਜੀ

5. ਡਾਇਰੈਕਟ ਬੈਨੇਫਿਟ ਟ੍ਰਾਂਸਫਰ

ਜਨ ਧਨ, ਆਧਾਰ ਅਤੇ ਮੋਬਾਈਲ ਦੇ ਜ਼ਰੀਏ ਲਾਭ ਸਿੱਧੇ ਤਸਦੀਕਸ਼ੁਦਾ ਬੈਂਕ ਖਾਤਿਆਂ ਵਿੱਚ ਪਹੁੰਚਣ ਲੱਗੇ। 320 ਯੋਜਨਾਵਾਂ ਦੇ ਤਹਿਤ 53 ਲੱਖ ਕਰੋੜ ਰੁਪਏ ਤੋਂ ਵੱਧ ਦਾ ਟ੍ਰਾਂਸਫਰ ਹੋਇਆ, ਜਿਸ ਨਾਲ 5 ਲੱਖ ਕਰੋੜ ਰੁਪਏ ਤੋਂ ਵੱਧ ਦੀ ਬੱਚਤ ਦਾ ਅਨੁਮਾਨ ਹੈ।

6. ਨਿੰਮ ਕੋਟਿਡ ਯੂਰੀਆ, 2015

ਯੂਰੀਆ 'ਤੇ ਨਿੰਮ ਦੀ ਪਰਤ ਨਾਲ ਕਾਲਾਬਜ਼ਾਰੀ ਅਤੇ ਉਦਯੋਗਿਕ ਵਰਤੋਂ 'ਤੇ ਰੋਕ ਲੱਗੀ। ਕਿਸਾਨਾਂ ਲਈ ਯੂਰੀਆ ਉਪਲਬਧਤਾ ਵਧੀ ਅਤੇ ਸਰਕਾਰੀ ਖਜਾਨੇ ਨੂੰ ਲਗਭਗ 10,000 ਕਰੋੜ ਰੁਪਏ ਦੀ ਬੱਚਤ ਦਾ ਅਨੁਮਾਨ ਹੈ।

7. ਰਾਸ਼ਟਰੀ ਸਿੱਖਿਆ ਨੀਤੀ, 2020

29 ਜੁਲਾਈ, 2020 ਨੂੰ ਮਨਜ਼ੂਰ ਨੀਤੀ ਨੇ 1968 ਤੋਂ ਲਾਗੂ 10+2 ਢਾਂਚੇ ਦੀ ਥਾਂ 5+3+3+4 ਢਾਂਚੇ ਨੂੰ ਅਪਣਾਇਆ। ਸ਼ੁਰੂਆਤੀ ਵਰ੍ਹਿਆਂ ਦੀ ਸਿੱਖਿਆ ਨੂੰ ਵਿਵਸਥਾ ਵਿੱਚ ਸ਼ਾਮਲ ਕੀਤਾ ਗਿਆ। ਕਲਾ-ਵਿਗਿਆਨ-ਵਣਜ-ਕਾਰੋਬਾਰੀ ਸਿੱਖਿਆ ਦੀਆਂ ਸਖਤ ਸੀਮਾਵਾਂ ਘੱਟ ਹੋਈਆਂ।

8. ਨੈਸ਼ਨਲ ਮੈਡੀਕਲ ਕਮਿਸ਼ਨ ਐਕਟ, 2019

ਮੈਡੀਕਲ ਐਜੂਕੇਸ਼ਨ ਦੇ ਰੈਗੂਲੇਸ਼ਨ ਨੂੰ ਮਲਟੀ-ਕੌਂਸਲ ਸਿਸਟਮ ਵਿੱਚ ਬਦਲਿਆ ਗਿਆ। ਮੈਡੀਕਲ ਕਾਲਜ 2014 ਦੇ 387 ਤੋਂ ਵਧ ਕੇ 846 ਤੋਂ ਜ਼ਿਆਦਾ ਹੋਏ। ਐੱਮਬੀਬੀਐੱਸ ਸੀਟਾਂ 51,348 ਤੋਂ ਵਧ ਕੇ 1,39,864 ਤੋਂ ਵੱਧ ਅਤੇ ਪੋਸਟ ਗ੍ਰੈਜੂਏਟ ਸੀਟਾਂ 30,191 ਤੋਂ ਵਧ ਕੇ ਲਗਭਗ 86,360 ਹੋਈਆਂ।





ਅਰਥਵਿਵਸਥਾ ਦਾ ਪੁਨਰ ਨਿਰਮਾਣ

9. ਬੈਂਕਿੰਗ ਸੁਧਾਰ, 2014

ਅਸੈੱਟ ਕੁਆਲਿਟੀ ਸਮੀਖਿਆ ਨਾਲ ਬੈਂਕਾਂ ਦੀ ਅਸਲ ਸਥਿਤੀ ਸਾਹਮਣੇ ਆਈ। ਪੂੰਜੀ ਵਾਧੇ, ਰਲੇਵੇਂ ਅਤੇ ਇਨਸੌਲਵੈਂਸੀ ਪ੍ਰੋਸੈੱਸ ਦੁਆਰਾ ਬੈਂਕਿੰਗ ਵਿਵਸਥਾ ਮਜ਼ਬੂਤ ਹੋਈ।

10. ਲਿਬਰਲ ਐੱਫਡੀਆਈ ਪੌਲਿਸੀ, 2014

ਵੱਖ-ਵੱਖ ਖੇਤਰਾਂ ਵਿੱਚ ਵਿਦੇਸ਼ੀ ਨਿਵੇਸ਼ ਦੀਆਂ ਸੀਮਾਵਾਂ ਅਤੇ ਪ੍ਰਕਿਰਿਆਵਾਂ ਅਸਾਨ ਹੋਈਆਂ। 2014- 25 ਵਿੱਚ ਭਾਰਤ ਨੇ 748.78 ਅਰਬ ਡਾਲਰ ਦਾ ਪ੍ਰਤੱਖ ਨਿਵੇਸ਼ ਹਾਸਲ ਕੀਤਾ।

11. ਫੇਮਾ ਅਤੇ ਗਲੋਬਲ ਵਿੱਤੀ ਏਕੀਕਰਣ

ਵਿਦੇਸ਼ੀ ਮੁਦਰਾ, ਬਾਹਰਲੇ ਉਧਾਰ, ਵਿਦੇਸ਼ੀ ਨਿਵੇਸ਼ ਅਤੇ ਸਰਹੱਦ ਪਾਰ ਲੈਣ-ਦੇਣ ਦੇ ਨਿਯਮ ਅਸਾਨ ਕੀਤੇ ਗਏ, ਜਿਸ ਨਾਲ ਵੈਧ ਕਾਰੋਬਾਰ ਦੀਆਂ ਰੁਕਾਵਟਾਂ ਘੱਟ ਹੋਈਆਂ। ਭਾਰਤੀ ਕੰਪਨੀਆਂ ਦੇ ਲਈ ਵਿਦੇਸ਼ ਵਿੱਚ ਕਾਰੋਬਾਰ ਕਰਨਾ ਅਸਾਨ ਹੋਇਆ।

12. ਇਨਸੌਲਵੈਂਸੀ ਅਤੇ ਬੈਂਕਰਪਸੀ ਕੋਡ (IBC), 2016

ਡੁੱਬ ਰਹੀਆਂ ਕੰਪਨੀਆਂ ਦੇ ਲਈ ਸਮਾਂਬੱਧ ਪ੍ਰਕਿਰਿਆ ਆਈ ਅਤੇ ਲੈਣਦਾਰਾਂ ਦੀ ਭੂਮਿਕਾ ਕੇਂਦ੍ਰਿਤ ਹੋਈ। ਮਾਰਚ 2026 ਤੱਕ 1419 ਮਾਮਲਿਆਂ ਵਿੱਚ ਸਮਾਧਾਨ ਯੋਜਨਾਵਾਂ ਮਨਜ਼ੂਰ ਹੋਈਆਂ ਅਤੇ ਲਗਭਗ 4.32 ਲੱਖ ਕਰੋੜ ਰੁਪਏ ਵਾਪਸ ਮਿਲੇ।

13. ਜੀਐੱਸਟੀ 2017

ਕਈ ਕੇਂਦਰੀ-ਰਾਜ ਟੈਕਸਾਂ ਦੀ ਥਾਂ ਸਾਂਝਾ ਟੈਕਸ ਸਿਸਟਮ ਆਇਆ। ਇਸ ਨਾਲ ਭਾਰਤ ਸਿੰਗਲ ਬਜ਼ਾਰ ਬਣਿਆ ਅਤੇ ਰਜਿਸਟਰਡ ਟੈਕਸਪੇਅਰਸ ਅਤੇ ਟੈਕਸ ਕਲੈਕਸ਼ਨ ਵਿੱਚ ਵਾਧਾ ਹੋਇਆ।

14. ਇਨਕਮ ਟੈਕਸ ਸੁਧਾਰ, 2014

ਫੇਸਲੈੱਸ ਅਸੈੱਸਮੈਂਟ ਨਾਲ ਟੈਕਸਪੇਅਰਸ ਅਤੇ ਅਧਿਕਾਰੀ ਦਾ ਸਿੱਧਾ ਸੰਪਰਕ ਘੱਟ ਹੋਇਆ। ਨਵੇਂ ਟੈਕਸ ਸਿਸਟਮ ਅਤੇ 2025 ਦੇ ਨਵੇਂ ਇਨਕਮ ਟੈਕਸ ਕਾਨੂੰਨ ਨੇ ਦਰ, ਧਾਰਾ ਅਤੇ ਪ੍ਰਕਿਰਿਆ ਨੂੰ ਅਸਾਨ ਬਣਾਇਆ। ਬਜਟ 2025 -26 ਵਿੱਚ 12 ਲੱਖ ਰੁਪਏ ਤੱਕ ਦੀ ਸਲਾਨਾ ਆਮਦਨ 'ਤੇ ਇਨਕਮ ਟੈਕਸ ਨਹੀਂ ਲੱਗੇਗਾ ਅਤੇ ਵੇਤਨਭੋਗੀ ਟੈਕਸਪੇਅਰਸ ਦੇ ਲਈ 75,000 ਰੁਪਏ ਦੀ ਮਿਆਰੀ ਕਟੌਤੀ ਮਿਲਾ ਕੇ ਇਹ ਸੀਮਾ 12.75 ਲੱਖ ਰੁਪਏ ਹੈ।

15. MSMEs ਦੀ ਸੋਧੀ ਹੋਈ ਪਰਿਭਾਸ਼ਾ, 2020 ਅਤੇ 2025

ਨਿਵੇਸ਼ ਅਤੇ ਕਾਰੋਬਾਰ ਦੇ ਸਾਂਝੇ ਪੈਮਾਨੇ ਨਾਲ ਛੋਟੀਆਂ ਕੰਪਨੀਆਂ ਦੇ ਵਿਕਾਸ ਦੀ ਰੁਕਾਵਟ ਘੱਟ ਹੋਈ। 2025 ਵਿੱਚ ਸੀਮਾਵਾਂ ਹੋਰ ਵਧਾਈਆਂ ਗਈਆਂ ਤਾਂ ਜੋ ਕੰਪਨੀਆਂ ਲਾਭ ਨਾ ਗੁਆਉਣ।

16. ਉਤਪਾਦਨ ਨਾਲ ਜੁੜੀਆਂ ਪ੍ਰੋਤਸਾਹਨ ਯੋਜਨਾਵਾਂ (ਪੀਐੱਲਆਈ), 2020

ਮਾਰਚ 2026 ਤੱਕ 2.40 ਲੱਖ ਕਰੋੜ ਰੁਪਏ ਨਿਵੇਸ਼ ਅਤੇ 20 ਲੱਖ ਕਰੋੜ ਰੁਪਏ ਤੋਂ ਵੱਧ ਦਾ ਉਤਪਾਦਨ ਹੋਇਆ। 15.2 ਲੱਖ ਕਰੋੜ ਰੁਪਏ ਦਾ ਸਮਾਨ ਨਿਰਯਾਤ ਹੋਇਆ। ਨਾਲ ਹੀ, ਲਗਭਗ 14 ਲੱਖ ਰੁਜ਼ਗਾਰ ਪੈਦਾ ਹੋਏ।

> *ਭਾਰਤ ਦੀ ਨੀਤੀ-ਫੈਸਲਿਆਂ ਵਿੱਚ ਆਈ ਇਹ ਗਤੀ ਦੁਨੀਆ ਦੇ ਬਾਕੀ ਦੇਸ਼ ਵੀ ਦੇਖ ਰਹੇ ਹਨ, ਸਮਝ ਰਹੇ ਹਨ। ਇਸ ਲਈ ਉਹ ਭਾਰਤ ਦੇ ਨਾਲ ਆਪਣੀ ਸਾਂਝੇਦਾਰੀ ਵਧਾ ਰਹੇ ਹਨ। ਬੀਤੇ ਦਹਾਕੇ ਵਿੱਚ ਲਗਭਗ 40 ਦੇਸ਼ਾਂ ਦੇ ਨਾਲ ਵਪਾਰ ਸਮਝੌਤੇ ਹੋਏ ਹਨ।*
>
> **- ਨਰੇਂਦਰ ਮੋਦੀ ਪ੍ਰਧਾਨ ਮੰਤਰੀ**



ਕਾਨੂੰਨ, ਨਿਆਂ ਅਤੇ ਈਜ਼ ਆਫ ਲਿਵਿੰਗ

17. ਕਮਰਸ਼ੀਅਲ ਕੋਰਟਸ, 2015

ਕਾਰੋਬਾਰੀ ਝਗੜਿਆਂ ਦੇ ਲਈ ਵੱਖਰੀ ਵਿਵਸਥਾ, ਸਮਾਂ-ਸੀਮਾ ਅਤੇ ਇਲੈਕਟ੍ਰੌਨਿਕ ਪ੍ਰਕਿਰਿਆ ਸ਼ੁਰੂ ਹੋਈ। ਸ਼ਹਿਰਾਂ ਵਿੱਚ ਝਗੜਿਆਂ ਦੇ ਨਿਪਟਾਰੇ ਦਾ ਸਮਾਂ ਵਰ੍ਹਿਆਂ ਤੋਂ ਘਟ ਕੇ ਮਹੀਨਿਆਂ ਵਿੱਚ ਆ ਗਿਆ। ਨਿਆਂ ਵਿਭਾਗ ਦੇ ਮੁਤਾਬਕ, ਦਿੱਲੀ ਵਿੱਚ ਫੈਸਲਿਆਂ ਦਾ ਸਮਾਂ 424 ਦਿਨਾਂ ਅਤੇ ਮੁੰਬਈ ਵਿੱਚ 306 ਦਿਨਾਂ ਦਾ ਰਹਿ ਗਿਆ।

18. ਪੁਰਾਣੇ ਕਾਨੂੰਨਾਂ ਦਾ ਅੰਤ ਅਤੇ ਜਨ ਵਿਸ਼ਵਾਸ ਕਾਨੂੰਨ, 2023

2014 ਤੋਂ ਹੁਣ ਤੱਕ 1500 ਤੋਂ ਵੱਧ ਕੇਂਦਰੀ ਕਾਨੂੰਨ ਹਟਾਏ ਗਏ। 183 ਪ੍ਰਾਵਧਾਨਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਕੇ, ਛੋਟੀਆਂ ਤਕਨੀਕੀ ਗਲਤੀਆਂ ਵਿੱਚ ਸਿਵਿਲ ਜੁਰਮਾਨੇ ਦਾ ਰਸਤਾ ਅਪਣਾਇਆ ਗਿਆ।

19. ਭਾਰਤੀਯ ਨਯਾਯ ਸੰਹਿਤਾ, 2023

ਭਾਰਤੀਯ ਨਯਾਯ ਸੰਹਿਤਾ ਨੇ 1860 ਦੀ ਇੰਡੀਅਨ ਪੀਨਲ ਕੋਡ ਦੀ ਜਗ੍ਹਾ ਲੈ ਲਈ ਅਤੇ 1 ਜੁਲਾਈ 2024 ਤੋਂ ਲਾਗੂ ਹੋਈ। ਇਹ ਬਸਤੀਵਾਦੀ ਮਾਨਸਿਕਤਾ ਤੋਂ ਆਜ਼ਾਦੀ ਦਾ ਕਾਰਨ ਬਣੀ। ਮਹਿਲਾਵਾਂ- ਬੱਚਿਆਂ ਦੇ ਵਿਰੁੱਧ ਅਪਰਾਧਾਂ 'ਤੇ ਰੋਕ ਲਗਾਉਣ ਦੀ ਤਰਜੀਹ ਮਿਲੀ। ਸੰਗਠਿਤ ਅਪਰਾਧ, ਅੱਤਵਾਦ ਅਤੇ ਭੀੜ ਹਿੰਸਾ ਭਾਵ ਮੌਬ ਲਿੰਚਿੰਗ ਦੇ ਪ੍ਰਾਵਧਾਨ ਜੁੜੇ।

20. ਲੇਬਰ ਕੋਡਸ, 2025

29 ਪੁਰਾਣੇ ਕਿਰਤ ਕਾਨੂੰਨਾਂ ਦੀ ਜਗ੍ਹਾ ਵੇਤਨ, ਉਦਯੋਗਿਕ ਸਬੰਧ, ਸਮਾਜਿਕ ਸੁਰੱਖਿਆ ਅਤੇ ਕੰਮ ਵਾਲੀ ਥਾਂ 'ਤੇ ਸੁਰੱਖਿਆ ਨਾਲ ਜੁੜੇ ਚਾਰ ਕੋਡਸ ਲਾਗੂ ਹੋਏ। ਇਸ ਨਾਲ ਅਨੁਪਾਲਣ ਅਸਾਨ ਹੋਇਆ ਅਤੇ ਗਿਗ ਪਲੈਟਫਾਰਮ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ ਆਏ।

ਰਣਨੀਤਕ ਸਮਰੱਥਾ

21. ਪੁਲਾੜ ਖੇਤਰ ਸੁਧਾਰ, 2020

ਨਿਜੀ ਖੇਤਰ ਦੇ ਲਈ ਪੁਲਾੜ ਗਤੀਵਿਧੀਆਂ ਦਾ ਰਾਹ ਖੁੱਲ੍ਹਿਆ। ਇਨ-ਸਪੇਸ ਦੇ ਜ਼ਰੀਏ ਸੰਸਥਾਗਤ ਵਿਵਸਥਾ ਬਣੀ। 2026 ਤੱਕ ਕਰੀਬ 440 ਰਜਿਸਟਰਡ ਸਟਾਰਟਅੱਪਸ ਸਾਹਮਣੇ ਆਏ ਅਤੇ ਨਿਜੀ ਨਿਵੇਸ਼ 618 ਮਿਲੀਅਨ ਡਾਲਰ ਤੋਂ ਵੱਧ ਹੋਇਆ। 18 ਜੁਲਾਈ 2026 ਨੂੰ ਸਕਾਈਰੂਟ ਦੇ ਵਿਕ੍ਰਮ-1 ਨੇ ਸ੍ਰੀ ਹਰਿਕੋਟਾ ਤੋਂ ਉਡਾਨ ਭਰੀ ਅਤੇ ਪਹਿਲੀ ਹੀ ਕੋਸ਼ਿਸ਼ ਵਿੱਚ ਔਰਬਿਟ ਵਿੱਚ ਪਹੁੰਚ ਗਿਆ।

22. ਰੱਖਿਆ ਸੁਧਾਰ, 2020

ਰੱਖਿਆ ਉਤਪਾਦਨ ਵਿੱਚ ਭਾਰਤੀ–ਡਿਜ਼ਾਈਨ ਨਿਰਮਾਣ ਨੂੰ ਤਰਜੀਹ ਮਿਲੀ। ਰੱਖਿਆ ਨਿਰਯਾਤ 2013- 14 ਦੇ ਕਰੀਬ 680 ਕਰੋੜ ਰੁਪਏ ਤੋਂ ਵਧ ਕੇ 38,400 ਕਰੋੜ ਰੁਪਏ ਤੋਂ ਵੱਧ ਹੋਇਆ। ਹਥਿਆਰ ਖਰੀਦਣ ਵਾਲਾ ਦੇਸ਼ ਹੁਣ ਨਿਰਯਾਤਕ ਬਣ ਗਿਆ ਹੈ।

23. ਸੈਮੀਕੰਡਕਟਰ ਮਿਸ਼ਨ, 2021

ਭਾਰਤ ਵਿੱਚ ਚਿੱਪ ਫੈਬ੍ਰੀਕੇਸ਼ਨ, ਪੈਕੇਜਿੰਗ ਅਤੇ ਡਿਜ਼ਾਈਨ ਦੀ ਪੂਰੀ ਲੜੀ ਵਿਕਸਿਤ ਕਰਨ ਦੀ ਯੋਜਨਾ ਬਣੀ। ਲਗਭਗ 1.6 ਲੱਖ ਕਰੋੜ ਰੁਪਏ ਦੇ ਦਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲੀ। ਇਹ ਗੁਜਰਾਤ, ਅਸਾਮ ਅਤੇ ਹੋਰ ਰਾਜਾਂ ਵਿੱਚ ਫੈਲੇ ਹਨ ਤਾਂ ਜੋ ਇੱਕ ਤੋਂ ਵੱਧ ਇਲਾਕਿਆਂ ਵਿੱਚ ਇਹ ਸਮਰੱਥਾ ਵਿਕਸਿਤ ਕੀਤਾ ਜਾ ਸਕੇ।

ਸਮਾਜਿਕ ਸੁਧਾਰ

24. ਤਿੰਨ ਤਲਾਕ, 2019

ਤੁਰੰਤ ਤਿੰਨ ਤਲਾਕ ਨੂੰ ਗੈਰ ਕਾਨੂੰਨੀ ਅਤੇ ਸਜ਼ਾਯੋਗ ਬਣਾਇਆ ਗਿਆ। ਨਾਲ ਹੀ, ਗੁਜ਼ਾਰਾ-ਭੱਤਾ ਅਤੇ ਨਾਬਾਲਿਗ ਬੱਚਿਆਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਗਿਆ। ਕਾਨੂੰਨ ਲਾਗੂ ਹੋਣ ਦੇ ਇੱਕ ਸਾਲ ਵਿੱਚ ਅਜਿਹੇ ਮਾਮਲਿਆਂ ਦੀ ਰਿਪੋਰਟ ਵਿੱਚ 85 ਪ੍ਰਤੀਸ਼ਤ ਕਮੀ ਆਈ। ਸੰਵਿਧਾਨਕ ਸੁਰੱਖਿਆ ਉਨ੍ਹਾਂ ਮਹਿਲਾਵਾਂ ਤੱਕ ਪਹੁੰਚੀ, ਜਿਨ੍ਹਾਂ ਨੂੰ ਕਾਨੂੰਨ ਨੇ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕਰ ਰੱਖਿਆ ਸੀ।

25. ਵਕਫ਼ ਸੁਧਾਰ, 2025

ਵਕਫ਼ ਸੰਪੱਤੀਆਂ ਨਾਲ ਜੁੜੇ ਦਾਅਵਿਆਂ ਵਿੱਚ ਜਾਂਚ-ਅਪੀਲ ਵਿਵਸਥਾ ਮਜ਼ਬੂਤ ਕੀਤੀ ਗਈ। ਸਰਕਾਰੀ ਜ਼ਮੀਨ 'ਤੇ ਦਾਅਵਿਆਂ ਦੀ ਜਾਂਚ ਸੀਨੀਅਰ ਅਧਿਕਾਰੀ ਦੁਆਰਾ ਕਰਵਾਉਣ ਅਤੇ ਹਾਈ ਕੋਰਟ ਵਿੱਚ ਅਪੀਲ ਦਾ ਰਸਤਾ ਖੁੱਲ੍ਹਿਆ। ਹੁਣ ਵਕਫ਼ ਦੇ ਦਾਅਵੇ ਵੀ ਸਬੂਤ ਅਧਾਰਿਤ ਹੋਣਗੇ।



ਨਵੇਂ ਭਾਰਤ ਦੀ ਸ਼ਾਨਦਾਰ ਨਿਰਮਾਣ ਗਾਥਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਾਸਨ ਪ੍ਰਮੁੱਖ ਦੇ ਰੂਪ ਵਿੱਚ 25 ਵਰ੍ਹਿਆਂ ਦੀ ਯਾਤਰਾ ਨੂੰ 'ਭਾਰਤ ਦਾ ਆਰਕੀਟੈਕਚਰਲ ਮਾਰਵਲਸ' ਮੰਨਿਆ ਜਾਂਦਾ ਹੈ। ਇਨ੍ਹਾਂ ਵਰ੍ਹਿਆਂ ਵਿੱਚ ਦੇਸ਼ ਵਿੱਚ ਹੋਏ ਕਈ ਸ਼ਾਨਦਾਰ ਨਿਰਮਾਣਾਂ ਨੇ ਭਾਰਤ ਦੀ ਬਦਲ ਰਹੀ ਵਿਕਾਸ ਯਾਤਰਾ ਦੀ ਗੌਰਵਸ਼ਾਲੀ ਤਸਵੀਰ ਪੇਸ਼ ਕੀਤੀ ਹੈ। ਪੁਲਾਂ ਅਤੇ ਸੁਰੰਗਾਂ ਤੋਂ ਲੈ ਕੇ ਹਵਾਈ ਅੱਡਿਆਂ, ਬੰਦਰਗਾਹਾਂ, ਅਰਬਨ ਟ੍ਰਾਂਸਪੋਰਟ ਸਿਸਟਮਸ, ਸੰਸਦ, ਸਮਾਰਕਾਂ, ਮਿਊਜ਼ੀਅਮਾਂ, ਤੀਰਥ ਸਥਾਨਾਂ ਅਤੇ ਸਮਾਰਟ ਸ਼ਹਿਰਾਂ ਤੱਕ ਫੈਲੇ ਇਨ੍ਹਾਂ ਪ੍ਰੋਜੈਕਟਾਂ ਨੇ ਕਨੈਕਟੀਵਿਟੀ, ਸੁਵਿਧਾ, ਵਿਰਾਸਤ ਅਤੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਇਕੱਠਿਆਂ ਸਿੱਧ ਕਰਨ ਦਾ ਯਤਨ ਕੀਤਾ ਹੈ। ਇਹੀ ਵਿਭਿੰਨਤਾ ਇਨ੍ਹਾਂ ਨਿਰਮਾਣਾਂ ਨੂੰ 'ਨਿਊ ਇੰਡੀਆ' ਦੇ ਸ਼ਾਨਦਾਰ ਵਾਸਤੂ ਅਤੇ ਡਿਵੈਲਪਮੈਂਟਲ ਬਲੂ ਪ੍ਰਿੰਟ ਦੀਆਂ ਮਹੱਤਵਪੂਰਨ ਲੜੀਆਂ ਦੇ ਰੂਪ ਵਿੱਚ ਦਰਸਾਉਂਦੀ ਹੈ।

1. ਬੋਗੀਬੀਲ ਅਤੇ ਡਾ. ਭੂਪੇਨ ਹਜ਼ਾਰਿਕਾ ਸੇਤੂ - ਉੱਤਰ ਪੂਰਬ ਦਾ ਕੂਟਨੀਤਕ ਸੰਪਰਕ : ਬ੍ਰਹਮਪੁੱਤਰ 'ਤੇ 4.94 ਕਿਲੋਮੀਟਰ ਲੰਬਾ ਬੋਗੀਬੀਲ ਪੁਲ ਭਾਰਤ ਦਾ ਸਭ ਤੋਂ ਲੰਬਾ ਸਾਂਝਾ ਰੇਲ-ਸੜਕ ਪੁਲ ਹੈ। 25 ਦਸੰਬਰ 2018 ਨੂੰ ਉਦਘਾਟਨ ਕੀਤੇ ਗਏ ਇਸ ਪੁਲ ਨੇ ਡਿਬਰੂਗੜ੍ਹ –ਈਟਾਨਗਰ ਦੀ ਸੜਕ ਦੀ ਦੂਰੀ 150 ਕਿਲੋਮੀਟਰ ਅਤੇ ਰੇਲ ਦੂਰੀ ਲਗਭਗ 200 ਕਿਲੋਮੀਟਰ ਘਟਾਈ। ਨਾਲ ਹੀ 9.15 ਕਿਲੋਮੀਟਰ ਲੰਬੇ ਡਾ. ਭੂਪੇਨ ਹਜ਼ਾਰਿਕਾ ਸੇਤੂ ਨੇ ਉਪਰਲੇ ਅਸਾਮ ਨੂੰ ਪੂਰਬੀ ਅਰੁਣਾਚਲ ਪ੍ਰਦੇਸ਼ ਤੋਂ ਸਥਾਈ ਸੜਕ ਸੰਪਰਕ ਦਿੱਤਾ। ਭੂਪੇਨ ਹਜ਼ਾਰਿਕਾ ਸੇਤੂ ਤੋਂ ਲਗਭਗ 165 ਕਿਲੋਮੀਟਰ ਦੀ ਅੰਤਰ-ਰਾਜੀ ਦੂਰੀ ਘੱਟ ਹੋਈ। ਦੋਵੇਂ ਪੁਲ ਮਿਲਟਰੀ ਮੂਵਮੈਂਟ ਦੇ ਅਨੁਸਾਰ ਬਣਾਏ ਗਏ ਹਨ।

2. ਅਟਲ ਸੇਤੂ ਅਤੇ ਸੁਦਰਸ਼ਨ ਸੇਤੂ – ਸਮੁੰਦਰੀ ਸੰਪਰਕ ਦੇ ਨਵੇਂ ਆਯਾਮ : ਮੁੰਬਈ ਦਾ 21.8 ਕਿਲੋਮੀਟਰ ਲੰਬਾ ਛੇ ਲੇਨ ਵਾਲਾ ਅਟਲ ਬਿਹਾਰੀ ਵਾਜਪੇਈ ਸੇਵਰੀ- ਨਹਾਵਾ ਸ਼ੇਵਾ ਅਟਲ ਸੇਤੂ ਭਾਰਤ ਦਾ ਸਭ ਤੋਂ ਲੰਬਾ ਪੁਲ ਅਤੇ ਸਮੁੰਦਰੀ ਪੁਲ ਹੈ। ਇਸ ਨਾਲ ਸੇਵਰੀ- ਨਹਾਵਾ ਸ਼ੇਵਾ ਯਾਤਰਾ ਕਰੀਬ ਦੋ ਘੰਟਿਆਂ ਤੋਂ ਘਟ ਕੇ 20 ਮਿੰਟਾਂ ਦੀ ਹੋਈ। ਗੁਜਰਾਤ ਦਾ 2.32 ਕਿਲੋਮੀਟਰ ਲੰਬਾ ਸੁਦਰਸ਼ਨ ਸੇਤੂ ਭਾਰਤ ਦਾ ਸਭ ਨਾਲੋਂ ਲੰਬਾ ਕੇਬਲ- ਸਟੇਡ ਪੁਲ ਹੈ, ਜਿਸ ਨੇ ਬੇਟ ਦਵਾਰਕਾ ਨੂੰ ਸਥਾਈ ਸੜਕ ਸੰਪਰਕ ਦਿੱਤਾ। ਇਸ ਨਾਲ ਪੈਦਲ ਰਸਤਿਆਂ 'ਤੇ ਭਗਵਦ ਗੀਤਾ ਦੇ ਸ਼ਲੋਕ ਅਤੇ ਡੇਕ 'ਤੇ ਲਗਭਗ 1 ਮੈਗਾਵਾਟ ਸਮਰੱਥਾ ਦੇ ਸੋਲਰ ਪੈਨਲ ਹਨ।

3. ਚਿਨਾਬ ਅਤੇ ਅੰਜੀ ਖੱਡ – ਕਸ਼ਮੀਰ ਰੇਲ ਸੰਪਰਕ ਦੀ ਕੜੀ ਨਦੀ ਤਲ ਤੋਂ 359 ਮੀਟਰ ਉੱਚਾ ਅਤੇ 1315 ਮੀਟਰ ਲੰਬਾ ਚਿਨਾਬ ਰੇਲ ਬ੍ਰਿਜ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਆਰਚ ਬ੍ਰਿਜ ਹੈ। 6 ਜੂਨ 2025 ਨੂੰ ਉਦਘਾਟਨ ਦੇ ਨਾਲ ਕਸ਼ਮੀਰ ਰੇਲ ਲਾਈਨ ਦੇ ਸਭ ਤੋਂ ਮੁਸ਼ਕਲ ਹਿੱਸੇ ਨੂੰ ਜੋੜਨ ਦਾ ਕੰਮ ਪੂਰਾ ਹੋਇਆ। ਇਸੇ ਦਿਨ ਅੰਜੀ ਖੱਡ ਪੁਲ ਵੀ ਸ਼ੁਰੂ ਹੋਇਆ, ਜੋ ਭਾਰਤ ਦਾ ਪਹਿਲਾ ਕੇਬਲ-ਸਟੇਡ ਰੇਲਵੇ ਬ੍ਰਿਜ ਹੈ। 725 ਮੀਟਰ ਲੰਬੇ ਇਸ ਪੁਲ ਦਾ Y- ਆਕਾਰ ਦਾ ਪਾਇਲਨ 193 ਮੀਟਰ ਉੱਚਾ ਹੈ।

4. ਨਵਾਂ ਪੰਬਨ ਬ੍ਰਿਜ - ਸਮੁੰਦਰ ਦੇ ਉੱਪਰ ਆਧੁਨਿਕ ਰੇਲ ਸੰਪਰਕ ਭਾਰਤ ਦੇ ਪਹਿਲੇ ਵਰਟੀਕਲ-ਲਿਫਟ ਰੇਲਵੇ ਸਮੁੰਦਰੀ ਪੁਲ ਨੇ ਰਾਮੇਸ਼ਵਰਮ ਲਈ ਰੇਲ ਕਨੈਕਟੀਵਿਟੀ ਨੂੰ ਮੁੜ ਤੋਂ ਬਹਾਲ ਕੀਤਾ। 550 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਇਸ ਪੁਲ ਦਾ 72.5 ਮੀਟਰ ਲੰਬਾ ਨੈਵੀਗੇਸ਼ਨਲ ਸਪੈਨ 17 ਮੀਟਰ ਤੱਕ ਉੱਪਰ ਚੁੱਕਿਆ ਜਾ ਸਕਦਾ ਹੈ। ਵਿਸ਼ੇਸ਼ ਕੋਟਿੰਗ ਵਾਲੇ ਸਟੇਨਲੈੱਸ ਸਟੀਲ ਰੀਇਨਫੋਰਸਮੈਂਟ ਨਾਲ ਇਸ ਨੂੰ ਸਮੁੰਦਰੀ ਵਾਤਾਵਰਣ ਤੋਂ ਲੰਬੇ ਸਮੇਂ ਦੀ ਸੁਰੱਖਿਆ ਦੇਣ ਦੀ ਵਿਵਸਥਾ ਕੀਤੀ ਗਈ ਹੈ।

5. ਅਟਲ ਟਨਲ ਅਤੇ ਸੇਲਾ ਟਨਲ – ਸਰਹੱਦੀ ਖੇਤਰਾਂ ਨੂੰ ਸਾਲ ਭਰ ਸੰਪਰਕ : 9.02 ਕਿਲੋਮੀਟਰ ਲੰਬੀ ਅਟਲ ਟਨਲ ਨੇ ਲਾਹੌਲ-ਸਪੀਤੀ ਨੂੰ ਸਾਲ ਭਰ ਸੰਪਰਕ ਦਿੱਤਾ ਅਤੇ ਮਨਾਲੀ–ਸਰਚੂ ਮਾਰਗ ਦੀ ਦੂਰੀ 46 ਕਿਲੋਮੀਟਰ ਘੱਟ ਹੋਈ। ਸੇਲਾ ਟਨਲ ਨੇ ਭਾਰੀ ਬਰਫਵਾਰੀ ਤੋਂ ਪ੍ਰਭਾਵਿਤ ਮਾਰਗ 'ਤੇ ਤਵਾਂਗ ਦੇ ਲਈ ਸਾਲ ਭਰ ਸੰਪਰਕ ਉਪਲਬਧ ਕਰਵਾਇਆ ਹੈ। ਇਸ ਦੀ ਟਨਲ 1,555 ਮੀਟਰ ਲੰਬੀ ਹੈ। 8.6 ਕਿਲੋਮੀਟਰ ਸੰਪਰਕ ਅਤੇ ਪਹੁੰਚਯੋਗ ਸੜਕਾਂ ਦਾ ਨੈੱਟਵਰਕ



ਵੀ ਵਿਕਸਿਤ ਕੀਤਾ ਗਿਆ ਹੈ।

6. ਕੈਂਪੇਗੌੜਾ ਅਤੇ ਗੁਵਾਹਾਟੀ ਹਵਾਈ ਅੱਡੇ -ਵਧ ਰਹੀ ਐਵੀਏਸ਼ਨ ਸਮਰੱਥਾ : ਬੰਗਲੁਰੂ ਦੇ ਟਰਮੀਨਲ -2 ਨੇ ਹਵਾਈ ਅੱਡੇ ਦੀ ਸਲਾਨਾ ਯਾਤਰੀ ਸਮਰੱਥਾ ਲਗਭਗ 2.5 ਕਰੋੜ ਤੋਂ ਵਧਾ ਕੇ 5–6 ਕਰੋੜ ਕੀਤੀ। ਗ੍ਰੀਨ ਵੌਲ, ਹੈਂਗਿਗ ਗਾਰਡਨ ਅਤੇ ਆਉਟਡੋਰ ਗਾਰਡਨ ਇਸ ਕੈਂਪਸ ਦੀਆਂ ਵਿਸ਼ੇਸ਼ਤਾਵਾਂ ਹਨ। ਨਾਲ ਹੀ ਗੁਵਾਹਾਟੀ ਦੇ ਨਵੇਂ ਟਰਮੀਨਲ ਨੇ ਸਮਰੱਥਾ 34 ਲੱਖ ਤੋਂ ਵਧਾ ਕੇ 1.3 ਕਰੋੜ ਤੋਂ ਵੱਧ ਕੀਤੀ। ਇਸ ਵਿੱਚ ਲਗਭਗ 140 ਮੀਟ੍ਰਿਕ ਟਨ ਬਾਂਸ ਅਤੇ ਕਰੀਬ ਇੱਕ ਲੱਖ ਦੇਸ਼ਾਂ ਦੇ ਪੌਦਿਆਂ ਨਾਲ ਲੈਸ ਇੱਕ 'ਸਕਾਈ ਫੌਰੈਸਟ' ਹੈ।

7. ਜੇਵਰ ਇੰਟਰਨੈਸ਼ਨਲ ਹਵਾਈ ਅੱਡੇ : ਐੱਨਸੀਆਰ ਦਾ ਦੂਸਰਾ ਪ੍ਰਮੁੱਖ ਐਵੀਏਸ਼ਨ ਗੇਟਵੇ : 11,200 ਕਰੋੜ ਰੁਪਏ ਦੀ ਲਾਗਤ ਵਾਲੇ ਪਹਿਲੇ ਪੜਾਅ ਦਾ ਉਦਘਾਟਨ 28 ਮਾਰਚ 2026 ਨੂੰ ਹੋਇਆ। ਇਸ ਦਾ ਉਦੇਸ਼ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਵਧ ਰਹੇ ਯਾਤਰੀ ਦਬਾਅ ਨੂੰ ਘਟਾਉਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਹਵਾਈ ਸੰਪਰਕ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਪੂਰੀ ਤਰ੍ਹਾਂ ਵਿਕਸਿਤ ਹੋਣ 'ਤੇ ਇਸ ਨੂੰ ਭਾਰਤ ਦੇ ਸਭ ਤੋਂ ਵੱਡੇ ਹਵਾਈ ਅੱਡਿਆਂ ਵਿੱਚ ਸ਼ਾਮਲ ਕਰਨ ਦੀ ਯੋਜਨਾ ਹੈ।

8. ਵਿਝਿੰਜਮ ਪੋਰਟ : ਭਾਰਤ ਦਾ ਸਮੁੰਦਰੀ ਟ੍ਰਾਂਸਸ਼ਿਪਮੈਂਟ ਕੇਂਦਰ : 2 ਮਈ 2025 ਨੂੰ ਉਦਘਾਟਨ ਕੀਤੇ ਗਏ ਵਿਝਿੰਜਮ ਭਾਰਤ ਦਾ ਪਹਿਲਾ ਸਮਰਪਿਤ ਕੰਟੇਨਰ ਟ੍ਰਾਂਸਸ਼ਿਪਮੈਂਟ ਪੋਰਟ ਅਤੇ ਪਹਿਲਾ ਸੈਮੀ-ਆਟੋਮੇਟਿਡ ਟ੍ਰਾਂਸਸ਼ਿਪਮੈਂਟ ਪੋਰਟ ਹੈ। ਲਗਭਗ 20 ਮੀਟਰ ਦੇ ਨੈਚੁਰਲ ਡਰਾਫਟ ਦੇ ਕਾਰਨ ਵੱਡੇ ਕਾਰਗੋ ਸ਼ਿਪਸ ਇੱਥੇ ਆ ਸਕਦੇ ਹਨ। ਇਸ ਦਾ ਉਦੇਸ਼ ਵਿਦੇਸ਼ੀ ਬੰਦਰਗਾਹਾਂ 'ਤੇ ਹੋਣ ਵਾਲੇ ਟ੍ਰਾਂਸਸ਼ਿਪਮੈਂਟ ਨੂੰ ਭਾਰਤ ਲਿਆਉਣਾ ਅਤੇ ਉਸ ਤੋਂ ਹੋਣ ਵਾਲਾ ਮਾਲੀਆ ਦੇਸ਼ ਵਿੱਚ ਬਣਾਈ ਰੱਖਣਾ ਹੈ।

9. ਕੋਚੀ ਵਾਟਰ ਮੈਟਰੋ ਅਤੇ ਨਮੋ ਭਾਰਤ : ਸ਼ਹਿਰੀ ਆਵਾਜਾਈ ਦੇ ਨਵੇਂ ਮਾਡਲ : ਕੋਚਿ ਵਾਟਰ ਮੈਟਰੋ ਭਾਰਤ ਦੀ ਪਹਿਲੀ ਵਾਟਰ ਮੈਟਰੋ ਹੈ। 78 ਬੈਟਰੀ-ਇਲੈਕਟ੍ਰਿਕ ਹਾਈਬ੍ਰਿਡ ਬੋਟਸ (ਕਿਸ਼ਤੀਆਂ) 15 ਰੂਟਾਂ 'ਤੇ 38 ਟਰਮੀਨਲਾਂ ਨੂੰ ਜੋੜਦੀਆਂ ਹਨ। ਇਹ ਬੇੜਾ ਇਸ ਪੱਧਰ ਦੇ ਪੈਮਾਨੇ 'ਤੇ ਬੈਟਰੀ ਊਰਜਾ ਨਾਲ ਸੰਚਾਲਿਤ ਹੋਣ ਵਾਲਾ ਦੁਨੀਆ ਦਾ ਪਹਿਲਾ ਵਾਟਰ ਮੈਟਰੋ ਨੈੱਟਵਰਕ ਹੈ। ਦੂਸਰੇ ਪਾਸੇ 82.15 ਕਿਲੋਮੀਟਰ ਲੰਬਾ ਦਿੱਲੀ-ਗਾਜ਼ੀਆਬਾਦ-ਮੇਰਠ ਨਮੋ ਭਾਰਤ ਆਰਆਰਟੀਐੱਸ 180 ਕਿਲੋਮੀਟਰ ਪ੍ਰਤੀ ਘੰਟੇ ਦੀ ਵੱਧ ਤੋਂ ਵੱਧ ਰਫ਼ਤਰ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ।

10. ਨਮੋ ਘਾਟ ਅਤੇ ਵਾਰਾਣਸੀ ਮਲਟੀ-ਮਾਡਲ ਟਰਮੀਨਲ : ਨਦੀ ਅਧਾਰਿਤ ਸੰਪਰਕ : 95 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਨਮੋ ਘਾਟ 'ਤੇ ਵਿਊਇੰਗ ਡੈੱਕ, ਕੈਫੇਟੇਰੀਆ, ਹੈਰੀਟੇਜ਼ ਮਿਊਰਲ ਅਤੇ ਕਰੂਜ਼ ਬਰਥ ਵਿਕਸਿਤ ਕੀਤੇ ਗਏ ਹਨ। ਵਾਰਾਣਸੀ ਮਲਟੀ-ਮਾਡਲ ਟਰਮੀਨਲ, ਨੈਸ਼ਨਲ ਵਾਟਰਹਾਈਵੇਅ- 1 'ਤੇ ਆਪਣੀ ਤਰ੍ਹਾਂ ਦਾ ਪਹਿਲਾ ਟਰਮੀਨਲ ਹੈ, ਜਿੱਥੇ 1,500–2,000 ਟਨ ਦੀ ਸਮਰੱਥਾ ਵਾਲੇ ਜਹਾਜ਼ ਚੱਲ ਸਕਦੇ ਹਨ। ਇੱਥੋਂ ਹੀ ਸੁਤੰਤਰਤਾ ਤੋਂ ਬਾਅਦ ਭਾਰਤ ਦੀ ਪਹਿਲੀ ਇਨਲੈਂਡ ਵਾਟਰਵੇਅਜ਼ ਕੰਟੇਨਰ ਸਰਵਿਸ ਸ਼ੁਰੂ ਹੋਈ ਹੈ।

11. ਸਵਰਣਿਮ ਸੰਕੁਲ ਅਤੇ ਨਵਾਂ ਸੰਸਦ ਭਵਨ – ਸੁਸ਼ਾਸਨ ਦਾ ਨਵਾਂ ਪਰਿਸਰ : ਗਾਂਧੀਨਗਰ ਦਾ ਸਵਰਣਿਮ ਸੰਕੁਲ ਵੱਖ –ਵੱਖ ਰਾਜਾਂ ਨੂੰ ਇੱਕ ਹੀ ਕੈਂਪਸ ਵਿੱਚ ਲਿਆਉਣ ਦੀ ਪਹਿਲ ਸੀ, ਜਿਸ ਨਾਲ ਸਾਂਝੀਆਂ ਸੇਵਾਵਾਂ ਅਤੇ ਪ੍ਰਸ਼ਾਸਨਿਕ ਕਾਰਜਾਂ ਵਿੱਚ ਸੁਵਿਧਾ ਹੋਈ। ਨਵੀਂ ਦਿੱਲੀ ਵਿਖੇ ਨਵੇਂ ਸੰਸਦ ਭਵਨ ਦਾ ਤਿਕੋਣਾ ਕੈਂਪਸ ਲੋਕ ਸਭਾ ਦੇ ਲਈ 888 ਅਤੇ ਰਾਜ ਸਭਾ ਦੇ ਲਈ 384 ਲਈ ਸੀਟਾਂ ਨਾਲ ਲੈਸ ਹੈ। 28 ਮਈ 2023 ਨੂੰ ਉਦਘਾਟਨ ਕੀਤੇ ਗਏ ਭਵਨ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਲਿਆਂਦੀ ਗਈ ਸਮੱਗਰੀ ਅਤੇ ਸੇਂਗੋਲ ਨੂੰ ਸਥਾਪਿਤ ਕੀਤਾ ਗਿਆ।

12. ਸੈਂਟਰਲ ਵਿਸਟਾ- ਕਰਤਵਯ ਪਥ, ਕਰਤਵਯ ਭਵਨ ਅਤੇ ਸੇਵਾ ਤੀਰਥ : 19 ਮਹੀਨਿਆਂ ਵਿੱਚ ਪੁਨਰ ਵਿਕਸਿਤ ਕੀਤੇ ਗਏ ਕਰਤਵਯ ਪਥ ਦਾ ਉਦਘਾਟਨ 8 ਸਤੰਬਰ 2022 ਨੂੰ ਹੋਇਆ। ਕਰਤਵਯ ਭਵਨ -3 ਅਤੇ ਸੇਵਾ ਤੀਰਥ ਦੇ ਸ਼ੁਰੂ ਹੋਣ ਦੇ ਨਾਲ ਵੱਖ-ਵੱਖ ਕਿਰਾਏ ਦੇ ਭਵਨਾਂ ਵਿੱਚ ਚੱਲ ਰਹੇ ਮੰਤਰਾਲਿਆਂ ਨੂੰ ਸਾਂਝੀ ਸਕੱਤਰੇਤ ਕੈਂਪਸ ਵਿੱਚ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਹੋਈ। ਕਰਤਵਯ ਭਵਨ -3 ਨੂੰ ਆਮ ਭਵਨਾਂ ਦੇ ਮੁਕਾਬਲੇ 30 ਪ੍ਰਤੀਸ਼ਤ ਘੱਟ ਊਰਜਾ ਖਪਤ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ।

13. ਸਟੈਚੂ ਆਫ ਯੂਨਿਟੀ : ਰਾਸ਼ਟਰੀ ਭਾਵਨਾ ਦਾ ਵਿਸ਼ਾਲ ਪ੍ਰਤੀਕ : 182 ਮੀਟਰ ਉੱਚੀ ਇਹ ਵਿਸ਼ਵ ਦੀ ਸਭ ਤੋਂ ਉੱਚੀ ਪ੍ਰਤਿਮਾ ਹੈ। 31 ਅਕਤੂਬਰ 2018 ਨੂੰ ਉਦਘਾਟਨ ਕੀਤੀ ਗਈ ਪ੍ਰਤਿਮਾ ਦੀ ਉਚਾਈ ਗੁਜਰਾਤ



ਵਿਧਾਨ ਸਭਾ ਦੀਆਂ 182 ਸੀਟਾਂ ਨੂੰ ਦਰਸਾਉਂਦੀ ਹੈ। ਦੇਸ਼ ਭਰ ਦੇ ਕਿਸਾਨਾਂ ਨੇ ਪੁਰਾਣੇ ਖੇਤੀਬਾੜੀ ਉਪਕਰਣਾਂ ਤੋਂ ਪ੍ਰਾਪਤ ਲੋਹਾ ਭੇਜ ਕੇ ਇਸ ਵਿੱਚ ਜਨ ਭਾਗੀਦਾਰੀ ਕੀਤੀ।

14. ਨੈਸ਼ਨਲ ਵੌਰ ਮੈਮੋਰੀਅਲ ਅਤੇ ਨੈਸ਼ਨਲ ਪੁਲਿਸ ਮੈਮੋਰੀਅਲ : ਬਲੀਦਾਨ ਨੂੰ ਨਮਨ : ਨੈਸ਼ਨਲ ਵੌਰ ਮੈਮੋਰੀਅਲ ਸੁਤੰਤਰਤਾ ਤੋਂ ਬਾਅਦ ਦੇਸ਼ ਲਈ ਬਲੀਦਾਨ ਦੇਣ ਵਾਲੇ ਸੈਨਿਕਾਂ ਦੀ ਯਾਦ ਵਿੱਚ ਭਾਰਤ ਦਾ ਪਹਿਲਾ ਨੈਸ਼ਨਲ ਮੈਮੋਰੀਅਲ ਹੈ। ਇਸ ਵਿੱਚ 25,942 ਸੈਨਿਕਾਂ ਦੇ ਨਾਂ ਉਕਰੇ ਹਨ। ਨੈਸ਼ਨਲ ਪੁਲਿਸ ਮੈਮੋਰੀਅਲ ਡਿਊਟੀ ਦੇ ਦੌਰਾਨ ਸ਼ਹੀਦ ਪੁਲਿਸ ਕਰਮੀਆਂ ਨੂੰ ਸਮਰਪਿਤ ਪਹਿਲਾ ਨੈਸ਼ਨਲ ਮੈਮੋਰੀਅਲ ਹੈ। ਇਸ ਦੀ ਵੌਲ ਆਫ ਵੇਲੋਰ 'ਤੇ ਸ਼ਹੀਦ ਪੁਲਿਸ ਕਰਮੀਆਂ ਦੇ ਨਾਮ ਉਕਰੇ ਹਨ।

15. ਸਮ੍ਰਿਤੀਵਨ ਅਤੇ ਜ਼ਲ੍ਹਿਆਂਵਾਲਾ ਬਾਗ – ਤ੍ਰਾਸਦੀ ਦੀ ਯਾਦ ਅਤੇ ਇਤਿਹਾਸ : ਭੁਜ ਵਿੱਚ 470 ਏਕੜ ਤੋਂ ਵੱਧ ਖੇਤਰ ਵਿੱਚ ਵਿਕਸਿਤ ਸਮ੍ਰਿਤੀਵਨ ਵਿੱਚ 13,000 ਤੋਂ ਵੱਧ ਪੀੜ੍ਹਤਾਂ ਦੇ ਨਾਮ, ਤਿੰਨ ਲੱਖ ਤੋਂ ਵੱਧ ਰੁੱਖਾਂ ਵਾਲੇ ਮੀਆਵਾਕੀ ਜੰਗਲ ਅਤੇ 5ਡੀ ਸਿਨਮਿਕ ਸਿਮਿਊਲੇਟਰ ਹੈ। ਜ਼ਲ੍ਹਿਆਂਵਾਲਾ ਬਾਗ ਦੇ ਪੁਨਰ ਵਿਕਸਿਤ ਕੈਂਪਸ ਵਿੱਚ ਜਨਰਲ ਡਾਇਰ ਦੇ ਸੈਨਿਕਾਂ ਦੇ ਪ੍ਰਵੇਸ਼ ਮਾਰਗ ਨੂੰ ਮੂਰਤੀਆਂ ਰਾਹੀਂ ਪੇਸ਼ ਕੀਤਾ ਗਿਆ ਹੈ ਅਤੇ ਨਵੀਂ ਗੈਲਰੀ ਅਤੇ ਸਾਉਂਡ-ਐਂਡ-ਲਾਈਟ ਸ਼ੋਅ ਜੋੜੇ ਗਏ ਹਨ।

16. ਨਾਲੰਦਾ ਯੂਨੀਵਰਸਿਟੀ – ਗਿਆਨ ਦੀ ਪਰੰਪਰਾ ਦਾ ਆਧੁਨਿਕ ਵਿਸਤਾਰ : 455 ਏਕੜ ਵਿੱਚ ਫੈਲੇ ਨਵੇਂ ਕੈਂਪਸ ਦਾ ਉਦਘਾਟਨ 19 ਜੂਨ 2024 ਨੂੰ ਹੋਇਆ। ਸੋਲਰ ਊਰਜਾ ਨਾਲ ਸੰਚਾਲਿਤ ਨੈੱਟ ਜ਼ੀਰੋ ਕੈਂਪਸ ਵਿੱਚ 2,000 ਲੋਕਾਂ ਦਾ ਐਮਫੀਥੀਏਟਰ ਅਤੇ 100 ਏਕੜ ਤੋਂ ਵੱਧ ਖੇਤਰ ਵਿੱਚ ਕਮਲ ਸਾਗਰ ਹੈ। ਬਾਰਿਸ਼ ਦੇ ਪਾਣੀ ਨੂੰ ਸੰਚਿਤ ਕਰਨ ਲਈ ਬਿਹਾਰ ਦੀ ਰਵਾਇਤੀ 'ਆਹਰ ਪਾਇਨ' ਪ੍ਰਣਾਲੀ ਦੀ ਵਰਤੋਂ ਕੀਤੀ ਗਈ ਹੈ।



17. ਪ੍ਰਧਾਨ ਮੰਤਰੀ ਸੰਗ੍ਰਹਾਲਯ ਅਤੇ ਡਾਂਡੀ ਕੁਟੀਰ – ਆਧੁਨਿਕ ਪੇਸ਼ਕਾਰੀ ਵਿੱਚ ਇਤਿਹਾਸ : ਪ੍ਰਧਾਨ ਮੰਤਰੀ ਸੰਗ੍ਰਹਾਲਯ 14 ਅਪ੍ਰੈਲ 2022 ਨੂੰ ਖੋਲ੍ਹਿਆ ਗਿਆ। ਇਹ ਹਰੇਕ ਭਾਰਤੀ ਪ੍ਰਧਾਨ ਮੰਤਰੀ ਨੂੰ ਸਮਰਪਿਤ ਪਹਿਲਾ ਸੰਗ੍ਰਹਾਲਯ ਹੈ। ਹੋਲੋਗ੍ਰਾਮ ਅਤੇ ਆਧੁਨਿਕ ਇੰਟਰਐਕਟਿਵ ਰੂਮਸ ਰਾਹੀਂ ਸੁਤੰਤਰਤਾ ਤੋਂ ਬਾਅਦ ਭਾਰਤ ਦੀ ਯਾਤਰਾ ਪੇਸ਼ ਕੀਤੀ ਗਈ ਹੈ। ਡਾਂਡੀ ਕੁਟੀਰ ਵਿੱਚ 41 ਮੀਟਰ ਉੱਚੇ ਸ਼ੰਕੂ ਆਕਾਰ ਦੇ ਗੁੰਬਦ ਵਿੱਚ 3D ਮੈਪਿੰਗ, ਹੋਲੋਗ੍ਰਾਫੀ, 360-ਡਿਗਰੀ ਪ੍ਰੋਜੈਕਸ਼ਨ ਦੇ ਜ਼ਰੀਏ ਮਹਾਤਮਾ ਗਾਂਧੀ ਦਾ ਪੇਸ਼ ਕੀਤਾ ਗਿਆ ਹੈ।

18. ਕਬਾਇਲੀ ਆਜ਼ਾਦੀ ਘੁਲਾਟੀਏ ਮਿਊਜ਼ੀਅਮ ਅਤੇ ਰਾਸ਼ਟਰੀ ਸਮੁੰਦਰੀ ਵਿਰਾਸਤ ਕੰਪਲੈਕਸ : ਕਬਾਇਲੀ ਭਾਈਚਾਰਿਆਂ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਯੋਗਦਾਨ ਨੂੰ ਸਮਰਪਿਤ ਨੈਸ਼ਨਲ ਮਿਊਜ਼ੀਅਮ ਦੇ ਪ੍ਰਸਤਾਵਿਤ 11 ਮਿਊਜ਼ੀਅਮਾਂ ਵਿੱਚੋ 2026, ਤੱਕ ਚਾਰ ਦਾ ਉਦਘਾਟਨ ਕੀਤਾ ਜਾ ਚੁੱਕਿਆ ਹੈ। ਪਹਿਲਾ ਰਾਂਚੀ ਦੀ ਪੁਰਾਣੀ ਸੈਂਟਰਲ ਜ਼ੇਲ੍ਹ ਵਿੱਚ ਹੈ। ਲੋਥਲ ਵਿੱਚ ਵਿਕਸਿਤ ਕੀਤਾ ਜਾ ਰਿਹਾ ਰਾਸ਼ਟਰੀ ਸਮੁੰਦਰੀ ਵਿਰਾਸਤ ਕੰਪਲੈਕਸ ਭਾਰਤ ਦੇ 4500 ਵਰ੍ਹਿਆਂ ਦੇ ਸਮੁੰਦਰੀ ਇਤਿਹਾਸ ਨੂੰ ਸਮਰਪਿਤ ਹੈ।

19. ਮਹਾਤਮਾ ਮੰਦਿਰ, ਭਾਰਤ ਮੰਡਪਮ ਅਤੇ ਯਸ਼ੋਭੂਮੀ – ਸੰਮੇਲਨ ਸਮਰੱਥਾ ਦਾ ਵਿਸਤਾਰ – ਗਾਂਧੀਨਗਰ ਦਾ ਮਹਾਤਮਾ ਮੰਦਿਰ ਲਗਭਗ 40 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਦੇ ਮੇਨ ਆਡੀਟੋਰੀਅਮ ਵਿੱਚ 6000 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਭਾਰਤ ਮੰਡਪਮ ਵਿੱਚ 7000 ਲੋਕਾਂ ਦੇ ਆਡੀਟੋਰੀਅਮ ਅਤੇ 3000 ਸਮਰੱਥਾ ਦਾ ਐਮਫੀਥੀਏਟਰ ਹੈ। ਯਸ਼ੋਭੂਮੀ ਵਿੱਚ 1.07 ਲੱਖ ਵਰਗ ਮੀਟਰ ਤੋਂ ਵੱਧ ਪ੍ਰਦਰਸ਼ਨੀ ਖੇਤਰ ਅਤੇ 11,000 ਤੋਂ ਵੱਧ ਨੁਮਾਇੰਦਿਆਂ ਦੀ ਸਮਰੱਥਾ ਵਾਲੇ ਸੰਮੇਲਨ ਹਾਲ ਹਨ।

20. ਰੁਦਰਾਕਸ਼ ਅਤੇ ਨਰੇਂਦਰ ਮੋਦੀ ਸਟੇਡੀਅਮ – ਸੱਭਿਆਚਾਰ ਤੋਂ ਖੇਡਾਂ ਤੱਕ : ਵਾਰਾਣਸੀ ਦਾ ਰੁਦਰਾਕਸ਼ ਇੰਟਰਨੈਸ਼ਨਲ ਕੋ-ਆਪ੍ਰੇਸ਼ਨ ਐਂਡ ਕਨਵੈਨਸ਼ਨ ਸੈਂਟਰ ਸ਼ਿਵਲਿੰਗ ਦੇ ਆਕਾਰ ਵਿੱਚ ਬਣਿਆ ਹੋਇਆ ਹੈ ਅਤੇ 108 ਐਲੂਮੀਨੀਅਮ ਰੁਦਰਾਕਸ਼ ਮੂਰਤੀਆਂ ਨਾਲ ਸਜਾਇਆ ਗਿਆ ਹੈ। ਲਗਭਗ 1,200 ਲੋਕਾਂ ਦੇ ਬੈਠਣ ਦੀ ਸਮਰੱਥਾ ਵਾਲਾ ਇਹ ਕੇਂਦਰ ਭਾਰਤੀ ਅਤੇ ਜਾਪਾਨੀ ਆਰਕੀਟੈਕਚਰਲ ਸ਼ੈਲੀਆਂ ਅਤੇ ਤਕਨੀਕੀ ਸਾਂਝੇਦਾਰੀ ਦੀ ਉਦਾਹਰਣ ਹੈ। ਅਹਿਮਦਾਬਾਦ ਦਾ ਨਰੇਂਦਰ ਮੋਦੀ ਸਟੇਡੀਅਮ ਲਗਭਗ 1,32,000 ਦਰਸ਼ਕਾਂ ਦੀ ਸਮਰੱਥਾ ਵਾਲਾ ਦੁਨੀਆ ਦਾ ਸਭ ਨਾਲੋਂ ਵੱਡਾ ਕ੍ਰਿਕੇਟ ਸਟੇਡੀਅਮ ਹੈ।

21. ਸਾਬਰਮਤੀ ਰੀਵਰਫ੍ਰੰਟ ਅਤੇ ਕੰਕਰੀਆ ਝੀਲ – ਸ਼ਹਿਰੀ ਜਨਤਕ ਸਥਾਨਾਂ ਦਾ ਕਾਇਆਕਲਪ : ਸਾਬਰਮਤੀ ਰੀਵਰਫ੍ਰੰਟ ਵਿੱਚ ਲਗਭਗ 205 ਹੈਕਟੇਅਰ ਖੇਤਰ ਦਾ ਪੁਨਰ ਵਿਕਾਸ ਕਰਕੇ 11.25 ਕਿਲੋਮੀਟਰ ਜਨਤਕ ਨਦੀ ਦਾ ਕਿਨਾਰਾ ਬਣਾਇਆ ਗਿਆ। ਇਸ ਦਾ 300 ਮੀਟਰ ਲੰਬਾ ਪਤੰਗ ਤੋਂ ਪ੍ਰੇਰਿਟ ਅਟਲ ਪੈਦਲ ਯਾਤਰੀ ਪੁਲ ਵਿਸ਼ੇਸ਼ ਆਕਰਸ਼ਣ




ਦਾ ਕੇਂਦਰ ਹੈ। 15ਵੀਂ ਸਦੀ ਦੀ ਕੰਕਰੀਆ ਝੀਲ ਦਾ ਪੁਨਰ ਵਿਕਾਸ ਕਰਕੇ 2.3 ਕਿਲੋਮੀਟਰ ਲੇਕ ਫ੍ਰੰਟ ਬਣਾਇਆ ਗਿਆ ਅਤੇ ਇੱਥੇ ਮਨੋਰੰਜਨ ਦੀਆਂ ਕਈ ਸਹੂਲਤਾਂ ਵਿਕਸਿਤ ਕੀਤੀਆਂ ਗਈਆਂ।

22. ਕਾਸ਼ੀ ਵਿਸ਼ਵਨਾਥ ਧਾਮ ਅਤੇ ਮਹਾਕਾਲ ਲੋਕ –ਤੀਰਥ ਯਾਤਰਾ ਨੂੰ ਨਵਾਂ ਸਰੂਪ : ਕਾਸ਼ੀ ਵਿਸ਼ਵਨਾਥ ਧਾਮ ਦੀਆਂ 23 ਇਮਾਰਤਾਂ ਨੇ ਲਲਿਤਾ ਘਾਟ ਨੂੰ ਮੰਦਿਰ ਨਾਲ ਜੋੜਿਆ ਅਤੇ ਗੰਗਾ ਤੋਂ ਮੰਦਿਰ ਤੱਕ ਦੀ ਯਾਤਰਾ ਪਹੁੰਚਯੋਗ ਬਣਾਈ। ਉੱਜੈਨ ਦਾ ਲਗਭਗ 900 ਮੀਟਰ ਲੰਬਾ ਮਹਾਕਾਲ ਲੋਕ 108 ਰੇਤਲੇ ਪੱਥਰ ਦੇ ਥੰਮ੍ਹਾਂ ਨਾਲ ਸਜਾਇਆ ਗਿਆ ਹੈ ਜਿਨ੍ਹਾਂ 'ਤੇ ਭਗਵਾਨ ਸ਼ਿਵ ਦੇ ਆਨੰਦ ਤਾਂਡਵ ਦੀਆਂ ਵੱਖ-ਵੱਖ ਮੁਦਰਾਵਾਂ ਉੱਕਰੇ ਹੋਏ ਹਨ।

23. ਕੇਦਾਰਨਾਥ, ਸੋਮਨਾਥ ਅਤੇ ਅੰਬਾਜੀ : ਵਿਰਾਸਤ ਵੀ ਵਿਕਾਸ ਵੀ ਮੰਤਰ : ਕੇਦਾਰਨਾਥ ਵਿਖੇ 2013 ਦੇ ਹੜ੍ਹਾਂ ਤੋਂ ਬਾਅਦ ਆਪਦਾ- ਰੋਧੀ ਪੁਨਰ ਵਿਕਾਸ ਕੀਤਾ ਗਿਆ, ਜਿੱਥੇ 35 ਟਨ ਦੇ ਵਜ਼ਨ ਦੇ ਆਦਿ ਸ਼ੰਕਰਾਚਾਰਿਆ ਦੀ ਪ੍ਰਤਿਮਾ ਸਥਾਪਿਤ ਕੀਤੀ ਗਈ। ਸੋਮਨਾਥ ਵਿਖੇ 1.48 ਕਿਲੋਮੀਟਰ ਦਾ 'ਸਮੁਦ੍ਰ ਦਰਸ਼ਨ ਪਥ', ਵਿਸ਼ੇਸ਼ ਗੈਲਰੀ ਅਤੇ ਪੁਰਾਣੇ ਖੇਤਰ ਦਾ ਪੁਨਰ ਵਿਕਾਸ ਹੋਇਆ। ਅੰਬਾਜੀ ਵਿਖੇ 1632 ਕਰੋੜ ਰੁਪਏ ਦੇ ਸ਼ਕਤੀ ਕੌਰੀਡੋਰ ਪ੍ਰੋਜੈਕਟ ਦੇ ਤਹਿਤ ਮੰਦਿਰ, ਗੱਬਰ ਪਰਵਤ ਅਤੇ ਮਾਨਸਰੋਵਰ ਨਾਲ ਜੋੜਨ ਅਤੇ ਪਾਰਕਿੰਗ, ਅੰਡਰਪਾਸ ਅਤੇ ਯਾਤਰੀ ਭਵਨ ਵਰਗੀਆਂ ਸਹੂਲਤਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ।

24. ਤ੍ਰਿਪੁਰਾ ਸੁੰਦਰੀ ਅਤੇ ਸ਼੍ਰੀ ਰਾਮ ਜਨਮਭੂਮੀ ਮੰਦਿਰ – ਪਰੰਪਰਾ ਅਤੇ ਪੁਨਰ ਜਾਗਰਣ : ਮਾਂ ਤ੍ਰਿਪੁਰਾ ਸੁੰਦਰੀ ਮੰਦਿਰ ਦੇ ਕੋਲ 51 ਸ਼ਕਤੀਪੀਠ ਪਾਰਕ ਵਿੱਚ ਸ਼ਕਤੀ ਪੀਠਾਂ ਦੀਆਂ ਪ੍ਰਤੀਕ੍ਰਿਤੀਆਂ ਸਥਾਪਿਤ ਕੀਤੀਆਂ ਗਈਆਂ ਹਨ । ਅਯੁੱਧਿਆ ਦੇ ਸ਼੍ਰੀ ਰਾਮ ਜਨਮ ਭੂਮੀ ਮੰਦਿਰ ਵਿੱਚ 22 ਜਨਵਰੀ 2024 ਨੂੰ ਪ੍ਰਾਣ ਪ੍ਰਤਿਸ਼ਠਾ ਹੋਈ। ਮੰਦਿਰ ਦੇ ਮੁੱਖ ਢਾਂਚੇ ਵਿੱਚ ਲੋਹੇ ਦੀ ਵਰਤੋਂ ਨਹੀਂ ਕੀਤੀ ਗਈ ਹੈ। ਇਸ ਵਿੱਚ ਰਵਾਇਤੀ ਸ਼ਿਲਪ ਅਤੇ ਸ਼ਾਨਦਾਰ ਪੱਥਰਾਂ ਦੀ ਵਰਤੋਂ ਕੀਤੀ ਗਈ ਹੈ।

25. ਗਿਫਟ ਸਿਟੀ, ਧੋਲੇਰਾ ਅਤੇ ਚਰੰਕਾ : ਭਵਿੱਖ ਦੀ ਅਰਥਵਿਵਸਥਾ ਅਤੇ ਊਰਜਾ : ਗਿਫਟ ਸਿਟੀ ਭਾਰਤ ਦੀ ਪਹਿਲੀ ਕਾਰਜਸ਼ੀਲ ਆਈਐੱਫਐੱਸਸੀ ਅਤੇ ਪਹਿਲੀ ਗ੍ਰੀਨਫੀਲਡ ਸਮਾਰਟ ਸਿਟੀ ਹੈ, ਜਿਸ ਵਿੱਚ ਡਿਸਟ੍ਰਿਕਟ ਕੂਲਿੰਗ, ਆਟੋਮੇਟਿਡ ਵੇਸਟ ਕਲੈਕਸ਼ਨ ਅਤੇ ਯੂਟੀਲਿਟੀ ਟਨਲ ਨੂੰ ਮਾਸਟਰ ਪਲਾਨ ਦਾ ਹਿੱਸਾ ਬਣਾਇਆ ਗਿਆ। ਧੋਲੇਰਾ ਵਿੱਚ ਜ਼ਮੀਨ ਨੂੰ ਅਲਾਟ ਕਰਨ ਤੋਂ ਪਹਿਲਾਂ ਸੜਕਾਂ, ਪਾਣੀ, ਬਿਜਲੀ ਅਤੇ ਫਾਈਬਰ ਨੈੱਟਵਰਕ ਵਰਗੀਆਂ ਜ਼ਰੂਰੀ ਸਹੂਲਤਾਂ ਤਿਆਰ ਕੀਤੀਆਂ ਜਾ ਰਹੀਆਂ ਹਨ। 2024 ਵਿੱਚ ਮਨਜ਼ੂਰ ਕੀਤਾ ਗਿਆ ਸੈਮੀਕੰਡਕਟਰ ਪਲਾਂਟ ਇੱਥੋਂ ਦੀ ਪਹਿਲੀ ਵੱਡੀ ਫੈਕਟਰੀ ਹੈ। ਚਰੰਕਾ ਸੋਲਰ ਪਾਰਕ ਨੇ ਸਾਂਝੀ ਭੂਮੀ, ਸੜਕ ਅਤੇ ਬਿਜਲੀ ਇਵੈਕਿਊਏਸ਼ਨ ਸਹੂਲਤਾਂ ਰਾਹੀਂ ਵੱਡੇ ਪੱਧਰ 'ਤੇ ਸੋਲਰ ਊਰਜਾ ਉਤਪਾਦਨ ਦਾ ਸਾਂਝਾ ਪਾਰਕ ਮਾਡਲ ਸਾਹਮਣੇ ਰੱਖਿਆ।





25 ਪਹਿਲਕਦਮੀਆਂ ਜਨਤਕ ਸੇਵਾ ਤੋਂ ਜਨਤਕ ਭਾਗੀਦਾਰੀ ਤੱਕ

ਗੁਜਰਾਤ ਤੋਂ ਸ਼ੁਰੂ ਹੋਈ ਵਿਕਾਸ ਅਤੇ ਸੁਸ਼ਾਸਨ ਦੀ ਯਾਤਰਾ ਵਿੱਚ ਕਈ ਅਜਿਹੀਆਂ ਪਹਿਲਕਦਮੀਆਂ ਹੋਈਆਂ ਹਨ, ਜਿਸ ਨੇ ਸੇਵਾ ਨੂੰ ਆਖਰੀ ਵਿਅਕਤੀ ਤੱਕ ਪਹੁੰਚਾਇਆ ਹੈ, ਮੌਕੇ ਵਧੇ ਹਨ ਅਤੇ ਨਾਗਰਿਕਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ 25 ਵਰ੍ਹਿਆਂ ਦੀ ਯਾਤਰਾ ਦਾ ਸਾਰ ਹੈ, ਸੁਸ਼ਾਸਨ ਤੋਂ ਸੇਵਾ, ਸੇਵਾ ਤੋਂ ਸਸ਼ਕਤੀਕਰਣ ਅਤੇ ਸਸ਼ਕਤੀਕਰਣ ਤੋਂ ਵਿਕਸਿਤ ਭਾਰਤ ਵੱਲ ਵਧਦੇ ਕਦਮ। ਇਨ੍ਹਾਂ 25 ਵਰ੍ਹਿਆਂ ਦੀ ਯਾਤਰਾ ਦੀਆਂ 25 ਪ੍ਰਮੁੱਖ ਪਹਿਲਕਦਮੀਆਂ....

1. ਬੇਟੀ ਸਿੱਖਿਆ ਅਤੇ ਸ਼ਾਲਾ ਪ੍ਰਵੇਸ਼ੋਤਸ

ਜੀਈਆਰ ਵਿੱਚ ਸੁਧਾਰ । ਡ੍ਰੌਪਆਉਟ ਦਰ ਵਿੱਚ ਕਮੀ

- 2003 ਵਿੱਚ ਸ਼ੁਰੂ ਹੋਈਆਂ ਇਨ੍ਹਾਂ ਪਹਿਲਕਦਮੀਆਂ ਨੇ ਸਕੂਲ ਨਾਮਾਂਕਣ ਨੂੰ ਪ੍ਰਸ਼ਾਸਨਿਕ ਟੀਚੇ ਨਾਲ ਸਮਾਜਿਕ ਉਤਸਵ ਬਣਾਇਆ। ਮੰਤਰੀਆਂ, ਅਧਿਕਾਰੀਆਂ, ਅਧਿਆਪਕਾਂ ਅਤੇ ਭਾਈਚਾਰਿਆਂ ਨੇ ਪਿੰਡ-ਪਿੰਡ ਜਾ ਕੇ ਬੱਚਿਆਂ, ਖਾਸ ਤੌਰ 'ਤੇ ਬੇਟੀਆਂ ਨੂੰ ਸਕੂਲ ਭੇਜਣ ਦੇ ਲਈ ਪ੍ਰੇਰਿਤ ਕੀਤਾ।

2. ਸੁਆਗਤ

ਲੱਖਾਂ ਸ਼ਿਕਾਇਤਾਂ । 99% ਹੱਲ

- 2003 ਵਿੱਚ ਸ਼ੁਰੂ 'ਸੁਆਗਤ' ਪਲੈਟਫਾਰਮ ਨੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਸਿੱਧੇ ਮੁੱਖ ਮੰਤਰੀ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੇ ਹੱਲ ਦੀ ਪਾਰਦਰਸ਼ੀ ਨਿਗਰਾਨੀ ਦੀ ਵਿਵਸਥਾ ਬਣਾਈ। ਲੱਖਾਂ ਸ਼ਿਕਾਇਤਾਂ ਦੇ 99% ਹੱਲ ਨੇ ਤਕਨੀਕ ਨੂੰ ਨਾਗਰਿਕ ਅਤੇ ਸ਼ਾਸਨ ਦਰਮਿਆਨ ਪ੍ਰਭਾਵਸ਼ਾਲੀ ਪੁਲ ਬਣਾਇਆ।

3.ਜਯੋਤੀਗ੍ਰਾਮ ਯੋਜਨਾ

18,000+ ਪਿੰਡ । ਫੀਡਰ ਵੱਖ ਕਰਨ ਦੇ ਨਾਲ 24x7 ਬਿਜਲੀ

- 2006 ਵਿੱਚ ਫੀਡਰ ਵੱਖ ਕਰਨ ਰਾਹੀਂ ਖੇਤੀਬਾੜੀ ਅਤੇ ਘਰੇਲੂ ਬਿਜਲੀ ਸਪਲਾਈ ਨੂੰ ਵੱਖ ਕੀਤਾ ਗਿਆ। 18,000 ਤੋਂ ਵੱਧ ਪਿੰਡਾਂ ਵਿੱਚ 24 ਘੰਟੇ ਭਰੋਸੇਯੋਗ ਥ੍ਰੀ-ਫੇਜ਼ ਬਿਜਲੀ ਪਹੁੰਚੀ। ਖੇਤੀਬਾੜੀ ਬਿਜਲੀ ਸਬਸਿਡੀ ਲਗਭਗ ਅੱਧੀ ਹੋਈ।

4. ਗ਼ਰੀਬ ਕਲਿਆਣ ਮੇਲਾ

ਹੁਣ ਤੱਕ 36,800+ ਕਰੋੜ ਰੁਪਏ।
1.66 ਕਰੋੜ ਲਾਭਾਰਥੀ । 1600 ਮੇਲੇ

- 2009 ਵਿੱਚ ਸ਼ੁਰੂ ਇਸ ਪਹਿਲਕਦਮੀ ਨੇ ਕਲਿਆਣਕਾਰੀ ਯੋਜਨਾਵਾਂ ਨੂੰ ਫਾਈਲਾਂ ਅਤੇ ਵਿਚੌਲਿਆਂ ਤੋਂ ਕੱਢ ਕੇ ਸਿੱਧੇ ਲਾਭਾਰਥੀਆਂ ਤੱਕ ਪਹੁੰਚਾਇਆ। ਹੁਣ ਤੱਕ 1.66 ਕਰੋੜ ਲਾਭਾਰਥੀਆਂ ਤੱਕ 36,800 ਕਰੋੜ ਰੁਪਏ ਤੋਂ ਵੱਧ ਦੇ ਲਾਭ ਪਹੁੰਚੇ ਅਤੇ 1,600 ਤੋਂ ਵਧ ਮੇਲੇ ਆਯੋਜਿਤ ਹੋਏ।

5. ਵਨਬੰਧੂ ਕਲਿਆਣ ਯੋਜਨਾ

10-ਸੂਤਰੀ ਵਿਕਾਸ ਮਿਸ਼ਨ

- 2007 ਦੀ ਇਸ 10 ਸੂਤਰੀ ਪਹਿਲਕਦਮੀ ਨੇ ਕਬਾਇਲੀ ਵਿਕਾਸ ਨੂੰ ਮਿਸ਼ਨ ਮੋਡ ਵਿੱਚ ਅੱਗੇ ਵਧਾਇਆ। ਸਿੱਖਿਆ, ਸਿਹਤ, ਆਵਾਸ, ਆਜੀਵਿਕਾ, ਹੁਨਰ, ਸਿੰਚਾਈ, ਬੁਨਿਆਦੀ ਢਾਂਚਾ ਅਤੇ ਬਿਜਲੀਕਰਣ ਨੂੰ ਨਾਲ ਲਿਆ ਕੇ ਕਬਾਇਲੀ ਭਾਈਚਾਰਿਆਂ ਨੂੰ ਵਿਕਾਸ ਦੀ ਮੁੱਖਧਾਰਾ ਨਾਲ ਜੋੜਨ 'ਤੇ ਜ਼ੋਰ।



"ਮੈਂ ਛੋਟੇ ਅਤੇ ਆਸਾਨ ਟੀਚੇ ਲੈ ਕੇ ਚਲਣ ਵਾਲਾ ਵਿਅਕਤੀ ਨਹੀਂ ਹਾਂ। ਮੈਂ ਦੇਸ਼ ਦੇ ਲਈ ਵੱਡੇ ਟੀਚੇ ਰੱਖਦਾ ਹਾਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਲਈ ਜੀ-ਜਾਨ ਲਗਾ ਦਿੰਦਾ ਹਾਂ।

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ

6. ਸਾਗਰਖੇਡੂ ਸਰਵਾਂਗੀ ਵਿਕਾਸ ਯੋਜਨਾ

60 ਲੱਖ ਲੋਕ । 3,000 ਤੱਟਵਰਤੀ ਪਿੰਡ

- 2007 ਵਿੱਚ ਸ਼ੁਰੂ ਯੋਜਨਾ ਨੇ 3,000 ਤੱਟਵਰਤੀ ਪਿੰਡਾਂ ਅਤੇ 60 ਲੱਖ ਤੋਂ ਵੱਧ ਲੋਕਾਂ ਦੇ ਲਈ ਇਨਫ੍ਰਾਸਟ੍ਰਕਚਰ, ਆਜੀਵਿਕਾ, ਸਿੰਚਾਈ, ਖਾਰੇਪਾਣੀ ਦੀ ਰੋਕਥਾਮ, ਮੱਛੀ ਪਾਲਣ ਅਤੇ ਤੱਟਵਰਤੀ ਸੁਰੱਖਿਆ ਨੂੰ ਇਕੱਠੇ ਜੋੜਿਆ। ਮਛੇਰਿਆਂ ਨੂੰ ਜੀਪੀਐੱਸ, ਸੁਰੱਖਿਆ ਉਪਕਰਣ, ਸੋਲਰ ਲਾਈਟ ਅਤੇ ਸੰਕਟ-ਚੇਤਾਵਨੀ ਜਿਹੀਆਂ ਸੁਵਿਧਾਵਾਂ ਵੀ ਮਿਲੀਆਂ।

7. ਜਨ ਧਨ ਅਤੇ ਡੀਬੀਟੀ

59+ ਕਰੋੜ ਖਾਤੇ । 3.17 ਲੱਖ ਕਰੋੜ ਰੁਪਏ ਤੋਂ ਵੱਧ ਜਮ੍ਹਾਂ

- 2014 ਵਿੱਚ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੇ ਬੈਂਕਿੰਗ ਨੂੰ ਹਰ ਵਿਅਕਤੀ ਤੱਕ ਪਹੁੰਚਾਉਣ ਦਾ ਅਭਿਆਨ ਸ਼ੁਰੂ ਕੀਤਾ। ਸਤੰਬਰ, 2026 ਤੱਕ 59 ਕਰੋੜ ਤੋਂ ਵੱਧ ਖਾਤੇ ਅਤੇ 3.17 ਲੱਖ ਕਰੋੜ ਰੁਪਏ ਤੋਂ ਵੱਧ ਜਮ੍ਹਾਂ ਹੋਏ। ਡੀਬੀਟੀ ਨੇ ਧਨ ਨੂੰ ਸਿੱਧਾ ਲਾਭਾਰਥੀਆਂ ਤੱਕ ਪਹੁੰਚਾਇਆ। 53.24 ਲੱਖ ਕਰੋੜ ਰੁਪਏ ਤੋਂ ਵੱਧ ਟ੍ਰਾਂਸਫਰ ਹੋਏ ਅਤੇ 5 ਲੱਖ ਕਰੋੜ ਰੁਪਏ ਤੋਂ ਵੱਧ ਦੀ ਅਨੁਮਾਨਿਤ ਬੱਚਤ ਹੋਈ।

8. ਮੇਕ ਇਨ ਇੰਡੀਆ

20 ਲੱਖ ਕਰੋੜ+ ਰੁਪਏ ਦਾ ਉਤਪਾਦਨ ।
ਪੀਐੱਲਆਈ ਤੋਂ 14 ਲੱਖ+ ਨੌਕਰੀਆਂ

- ਪੀਐੱਲਆਈ, ਸੈਮੀਕੰਡਕਟਰ ਅਤੇ ਕੰਪੋਨੈਂਟ ਪ੍ਰੋਗਰਾਮਾਂ ਸਹਿਤ ਵੱਖ-ਵੱਖ ਯਤਨਾਂ ਨਾਲ ਇਲੈਕਟ੍ਰੌਨਿਕਸ ਉਤਪਾਦਨ 2014-15 ਦੇ 1.9 ਲੱਖ ਕਰੋੜ ਰੁਪਏ ਤੋਂ ਵੱਧ ਕੇ 2025-26 ਵਿੱਚ 13.11 ਲੱਖ ਕਰੋੜ ਰੁਪਏ ਹੋਇਆ। ਪੀਐੱਲਆਈ ਦੇ 14 ਖੇਤਰਾਂ ਵਿੱਚ 14 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਈਆਂ।



9. ਸਵੱਛ ਭਾਰਤ ਮਿਸ਼ਨ

12+ ਕਰੋੜ ਪਖਾਨੇ

- 2014 ਵਿੱਚ ਸ਼ੁਰੂ ਮਿਸ਼ਨ ਨੇ ਸਵੱਛਤਾ ਨੂੰ ਜਨ ਅੰਦੋਲਨ ਬਣਾਇਆ। 12 ਕਰੋੜ ਤੋਂ ਵੱਧ ਘਰੇਲੂ ਪਖਾਨੇ ਬਣੇ ਅਤੇ 2019 ਤੱਕ ਪਿੰਡਾਂ ਨੂੰ ਓਡੀਐੱਫ ਐਲਾਨ ਕੀਤਾ ਗਿਆ। ਸਵੱਛਤਾ ਸਰਵੇਖਣ ਨੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਿਹਤ ਮੁਕਾਬਲੇ ਅਤੇ ਨਾਗਰਿਕ ਭਾਗੀਦਾਰੀ ਨੂੰ ਵਧਾਇਆ। ਪ੍ਰਧਾਨ ਮੰਤਰੀ ਮੋਦੀ ਨੇ 2 ਅਕਤੂਬਰ 2014 ਨੂੰ ਖੁਦ ਝਾੜੂ ਚੁੱਕਿਆ ਅੱਗੇ ਵਧ ਕੇ ਅਗਵਾਈ ਕੀਤੀ ਸੀ।

10. ਸਮਾਜਿਕ ਸੁਰੱਖਿਆ

94 ਕਰੋੜ ਲੋਕ । ਸਮਾਜਿਕ ਸੁਰੱਖਿਆ ਕਵਰੇਜ: 64.3%

- ਪੀਐੱਮ ਜੀਵਨ ਜਯੋਤੀ ਬੀਮਾ ਯੋਜਨਾ, ਪੀਐੱਮ ਸੁਰਕਸ਼ਾ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਅਤੇ ਈ-ਸ਼੍ਰਮ ਜਿਹੀਆਂ ਪਹਿਲਕਦਮੀਆਂ ਨੇ ਰਸਮੀ ਰੁਜ਼ਗਾਰ ਤੋਂ ਬਾਹਰ ਰਹਿਣ ਵਾਲਿਆਂ ਤੱਕ ਸੁਰੱਖਿਆ ਪਹੁੰਚਾਈ। 2025 ਤੱਕ 94.3 ਕਰੋੜ ਭਾਰਤੀ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ ਆਏ, ਜਿਸ ਨਾਲ ਕਵਰੇਜ 2015 ਦੇ 19% ਤੋਂ ਵਧ ਕੇ 64.3% ਹੋਈ।
- ਨਵੰਬਰ 2023 ਵਿੱਚ ਸ਼ੁਰੂ ਕੀਤਾ ਗਿਆ ਪ੍ਰਧਾਨ ਮੰਤਰੀ ਜਨਜਾਤੀ ਆਦਿਵਾਸੀ ਨਯਾਯ ਮਹਾ ਅਭਿਆਨ (ਪੀਐੱਮ-ਜਨਮਨ) ਇਹ ਯਕੀਨੀ ਬਣਾਉਣ ਦਾ ਇੱਕ ਕੇਂਦ੍ਰਿਤ ਮਿਸ਼ਨ ਹੈ ਕਿ ਭਾਰਤ ਦੇ 75 ਵਿਸ਼ੇਸ਼ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹ (PVTGs) ਵਿਕਾਸ ਦੇ ਹਾਸ਼ੀਏ 'ਤੇ ਨਾ ਰਹਿਣ। 24,000+ ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।

11. ਸਾਗਰਮਾਲਾ ਪ੍ਰੋਗਰਾਮ

845+ ਪ੍ਰੋਜੈਕਟਸ । 6+ ਲੱਖ ਕਰੋੜ ਰੁਪਏ ਦਾ ਨਿਵੇਸ਼

- 2015 ਵਿੱਚ ਸ਼ੁਰੂ ਸਾਗਰਮਾਲਾ ਨੇ ਬੰਦਰਗਾਹਾਂ ਨੂੰ ਸੜਕ, ਰੇਲ, ਉਦਯੋਗ ਅਤੇ ਤੱਟਵਰਤੀ ਭਾਈਚਾਰਿਆਂ ਨਾਲ ਜੋੜਨ ਦਾ ਯਤਨ ਕੀਤਾ। 6.06 ਲੱਖ ਕਰੋੜ ਰੁਪਏ ਦੇ 845 ਤੋਂ ਵੱਧ ਪ੍ਰੋਜੈਕਟ ਚੁਣੇ ਗਏ, 315 ਪੂਰੇ ਹੋ ਚੁੱਕੇ ਹਨ। ਪ੍ਰਮੁੱਖ ਬੰਦਰਗਾਹਾਂ 'ਤੇ ਜਹਾਜ਼ਾਂ ਦਾ ਔਸਤ ਟਰਨਅਰਾਉਂਡ ਸਮੇਂ 2014 ਦੇ 96 ਘੰਟੇ ਤੋਂ ਘਟ ਕੇ 2025 ਵਿੱਚ ਲਗਭਗ 49 ਘੰਟੇ ਹੋਇਆ। ਭਾਰਤ ਦੇ ਪ੍ਰਮੁੱਖ ਬੰਦਰਗਾਹਾਂ ਦੀ ਸਮਰੱਥਾ 2014 ਦੇ 873 ਐੱਮਟੀਪੀਏ ਤੋਂ ਲਗਭਗ ਦੁੱਗਣੀ ਹੋ ਕੇ 2026 ਵਿੱਚ, 1,728 ਐੱਮਟੀਪੀਏ ਹੋ ਗਈ ਹੈ।



12. ਪ੍ਰਧਾਨ ਮੰਤਰੀ ਮੁਦ੍ਰਾ ਯੋਜਨਾ

57+ ਕਰੋੜ ਲੋਨ । 40 ਲੱਖ+ ਕਰੋੜ ਰੁਪਏ ਵੰਡੇ

- 2015 ਵਿੱਚ ਸ਼ੁਰੂ ਪੀਐੱਮ ਮੁਦ੍ਰਾ ਯੋਜਨਾ ਨੇ ਛੋਟੇ ਉੱਦਮੀਆਂ ਨੂੰ ਬਿਨਾ ਗਰੰਟੀ ਦੇ ਲੋਨ ਉਪਲਬਧ ਕਰਵਾਇਆ। 57 ਕਰੋੜ ਤੋਂ ਵੱਧ ਲੋਨ ਵਿੱਚ 40 ਲੱਖ ਕਰੋੜ ਰੁਪਏ ਤੋਂ ਵੱਧ ਵੰਡੇ ਗਏ। 68% ਲੋਨ ਮਹਿਲਾਵਾਂ ਅਤੇ 51% ਐੱਸਸੀ/ਐੱਸਟੀ/ ਓਬੀਸੀ ਉਧਾਰ ਲੈਣ ਵਾਲਿਆਂ ਨੂੰ ਮਿਲੇ। 2024 ਵਿੱਚ ਲੋਨ ਦੀ ਸੀਮਾ 20 ਲੱਖ ਰੁਪਏ ਕੀਤੀ ਗਈ।

13. ਸਟਾਰਟਅੱਪ ਇੰਡੀਆ

2.5 ਲੱਖ+ ਸਟਾਰਟਅੱਪ । 23.36 ਲੱਖ+ ਨੌਕਰੀਆਂ

- 2016 ਵਿੱਚ ਸ਼ੁਰੂ ਪਹਿਲਕਦਮੀ ਨੇ ਉੱਦਮਤਾ ਨੂੰ ਰਾਸ਼ਟਰੀ ਇੱਛਾ ਬਣਾਇਆ। ਸਤੰਬਰ 2026 ਤੱਕ 2.5 ਲੱਖ ਤੋਂ ਵੱਧ ਮਾਨਤਾ ਪ੍ਰਾਪਤ ਸਟਾਰਟਅੱਪ ਨੇ 23 ਲੱਖ ਤੋਂ ਵੱਧ ਪ੍ਰਤੱਖ ਨੌਕਰੀਆਂ ਪੈਦਾ ਕੀਤੀਆਂ। ਲਗਭਗ ਅੱਧੇ ਸਟਾਰਟਅੱਪ ਟੀਅਰ-।। ਅਤੇ ਟੀਅਰ-।।। ਸ਼ਹਿਰਾਂ ਤੋਂ ਆਉਂਦੇ ਹਨ ਅਤੇ ਲਗਭਗ 50% ਸਟਾਰਟਅੱਪ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਨਿਰਦੇਸ਼ਕ ਜਾਂ ਸਾਂਝੇਦਾਰ ਹੈ।

14. ਪ੍ਰਧਾਨ ਮੰਤਰੀ ਉੱਜਵਲਾ ਯੋਜਨਾ: ਧੂੰਏ ਤੋਂ ਮੁਕਤੀ

ਲਗਭਗ 11 ਕਰੋੜ+ ਕਨੈਕਸ਼ਨ

- 2016 ਵਿੱਚ ਸ਼ੁਰੂ ਉੱਜਵਲਾ ਨੇ ਮਈ 2026 ਤੱਕ 10.6 ਕਰੋੜ ਤੋਂ ਵੱਧ ਮੁਫ਼ਤ ਰਸੋਈ ਗੈਸ ਕਨੈਕਸ਼ਨ ਦਿੱਤੇ। ਇਸ ਨਾਲ ਧੂੰਏ ਵਾਲੇ ਈਂਧਣ 'ਤੇ ਨਿਰਭਰਤਾ ਘੱਟ ਹੋਈ ਅਤੇ ਮਹਿਲਾਵਾਂ ਦੀ ਸਿਹਤ, ਸਮਾਂ ਅਤੇ ਮੌਕਿਆਂ 'ਤੇ ਸਕਾਰਾਤਮਕ ਪ੍ਰਭਾਵ ਪਿਆ।

15. ਡਿਜੀਟਲ ਭੁਗਤਾਨ ਕ੍ਰਾਂਤੀ- ਯੂਪੀਆਈ

24,162 ਕਰੋੜ ਲੈਣ-ਦੇਣ । 55+ ਕਰੋੜ ਉਪਯੋਗਕਰਤਾ

- 2016 ਵਿੱਚ ਸ਼ੁਰੂ ਯੂਪੀਆਈ ਨੇ ਡਿਜੀਟਲ ਭੁਗਤਾਨ ਨੂੰ ਰੋਜ਼ਾਨਾ ਦੀ ਸੁਵਿਧਾ ਬਣਾਇਆ। 2016 ਦੇ 1.78 ਕਰੋੜ ਸਲਾਨਾ ਲੈਣ-ਦੇਣ ਤੋਂ ਵਧ ਕੇ ਵਿੱਤੀ ਵਰ੍ਹੇ 2025-26 ਵਿੱਚ 24,162 ਕਰੋੜ ਲੈਣ-ਦੇਣ ਹੋਏ। ਜੂਨ 2026 ਤੱਕ 55.5 ਕਰੋੜ ਉਪਯੋਗਕਰਤਾ ਅਤੇ ਜੁਲਾਈ 2026 ਤੱਕ 741 ਬੈਂਕ ਇਸ ਨਾਲ ਜੁੜੇ ਸਨ। ਲੈਣ-ਦੇਣ ਮੁੱਲ 0.07 ਲੱਖ ਕਰੋੜ ਰੁਪਏ ਤੋਂ ਵਧ ਕੇ 314 ਲੱਖ ਕਰੋੜ ਰੁਪਏ ਹੋ ਗਿਆ। ਯੂਪੀਆਈ ਹੁਣ 11 ਦੇਸ਼ਾਂ ਵਿੱਚ ਚੱਲ ਰਿਹਾ ਹੈ।

16. ਵਸਤੂ ਅਤੇ ਸੇਵਾ ਟੈਕਸ- ਜੀਐੱਸਟੀ

ਇੱਕ ਰਾਸ਼ਟਰ-ਇੱਕ ਟੈਕਸ । ਵਿੱਤੀ ਵਰ੍ਹੇ 2025 ਵਿੱਚ 22 ਲੱਖ ਕਰੋੜ+ ਰੁਪਏ ਕੁੱਲ ਜੀਐੱਸਟੀ

- 2017 ਵਿੱਚ ਲਾਗੂ ਜੀਐੱਸਟੀ ਨੇ ਕਈ ਕੇਂਦਰੀ ਅਤੇ ਰਾਜ ਟੈਕਸਾਂ ਨੂੰ ਸਾਂਝਾ ਢਾਂਚੇ ਵਿੱਚ ਲਿਆ ਕੇ 'ਇੱਕ ਰਾਸ਼ਟਰ, ਇੱਕ ਟੈਕਸ, ਇੱਕ ਬਜ਼ਾਰ' ਦੀ ਦਿਸ਼ਾ ਮਜ਼ਬੂਤ ਕੀਤੀ। ਟੈਕਸ ਦੇਣ ਵਾਲਿਆਂ ਦੀ ਗਿਣਤੀ 2017 ਦੇ 66.5 ਲੱਖ ਤੋਂ ਵੱਧ ਕੇ ਮਈ 2026 ਵਿੱਚ 1.65 ਕਰੋੜ ਹੋਈ ਅਤੇ ਵਿੱਤੀ ਵਰ੍ਹੇ 2025-26 ਵਿੱਚ ਕੁੱਲ ਜੀਐੱਸਟੀ ਕਲੈਕਸ਼ਨ 22.27 ਲੱਖ ਕਰੋੜ ਰੁਪਏ ਰਿਹਾ।

17. ਆਯੁਸ਼ਮਾਨ ਭਾਰਤ ਅਤੇ ਸਿਹਤ ਸੁਰੱਖਿਆ

5 ਲੱਖ ਰੁਪਏ ਦਾ ਕਵਰ । 12 ਕਰੋੜ+ ਪਰਿਵਾਰ ਕਵਰ

- ਜੂਨ 2026 ਤੱਕ, 37,413 ਸਰਕਾਰੀ ਅਤੇ ਨਿਜੀ ਹਸਪਤਾਲਾਂ ਵਿੱਚ 12.69 ਕਰੋੜ ਮਰੀਜ਼ਾਂ ਦਾ ਇਲਾਜ ਹੋਇਆ, ਜਿਸ ਨਾਲ ਆਮ ਜਨਤਾ ਦੇ 1.92 ਲੱਖ ਕਰੋੜ ਰੁਪਏ ਦੀ ਬੱਚਤ ਹੋਈ। 70 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਨਾਗਰਿਕਾਂ ਤੱਕ ਵੀ ਇਸ ਦਾ ਵਿਸਤਾਰ ਹੋਇਆ।

18. ਜਲ ਜੀਵਨ ਮਿਸ਼ਨ

12 ਕਰੋੜ+ ਨਲ ਕਨੈਕਸ਼ਨ । ਕਵਰੇਜ 82% ਤੋਂ ਵੱਧ

- 2019 ਵਿੱਚ ਸ਼ੁਰੂ ਮਿਸ਼ਨ ਨੇ ਗ੍ਰਾਮੀਣ ਘਰਾਂ ਵਿੱਚ ਨਲ ਦੇ ਪਾਣੀ ਨੂੰ ਪਹੁੰਚਾਉਣ ਦਾ ਟੀਚਾ ਰੱਖਿਆ। 3.23 ਕਰੋੜ ਗ੍ਰਾਮੀਣ ਪਰਿਵਾਰਾਂ ਤੋਂ ਵਧ ਕੇ ਜੂਨ 2026 ਤੱਕ ਲਗਭਗ 16 ਕਰੋੜ ਪਰਿਵਾਰਾਂ ਨੂੰ ਨਲ ਕਨੈਕਸ਼ਨ ਮਿਲਿਆ। 5 ਲੱਖ ਤੋਂ ਵੱਧ ਪਾਣੀ ਦੀਆਂ ਕਮੇਟੀਆਂ ਅਤੇ 24.8 ਲੱਖ ਮਹਿਲਾਵਾਂ ਨੂੰ ਜਲ ਗੁਣਵੱਤਾ ਟੈਸਟਿੰਗ ਦੀ ਟ੍ਰੇਨਿੰਗ ਦਿੱਤੀ ਗਈ।

19. ਪੀਐੱਮ-ਕਿਸਾਨ

4 ਲੱਖ ਕਰੋੜ+ ਰੁਪਏ । 9.44 ਕਰੋੜ ਕਿਸਾਨ

- 2019 ਤੋਂ ਕਿਸਾਨਾਂ ਨੂੰ ਸਲਾਨਾ 6,000 ਰੁਪਏ ਤਿੰਨ ਕਿਸ਼ਤਾਂ ਵਿੱਚ ਸਿੱਧਾ ਬੈਂਕ ਖਾਤਿਆਂ ਵਿੱਚ ਮਿਲ ਰਹੇ ਹਨ। ਜੁਲਾਈ 2026 ਤੱਕ 4 ਲੱਖ ਕਰੋੜ ਰੁਪਏ ਤੋਂ ਵੱਧ ਪਹੁੰਚਾਏ ਜਾ ਚੁੱਕੇ ਹਨ।





20. ਲਖਪਤੀ ਦੀਦੀ ਅਤੇ ਨਮੋ ਡ੍ਰੋਨ ਦੀਦੀ

3 ਕਰੋੜ+ ਲਖਪਤੀ ਦੀਦੀ।

ਸਵੈ ਸਹਾਇਤਾ ਸਮੂਹਾਂ ਵਿੱਚ 10.57 ਕਰੋੜ ਮਹਿਲਾਵਾਂ

- ਲਖਪਤੀ ਦੀਦੀ ਨੇ ਗ੍ਰਾਮੀਣ ਮਹਿਲਾਵਾਂ ਨੂੰ ਸਹਾਇਤਾ ਤੋਂ ਅੱਗੇ ਵਧਾ ਕੇ ਸਥਾਈ ਆਮਦਨ ਅਤੇ ਉੱਦਮਤਾ ਨਾਲ ਜੋੜਿਆ। ਮਈ 2026 ਤੱਕ 3.07 ਕਰੋੜ ਮਹਿਲਾਵਾਂ ਲਖਪਤੀ ਦੀਦੀ ਬਣ ਚੁੱਕੀਆਂ ਸਨ ਅਤੇ 10.57 ਕਰੋੜ ਤੋਂ ਵੱਧ ਮਹਿਲਾਵਾਂ ਸਵੈ ਸਹਾਇਤਾ ਸਮੂਹਾਂ ਵਿੱਚ ਸੰਗਠਿਤ ਸਨ। ਨਮੋ ਡ੍ਰੋਨ ਦੀਦੀ ਦੇ ਤਹਿਤ 15,000 ਡ੍ਰੋਨ ਦਾ ਟੀਚਾ ਹੈ।

21. ਭਾਰਤ ਦੀ ਸੌਰ ਕ੍ਰਾਂਤੀ

164 GW+ ਸੌਰ ਊਰਜਾ।

14.8 GW ਰੂਫਟੌਪ ਸੋਲਰ ਪਲਾਂਟ

- ਗੁਜਰਾਤ ਦੀ ਸੌਰ ਪਹਿਲਕਦਮੀ ਤੋਂ ਸ਼ੁਰੂ ਤਜ਼ਰਬਾ ਰਾਸ਼ਟਰੀ ਵਿਸਤਾਰ ਦਾ ਅਧਾਰ ਬਣਿਆ। ਭਾਰਤ ਦੀ ਸਥਾਪਿਤ ਸੌਰ ਸਮਰੱਥਾ 2014 ਦੇ 2.8 GW ਤੋਂ ਵਧ ਕੇ ਜੁਲਾਈ 2026 ਵਿੱਚ ਲਗਭਗ 165 GW ਹੋਈ। ਪੀਐੱਮ ਸੂਰਯ ਘਰ ਯੋਜਨਾ ਦੇ ਤਹਿਤ ਅਗਸਤ 2026 ਤੱਕ 51 ਲੱਖ ਘਰ ਕਵਰ ਹੋਏ ਅਤੇ 14.8 GW ਰੂਫਟੌਪ ਸੋਲਰ ਸਥਾਪਿਤ ਹੋਏ।

22. ਪੀਐੱਮ ਸਵਨਿਧੀ

78 ਲੱਖ ਰੁਪਏ+ ਸਟ੍ਰੀਟ ਵੈਂਡਰ । 18,000+ ਕਰੋੜ ਰੁਪਏ ਲੋਨ

- 2020 ਵਿੱਚ ਸ਼ੁਰੂ ਯੋਜਨਾ ਨੇ ਰੇਹੜੀ-ਪਟਰੀ ਵਾਲਿਆਂ ਨੂੰ ਬਿਨਾ ਜਮਾਨਤ ਕਾਰਜਸ਼ੀਲ ਪੂੰਜੀ ਲੋਨ ਦੇ ਲਈ ਰਸਮੀ ਵਿੱਤੀ ਵਿਵਸਥਾ ਨਾਲ ਜੋੜਿਆ। ਅਗਸਤ 2026 ਤੱਕ 78 ਲੱਖ ਤੋਂ ਵੱਧ ਵੈਂਡਰਾਂ ਨੂੰ 1.18 ਕਰੋੜ ਤੋਂ ਵੱਧ ਲੋਨ ਮਿਲੇ।

23. ਪੀਐੱਮ ਗਤੀ ਸ਼ਕਤੀ

16 ਮੰਤਰਾਲੇ । ਇਨਫ੍ਰਾਸਟ੍ਰਕਚਰ ਦੇ ਲਈ ਇੱਕ ਏਕੀਕ੍ਰਿਤ ਮੈਪਿੰਗ

- 2021 ਵਿੱਚ ਸ਼ੁਰੂ ਰਾਸ਼ਟਰੀ ਮਾਸਟਰ ਪਲਾਨ ਨੇ 16 ਮੰਤਰਾਲਿਆਂ ਅਤੇ ਵਿਭਾਗਾਂ ਦੇ ਇਨਫ੍ਰਾਸਟ੍ਰਕਚਰ ਡੇਟਾ ਨੂੰ ਏਕੀਕ੍ਰਿਤ ਕੀਤਾ। ਸੜਕ, ਰੇਲ, ਬੰਦਰਗਾਹ, ਹਵਾਈ ਅੱਡੇ ਅਤੇ ਲੌਜਿਸਟਿਕਸ ਨੈੱਟਵਰਕ ਨੂੰ ਇਕੱਠੇ ਦੇਖਣ ਨਾਲ ਪ੍ਰੋਜੈਕਟਾਂ ਦੇ ਬਿਹਤਰ ਤਾਲਮੇਲ ਅਤੇ ਲੌਜਿਸਟਿਕਸ ਲਾਗਤ ਘਟਾਉਣ ਦੀ ਦਿਸ਼ਾ ਮਜ਼ਬੂਤ ਹੋਈ। ਇਹ ਪਲੈਟਫਾਰਮ ਹੁਣ 100 ਲੱਖ ਕਰੋੜ ਰੁਪਏ ਤੋਂ ਵੱਧ ਦੇ ਇਨਫ੍ਰਾਸਟ੍ਰਕਚਰ ਦਾ ਨਕਸ਼ਾ ਤਿਆਰ ਕਰਦਾ ਹੈ।

24. ਸਵਾਮਿਤਵ ਅਤੇ ਕੁਦਰਤੀ ਖੇਤੀ

3.30 ਲੱਖ ਪਿੰਡ ਸਰਵੇਖਣ । 3.24 ਕਰੋੜ ਪ੍ਰਾਪਰਟੀ ਕਾਰਡ

- ਸਵਾਮਿਤਵ ਯੋਜਨਾ ਨੇ ਡ੍ਰੋਨ ਅਤੇ GIS ਤੋਂ ਗ੍ਰਾਮੀਣ ਸੰਪੱਤੀਆਂ ਦੀ ਸਟੀਕ ਮੈਪਿੰਗ ਕਰਕੇ ਸੰਪੱਤੀ ਅਧਿਕਾਰਾਂ ਨੂੰ ਮਜ਼ਬੂਤ ਕੀਤਾ। ਅਗਸਤ 2026 ਤੱਕ 3.30 ਲੱਖ ਪਿੰਡਾਂ ਵਿੱਚ ਸਰਵੇਖਣ ਅਤੇ 3.24 ਕਰੋੜ ਪ੍ਰਾਪਰਟੀ ਕਾਰਡ ਤਿਆਰ ਹੋਏ। ਕੁਦਰਤੀ ਖੇਤੀ ਦੇ ਤਹਿਤ 20 ਲੱਖ ਤੋਂ ਵੱਧ ਕਿਸਾਨਾਂ ਅਤੇ 10 ਲੱਖ ਹੈਕਟੇਅਰ ਤੋਂ ਵੱਧ ਖੇਤਰ ਨੂੰ ਜੋੜਿਆ ਗਿਆ।

25. ਖੇਡਦਾ ਰਾਸ਼ਟਰ, ਜਿੱਤਦਾ ਰਾਸ਼ਟਰ

1,000+ ਖੇਲੋ ਇੰਡੀਆ ਕੇਂਦਰ । 2,700+ ਅਥਲੀਟ

- 1,000+ ਖੇਲੋ ਇੰਡੀਆ ਕੇਂਦਰ ਹਨ। 2,700+ ਅਥਲੀਟਾਂ ਨੂੰ ਸਹਾਇਤਾ ਮਿਲ ਰਹੀ ਹੈ। ਟੋਕਿਓ 2020 ਦੇ ਸੱਤ ਓਲੰਪਿਕ ਮੈਡਲ, ਏਸ਼ਿਆਈ ਖੇਡਾਂ ਵਿੱਚ 107 ਮੈਡਲ ਅਤੇ 2022 ਦੀ ਇਤਿਹਾਸਕ ਥੌਮਸ ਕੱਪ ਜਿੱਤ ਇਸ ਦੇ ਵਧਦੇ ਖੇਡ ਆਤਮਵਿਸ਼ਵਾਸ ਦੀ ਤਸਵੀਰ ਹੈ। ਬੀਤੇ 13 ਵਰ੍ਹਿਆਂ ਵਿੱਚ, ਭਾਰਤ ਨੇ ਤਿੰਨੋਂ ਪ੍ਰਮੁੱਖ ਖੇਡ ਮੰਚਾਂ 'ਤੇ ਆਪਣਾ ਸਰਬਸ਼੍ਰੇਸ਼ਠ ਪ੍ਰਦਰਸ਼ਨ ਕੀਤਾ ਹੈ: ਟੋਕਿਓ 2020 ਓਲੰਪਿਕ ਵਿੱਚ 7 ਮੈਡਲ, ਹਾਂਗਝੋਊ 2023 ਏਸ਼ਿਆਈ ਖੇਡਾਂ ਵਿੱਚ 107 ਮੈਡਲ ਅਤੇ ਗੋਲਡ ਕੋਸਟ 2018 ਰਾਸ਼ਟਰ ਮੰਡਲ ਖੇਡਾਂ ਵਿੱਚ 66 ਮੈਡਲ।



25 ਬੇਮਿਸਾਲ ਪਹਿਲਕਦਮੀਆਂ ਜੋ ਬਣ ਗਏ ਜਨ-ਅੰਦੋਲਨ

ਸ਼ਾਸਨ ਪ੍ਰਮੁੱਖ ਦੇ ਰੂਪ ਵਿੱਚ ਪੀਐੱਮ ਮੋਦੀ ਦੀ 25 ਵਰ੍ਹਿਆਂ ਦੀ ਯਾਤਰਾ ਨੇ ਭਾਰਤ ਵਿੱਚ ਇੱਕ ਨਵਾਂ ਆਯਾਮ ਸਥਾਪਿਤ ਕਰ ਦਿੱਤਾ ਹੈ ਜਿਸ ਨਾਲ ਦੇਸ਼ ਦਾ ਹਰ ਨਾਗਰਿਕ ਸਰਕਾਰ ਦੇ ਨਾਲ ਸਿੱਧਾ ਜੁੜਾਅ ਮਹਿਸੂਸ ਕਰ ਰਿਹਾ ਹੈ। ਇਸ ਯਾਤਰਾ ਵਿੱਚ ਕਈ ਅਜਿਹੀਆਂ ਪਹਿਲਕਦਮੀਆਂ ਸਾਹਮਣੇ ਆਈਆਂ, ਜਿਨ੍ਹਾਂ ਨੇ ਸ਼ਾਸਨ, ਵਿਕਾਸ, ਜਨਤਕ ਭਾਗੀਦਾਰੀ ਅਤੇ ਆਲਮੀ ਪੱਧਰ 'ਤੇ ਭਾਰਤ ਦੀ ਭੂਮਿਕਾ ਦੇ ਨਵੇਂ ਮਿਆਰ ਸਥਾਪਿਤ ਕੀਤੇ। ਇਸ ਯਾਤਰਾ ਵਿੱਚ ਵਿਚਾਰਾਂ ਨੂੰ ਯੋਜਨਾਵਾਂ ਅਤੇ ਯੋਜਨਾਵਾਂ ਨੂੰ ਜਨਤਕ ਭਾਗੀਦਾਰੀ ਨਾਲ ਜੋੜਨ ਦੀ ਕੋਸ਼ਿਸ਼ ਦਿਖਾਈ ਦਿੰਦੀ ਹੈ। ਇਹੀ ਉਹ ਪਹਿਲਕਦਮੀ ਹੈ, ਜਿਨ੍ਹਾਂ ਨੇ ਘਰੇਲੂ ਅਤੇ ਆਲਮੀ ਪੱਧਰ 'ਤੇ ਨਵੇਂ ਮਿਆਰ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਭਾਰਤ ਦੀ ਵਿਕਾਸ ਯਾਤਰਾ ਨੂੰ ਇੱਕ ਅਲੱਗ ਪਛਾਣ ਦਿੱਤੀ।

1. ਵਾਈਬ੍ਰੈਂਟ ਗੁਜਰਾਤ

2003 ਵਿੱਚ ਨਿਵੇਸ਼ ਦੇ ਲਈ ਦੁਨੀਆ ਨੂੰ ਗਾਂਧੀਨਗਰ ਸੱਦਾ ਦੇਣ ਦੀ ਪਹਿਲਕਦਮੀ ਨੇ ਰਾਜਾਂ ਦੇ ਵਿੱਚ ਮੁਕਾਬਲੇ ਦੀ ਨਵੀਂ ਸੋਚ ਰੱਖੀ। ਸਿੰਗਲ ਵਿੰਡੋ ਮਨਜ਼ੂਰੀ ਅਤੇ ਨੀਤੀਗਤ ਵਚਨਬੱਧਤਾਵਾਂ ਦੇ ਨਾਲ ਨਿਵੇਸ਼ ਆਕਰਸ਼ਿਤ ਕਰਨ ਦਾ ਇਹ ਮਾਡਲ ਬਾਅਦ ਵਿੱਚ ਹੋਰ ਰਾਜਾਂ ਤੱਕ ਪਹੁੰਚਿਆ।

2. ਰਣ ਉਤਸਵ

ਵਰ੍ਹੇ 2005 ਵਿੱਚ ਸ਼ੁਰੂ ਹੋਇਆ ਕੱਛ ਦਾ 'ਰਣ ਉਤਸਵ' ਸਥਾਨਕ ਸੰਗੀਤ, ਕਲਾ, ਹੈਂਡੀਕ੍ਰਾਫਟ ਅਤੇ ਖਾਣ-ਪੀਣ ਨੂੰ ਟੂਰਿਜ਼ਮ ਨਾਲ ਜੋੜਨ ਦਾ ਜ਼ਰੀਆ ਬਣਿਆ। ਦੂਰ-ਦੁਰਾਡੇ ਲੂਣ ਵਾਲਾ ਰੇਗਿਸਤਾਨ ਗ੍ਰਾਮੀਣ ਸੱਭਿਆਚਾਰਕ ਟੂਰਿਜ਼ਮ ਦਾ ਮਾਡਲ ਬਣਿਆ ਅਤੇ ਕਾਰੀਗਰਾਂ ਨੂੰ ਨਵਾਂ ਬਜ਼ਾਰ ਮਿਲਿਆ ਜੋ ਇੱਕ ਆਲਮੀ ਮਾਡਲ ਬਣ ਗਿਆ।

3. ਖੇਤੀਬਾੜੀ ਮਹੋਤਸਵ

ਵਿਗਿਆਨਕਾਂ, ਅਧਿਕਾਰੀਆਂ ਅਤੇ ਕਿਸਾਨਾਂ ਨੂੰ ਸਿੱਧੇ ਜੋੜਦੇ ਹੋਏ ਖੇਤੀਬਾੜੀ ਸਲਾਹ ਨੂੰ ਖੇਤ ਦੀਆਂ ਜ਼ਰੂਰਤਾਂ ਦੇ ਅਨੁਰੂਪ ਬਣਾਇਆ ਗਿਆ। ਸੌਇਲ ਹੈਲਥ ਕਾਰਡਾਂ ਅਤੇ ਨਿਰੰਤਰ ਸੰਵਾਦ ਨੇ ਖੇਤੀਬਾੜੀ ਨੂੰ ਮੌਸਮੀ ਅਭਿਆਨ ਦੀ ਥਾਂ ਟਿਕਾਊ ਗਿਆਨ ਅੰਦੋਲਨ ਦਾ ਰੂਪ ਦਿੱਤਾ।

4. ਵਾਂਚੇ ਗੁਜਰਾਤ

'ਪੂਰਾ ਰਾਜ ਇੱਕ ਘੰਟਾ ਪੜ੍ਹੇ' ਦੀ ਤਾਕੀਦ ਨੇ ਪੜ੍ਹਨ ਨੂੰ ਵਿਅਕਤੀਗਤ ਆਦਤ ਨਾਲ ਸਾਂਝੇ ਜਨਤਕ ਸੱਭਿਆਚਾਰ ਵਿੱਚ ਬਦਲਿਆ। ਵਿਦਿਆਰਥੀਆਂ ਅਤੇ ਨਾਗਰਿਕਾਂ ਦੀ ਜਨਤਕ ਭਾਗੀਦਾਰੀ ਦੇ ਨਾਲ ਲਾਇਬ੍ਰੇਰੀਆਂ ਨੂੰ ਵੀ ਬਿਹਤਰ ਬਣਾਇਆ ਗਿਆ।

5. ਜਨਤਕ ਭਾਗੀਦਾਰੀ

ਨਾਗਰਿਕਾਂ ਨੂੰ ਯੋਜਨਾਵਾਂ ਦੇ ਨਿਸ਼ਕਿਰਿਆ ਲਾਭਾਰਥੀ ਦੀ ਥਾਂ ਸ਼ਾਸਨ ਵਿੱਚ ਭਾਗੀਦਾਰੀ ਬਣਾਉਣ ਦੀ ਸੋਚ ਨੇ ਨੀਤੀ ਨਿਰਮਾਣ, ਲਾਗੂਕਰਨ ਅਤੇ ਨਿਗਰਾਨੀ ਵਿੱਚ ਉਨ੍ਹਾਂ ਦੀ ਸਲਾਹ ਅਤੇ ਪ੍ਰਤੀਕਿਰਿਆ ਨੂੰ ਥਾਂ ਦਿੱਤੀ। ਇਸ ਨਾਲ ਵਿਕਾਸ ਵਿੱਚ ਸਰਗਰਮ ਭਾਗੀਦਾਰੀ ਦੀ ਭਾਵਨਾ ਮਜ਼ਬੂਤ ਹੋਈ।

6. ਮਨ ਕੀ ਬਾਤ

ਮਾਸਿਕ ਰੇਡੀਓ ਸੰਵਾਦ ਨੇ ਪ੍ਰਧਾਨ ਮੰਤਰੀ ਅਤੇ ਨਾਗਰਿਕਾਂ ਦਰਮਿਆਨ ਸੰਚਾਰ ਦਾ ਇੱਕ ਵੱਖਰਾ ਜ਼ਰੀਆ ਬਣਾਇਆ। ਨੀਤੀਆਂ, ਚੰਗੇ ਕਾਰਜਾਂ ਅਤੇ ਸਮਾਜਿਕ ਅਭਿਆਨਾਂ ਦੀ ਸਰਲ ਚਰਚਾ ਨੇ ਅਧਿਕਾਰਕ ਸੰਵਾਦ ਨੂੰ ਸੰਬੋਧਨ ਨਾਲ ਅੱਗੇ ਵਧਾਇਆ।

7. ਗ਼ੁਲਾਮੀ ਦੀ ਮਾਨਸਿਕਤਾ

ਸੜਕਾਂ, ਸ਼ਹਿਰਾਂ, ਇਮਾਰਤਾਂ ਅਤੇ ਸੰਸਥਾਨਾਂ ਤੋਂ ਬਸਤੀਵਾਦੀ ਨਾਵਾਂ ਅਤੇ ਪ੍ਰਤੀਕਾਂ ਨੂੰ ਹਟਾ ਕੇ ਸਵਦੇਸ਼ੀ ਪਛਾਣ ਨੂੰ ਥਾਂ ਦੇਣ ਦੇ ਯਤਨ ਜਨਤਕ ਯਾਦਦਾਸ਼ਤ ਅਤੇ ਸੱਭਿਆਚਾਰਕ ਆਤਮਵਿਸ਼ਵਾਸ ਦੀ ਮੁੜ-ਪ੍ਰਾਪਤੀ ਦਾ ਜ਼ਰੀਆ ਬਣੇ। ਹੁਣ 2035 ਤੱਕ ਪੂਰੀ ਤਰ੍ਹਾਂ ਨਾਲ ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਦਾ ਟੀਚਾ ਨਿਰਧਾਰਿਤ।



8. ਗਿਵ ਇਟ ਅੱਪ ਅਭਿਆਨ

ਐੱਲਪੀਜੀ ਸਬਸਿਡੀ ਛੱਡਣ ਦੀ ਸਵੈ ਇੱਛਾ ਅਪੀਲ ਨੇ ਸਾਂਝੀ ਜ਼ਿੰਮੇਦਾਰੀ ਦੀ ਭਾਵਨਾ ਨੂੰ ਸਾਹਮਣੇ ਰੱਖਿਆ। 1.13 ਕਰੋੜ ਤੋਂ ਵੱਧ ਪਰਿਵਾਰਾਂ ਵੱਲੋਂ ਸਬਸਿਡੀ ਛੱਡਣ ਤੋਂ ਮਿਲੀ ਬੱਚਤ ਦਾ ਉਪਯੋਗ ਉੱਜਵਲਾ ਯੋਜਨਾ ਵਿੱਚ ਕਨੈਕਸ਼ਨ ਦੇਣ ਦੇ ਲਈ ਕੀਤਾ ਗਿਆ।

9. ਅੰਤਰਰਾਸ਼ਟਰੀ ਯੋਗ ਦਿਵਸ

ਯੋਗ ਨੂੰ ਆਲਮੀ ਮੰਚ 'ਤੇ ਲਿਆਉਣ ਦੇ ਯਤਨਾਂ ਨਾਲ 21 ਜੂਨ ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਦੀ ਮਾਣਤਾ ਮਿਲੀ। ਇਸ ਦੇ ਨਾਲ ਹੀ ਇਹ ਭਾਰਤੀ ਪਰੰਪਰਾ ਆਲਮੀ ਜਨਤਕ ਸਿਹਤ ਦੀ ਸਾਂਝੀ ਪਹਿਲਕਦਮੀ ਬਣ ਕੇ 190 ਤੋਂ ਵੱਧ ਦੇਸ਼ਾਂ ਵਿੱਚ ਮਨਾਈ ਜਾਣ ਲੱਗੀ। ਇਸ ਵਾਰ ਭਾਰਤ ਦੇ ਬਾਹਰ ਹੀ 1,300 ਤੋਂ ਵੱਧ ਥਾਵਾਂ 'ਤੇ ਇਸ ਦਾ ਆਯੋਜਨ ਹੋਇਆ, ਜਿਨ੍ਹਾਂ ਵਿੱਚੋਂ ਕਈਆਂ ਨੇ ਗਿਨੀਜ਼ ਰਿਕਾਰਡ ਵੀ ਬਣਾਏ।

10. ਬੇਟੀ ਬਚਾਓ, ਬੇਟੀ ਪੜ੍ਹਾਓ

ਪਹਿਲਾਂ 1,000 ਮੁੰਡਿਆਂ 'ਤੇ 918 ਬੇਟੀਆਂ ਸਨ। 2015 ਵਿੱਚ ਸ਼ੁਰੂ ਕੀਤੀ ਗਈ 'ਬੇਟੀ ਬਚਾਓ ਬੇਟੀ ਪੜ੍ਹਾਓ' ਯੋਜਨਾ ਬੇਟੀਆਂ ਦੇ ਜੀਵਨ, ਸਿੱਖਿਆ ਅਤੇ ਅਧਿਕਾਰਾਂ ਨੂੰ ਸਿਹਤ, ਸਿੱਖਿਆ ਅਤੇ ਤਬਦੀਲੀ ਦੇ ਸੰਯੁਕਤ ਅਭਿਆਨ ਨਾਲ ਜੋੜਿਆ ਗਿਆ। ਬੇਟੀ ਦੀ ਜੀਵਨ ਰੱਖਿਆ ਅਤੇ ਸਿੱਖਿਆ, ਰਾਸ਼ਟਰੀ ਮਿਸ਼ਨ ਬਣ ਗਈ।

11. ਜਨਤਾ ਦੇ ਪਦਮ ਪੁਰਸਕਾਰ

ਪਦਮ ਪੁਰਸਕਾਰਾਂ ਦੀ ਪ੍ਰਕਿਰਿਆ ਨੂੰ ਵਿਆਪਕ ਬਣਾ ਕੇ ਗ੍ਰਾਮੀਣ, ਦੂਰ-ਦੁਰਾਡੇ ਅਤੇ ਜ਼ਮੀਨੀ ਪੱਧਰ ਦੇ ਯੋਗਦਾਨ ਕਰਤਾਵਾਂ ਨੂੰ ਰਾਸ਼ਟਰੀ ਸਨਮਾਨ ਦੇ ਕੇਂਦਰ ਵਿੱਚ ਲਿਆਂਦਾ ਗਿਆ। ਰਾਸ਼ਟਰੀ ਪਛਾਣ ਅਭਿਜਾਤ ਵਰਗ ਤੋਂ ਹਟ ਕੇ ਜਨ-ਉਤਕ੍ਰਿਸ਼ਟਤਾ ਦੇ ਵੱਲ ਵਧੀ। ਗੁੰਮਨਾਮ ਨਾਇਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤੇ ਜਾਣ ਦੀ ਨਵੀਂ ਪਰੰਪਰਾ ਦਾ ਉਦੈ ਹੋਇਆ।

12. ਏਕ ਭਾਰਤ, ਸ਼੍ਰੇਸ਼ਠ ਭਾਰਤ

ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਰਮਿਆਨ ਭਾਸ਼ਾ, ਸਿੱਖਿਆ, ਸੱਭਿਆਚਾਰ, ਖਾਣ-ਪੀਣ ਅਤੇ ਤਿਉਹਾਰਾਂ ਦੇ ਅਦਾਨ-ਪ੍ਰਦਾਨ ਨੇ ਏਕਤਾ ਨੂੰ ਸੰਵਿਧਾਨਕ ਸਿਧਾਂਤ ਨਾਲ ਜੀਵੰਤ ਤਜਰਬੇ ਵਿੱਚ ਬਦਲਣ ਦਾ ਯਤਨ ਕੀਤਾ।

13. ਯੂਪੀਆਈ: ਕ੍ਰਾਂਤੀਕਾਰੀ ਅਤੇ ਲੋਕਤੰਤਰੀ ਪਹਿਲਕਦਮੀ

ਡਿਜੀਟਲ ਭੁਗਤਾਨ ਨੂੰ ਉਤਪਾਦ ਦੀ ਥਾਂ ਜਨਤਕ ਬੁਨਿਆਦੀ ਢਾਂਚੇ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਸੋਚ ਨੇ ਭੁਗਤਾਨ ਨੂੰ ਤਤਕਾਲ, ਮੁਫ਼ਤ ਅਤੇ ਵਿਆਪਕ ਬਣਾਇਆ। ਯੂਪੀਆਈ ਨੇ ਭਾਰਤ ਦੇ ਡਿਜੀਟਲ ਭੁਗਤਾਨ ਲੈਂਡਸਕੇਪ ਨੂੰ ਬਦਲ ਦਿੱਤਾ।

14. ਖੇਡ ਮਹਾਕੁੰਭ ਨਾਲ ਖੇਲੋ ਇੰਡੀਆ

ਪਿੰਡ ਅਤੇ ਸਕੂਲ ਪੱਧਰ ਤੱਕ ਮੁਕਾਬਲਿਆਂ ਦਾ ਵਿਸਤਾਰ ਕਰ ਕੇ ਹੁਨਰ ਪਛਾਣ ਨੂੰ ਵੱਡੇ ਸ਼ਹਿਰਾਂ ਅਤੇ ਚੁਣੀਆਂ ਹੋਈਆਂ ਅਕਾਦਮੀਆਂ ਤੋਂ ਬਾਹਰ ਲਿਆਂਦਾ ਗਿਆ। ਖੇਡਾਂ ਨੂੰ ਨੌਜਵਾਨ ਵਿਕਾਸ ਦਾ ਵਿਆਪਕ ਮਾਧਿਅਮ ਬਣਾਇਆ ਗਿਆ।

15. ਇੱਕ ਜ਼ਿਲ੍ਹਾ, ਇੱਕ ਉਤਪਾਦ (ਓਡੀਓਪੀ)

ਹਰ ਜ਼ਿਲ੍ਹੇ ਦੇ ਵਿਸ਼ੇਸ਼ ਉਤਪਾਦ ਨੂੰ ਬ੍ਰਾਂਡਿੰਗ, ਜੀਆਈ ਟੈਗ, ਈ-ਕਾਮਰਸ ਅਤੇ ਨਿਰਯਾਤ ਸਹਾਇਤਾ ਨਾਲ ਜੋੜ ਕੇ ਸਥਾਨਕ ਅਰਥਵਿਵਸਥਾ ਨੂੰ ਨਵੀਂ ਪਛਾਣ ਦਿੱਤੀ ਗਈ। ਕਾਰੀਗਰਾਂ ਅਤੇ ਕਿਸਾਨਾਂ ਦੇ ਲਈ ਬਜ਼ਾਰ ਦਾ ਦਾਇਰਾ ਵਧਿਆ।

16.ਖਾਹਿਸ਼ੀ ਜ਼ਿਲ੍ਹੇ ਅਤੇ ਵਾਈਬ੍ਰੈਂਟ ਵਿਲੇਜ

ਅਸਲ ਸਮੇਂ ਦੇ ਡੇਟਾ, ਰੈਕਿੰਗ ਅਤੇ ਯੋਜਨਾਵਾਂ ਤੋਂ ਪਛੜੇ ਖੇਤਰਾਂ ਵਿੱਚ ਮੁਕਾਬਲਾਤਮਕ ਵਿਕਾਸ ਦੀ ਸੋਚ ਲਿਆਂਦੀ ਗਈ। ਸਭ ਤੋਂ ਮੁਸ਼ਕਲ ਖੇਤਰਾਂ ਨੂੰ ਵੀ ਵਿਕਾਸ ਦੀ ਮੁੱਖ ਧਾਰਾ ਦਾ ਹਿੱਸਾ ਬਣਾਇਆ ਗਿਆ।

17. ਪਰੀਕਸ਼ਾ ਪੇ ਚਰਚਾ

ਸੰਵਾਦ ਦੀ ਨਵੀਂ ਪਰੰਪਰਾ ਸਥਾਪਿਤ ਹੋਈ। ਪ੍ਰੀਖਿਆ ਦੇ ਦਬਾਅ ਨੂੰ ਜਨਤਕ ਸੰਵਾਦ ਦਾ ਵਿਸ਼ਾ ਬਣਾ ਕੇ ਵਿਦਿਆਰਥੀਆਂ, ਸਰਪ੍ਰਸਤਾਂ ਅਤੇ ਅਧਿਆਪਕਾਂ ਦੇ ਨਾਲ ਸਿੱਧਾ ਸੰਵਾਦ ਸਥਾਪਿਤ ਕੀਤਾ ਗਿਆ। ਪ੍ਰੀਖਿਆ ਦੇ ਤਣਾਅ ਦੀ ਥਾਂ ਮੌਕੇ ਦੇ ਰੂਪ ਵਿੱਚ ਦੇਖਣ ਅਤੇ ਸਮੁੱਚੇ ਵਿਕਾਸ 'ਤੇ ਧਿਆਨ ਦੇਣ ਦੀ ਦਿਸ਼ਾ ਬਣੀ।



"ਦੇਸ਼ ਵਿੱਚ ਬਹੁਤ ਸਾਰੀਆਂ ਆਫ਼ਤਾਂ ਆਈਆਂ, ਇੰਨੇ ਵੱਡੇ-ਵੱਡੇ ਸਾਈਕਲੋਨ ਅਸੀਂ ਝੇਲੇ ਹਨ ਪਰ ਦੇਸ਼ ਨੇ ਬਹੁਤ ਮਜ਼ਬੂਤੀ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ।

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ



18. ਸਟੈਚੂ ਆਫ਼ ਯੂਨਿਟੀ

182 ਮੀਟਰ ਦੀ ਦੁਨੀਆ ਦੀ ਸਭ ਤੋਂ ਉੱਚੀ ਪ੍ਰਤਿਮਾ ਨੂੰ ਟੂਰਿਜ਼ਮ, ਮਨੋਰੰਜਨ ਅਤੇ ਸੰਮੇਲਨਾਂ ਨਾਲ ਜੋੜ ਕੇ ਆਰਥਿਕ ਗਤੀਵਿਧੀਆਂ ਦਾ ਕੇਂਦਰ ਬਣਾਇਆ ਗਿਆ। ਇਸ ਸਮਾਰਕ ਨੇ ਸਥਾਨਕ ਖੇਤਰਾਂ ਵਿੱਚ ਨਿਰੰਤਰ ਰੁਜ਼ਗਾਰ ਅਤੇ ਟੂਰਿਜ਼ਮ ਦਾ ਅਧਾਰ ਤਿਆਰ ਕੀਤਾ ਹੈ, ਜਿਸ ਦੇ ਨਤੀਜੇ ਸਦਕਾ ਪਹਿਲਾਂ ਸੱਤ ਵਰ੍ਹਿਆਂ ਵਿੱਚ ਹੀ ਟੂਰਿਸਟਾਂ ਦੀ ਸੰਖਿਆ 2.75 ਕਰੋੜ ਤੋਂ ਵੱਧ ਹੋ ਗਈ।

19. ਵੰਦੇ ਭਾਰਤ ਟ੍ਰੇਨਾਂ

ਸਵਦੇਸ਼ੀ ਡਿਜ਼ਾਈਨ ਅਤੇ ਨਿਰਮਾਣ ਦੀ ਸਮਰੱਥਾ ਦੇ ਨਾਲ ਆਧੁਨਿਕ ਰੇਲ ਯਾਤਰਾ ਨੂੰ ਨਵਾਂ ਰੂਪ ਦਿੱਤਾ ਗਿਆ। ਇਸ ਨੇ ਭਾਰਤ ਦੀ ਜਟਿਲ ਰੇਲ ਪ੍ਰਣਾਲੀਆਂ ਵਿੱਚ ਆਤਮਨਿਰਭਰ ਸਮਰੱਥਾ ਦੀ ਉਦਾਹਰਣ ਪੇਸ਼ ਕੀਤੀ। ਸਵਦੇਸ਼ੀ, ਸਹਿਜਤਾ, ਸੁਗਮਤਾ ਦਾ ਪ੍ਰਤੀਕ ਬਣੀ।

20. ਆਤਮਨਿਰਭਰ ਭਾਰਤ

ਰੱਖਿਆ, ਫਾਰਮਾਸਿਊਟੀਕਲਸ, ਸੈਮੀਕੰਡਕਟਰ, ਸੌਰ ਊਰਜਾ ਅਤੇ ਇਲੈਕਟ੍ਰੌਨਿਕਸ ਜਿਹੇ ਖੇਤਰਾਂ ਵਿੱਚ ਸਮਾਂਬੱਧ ਸਮਰੱਥਾ ਨਿਰਮਾਣ 'ਤੇ ਜ਼ੋਰ ਦਿੱਤਾ ਗਿਆ। ਉਤਪਾਦਨ ਅਧਾਰਿਤ ਪ੍ਰੋਤਸਾਹਨ ਨੇ ਆਤਮ-ਨਿਰਭਰਤਾ ਨੂੰ ਮੁਕਾਬਲੇ ਦੇ ਨਾਲ ਜੋੜਿਆ। ਆਤਮ-ਨਿਰਭਰਤਾ ਦੀ ਤਾਕੀਦ ਜਨ ਅੰਦੋਲਨ ਬਣ ਗਿਆ।

21. ਸਥਾਨਕ ਉਤਪਾਦਾਂ ਨੂੰ ਪ੍ਰੋਤਸਾਹਨ

'ਵੋਕਲ ਫੌਰ ਲੋਕਲ' ਨੇ ਉਪਭੋਗਤਾਵਾਂ ਨੂੰ ਸਥਾਨਕ ਉਤਪਾਦਾਂ ਨੂੰ ਪ੍ਰਾਥਮਿਕਤਾ ਦੇਣ ਦੀ ਤਾਕੀਦ ਕੀਤੀ। ਇਸ ਨਾਲ ਕਾਰੀਗਰਾਂ, ਹੈਂਡਲੂਮ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਮੰਗ ਅਤੇ ਬਜ਼ਾਰ ਨਾਲ ਜੋੜਨ ਦੀ ਸੋਚ ਸਾਹਮਣੇ ਆਈ।

22. ਮਿਸ਼ਨ ਲਾਈਫ: ਵਾਤਾਵਰਣ ਦੇ ਅਨੁਕੂਲ ਜੀਵਨਸ਼ੈਲੀ

ਜਲਵਾਯੂ ਪਰਿਵਰਤਨ ਦੇ ਹੱਲ ਨੂੰ ਸਰਕਾਰਾਂ ਅਤੇ ਉਦਯੋਗਾਂ ਨਾਲ ਅੱਗੇ ਵਧਾ ਕੇ ਵਿਅਕਤੀ ਦੀ ਜੀਵਨਸ਼ੈਲੀ ਨਾਲ ਜੋੜਿਆ ਗਿਆ। ਸੁਚੇਤ ਅਤੇ ਸੰਜਮ ਖਪਤ ਨੂੰ ਸਾਂਝੀ ਜ਼ਿੰਮੇਦਾਰੀ ਦੇ ਰੂਪ ਵਿੱਚ ਸਾਹਮਣੇ ਰੱਖਿਆ ਗਿਆ।

23. ਸ਼੍ਰੀ ਅੰਨ (ਮਿਲਟਸ)

ਬਾਜਰਾ, ਜਵਾਰ ਅਤੇ ਰਾਗੀ ਜਿਹੀਆਂ ਰਵਾਇਤੀ ਫਸਲਾਂ ਨੂੰ ਉਤਪਾਦਨ ਸਹਾਇਤਾ, ਜਨਤਕ ਵੰਡ ਪ੍ਰਣਾਲੀ, ਸਕੂਲੀ ਭੋਜਨ ਅਤੇ ਨਿਰਯਾਤ ਪ੍ਰੋਤਸਾਹਨ ਨਾਲ ਜੋੜ ਕੇ ਪੋਸ਼ਣ ਅਤੇ ਜਲਵਾਯੂ-ਅਨੁਕੂਲ ਖੇਤੀਬਾੜੀ ਨੂੰ ਹੁਲਾਰਾ ਦਿੱਤਾ ਗਿਆ। ਭਾਰਤ ਦੇ ਪ੍ਰਸਤਾਵ 'ਤੇ ਸੰਯੁਕਤ ਰਾਸ਼ਟਰ ਨੇ 2023 ਨੂੰ 'ਇੰਟਰਨੈਸ਼ਨਲ ਈਅਰ ਆਫ਼ ਮਿਲਟਸ' ਐਲਾਨ ਕੀਤਾ, ਜਿਸ ਨਾਲ ਮੀਂਹ ਅਧਾਰਿਤ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਇੱਕ ਲਾਭਦਾਇਕ ਫਸਲ ਮਿਲੀ।

24. ਨਾਰੀ ਸ਼ਕਤੀ ਵੰਦਨ ਅਧਿਨਿਯਮ

ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਦੇ ਲਈ ਇੱਕ-ਤਿਹਾਈ ਸੀਟਾਂ ਦੇ ਰਾਖਵੇਂ ਦਾ ਪ੍ਰਾਵਧਾਨ ਮਹਿਲਾਵਾਂ ਦੀ ਰਾਜਨੀਤਕ ਪ੍ਰਤੀਨਿਧਤਾ ਨੂੰ ਸੰਸਥਾਗਤ ਅਧਾਰ ਦਿੰਦਾ ਹੈ। ਪੰਚਾਇਤ ਤੋਂ ਸੰਸਦ ਤੱਕ ਮਹਿਲਾ-ਅਗਵਾਈ ਵਾਲੇ ਵਿਕਾਸ ਦੀ ਦਿਸ਼ਾ ਮਜ਼ਬੂਤ ਹੋਈ।

25. ਸ਼ਾਂਤੀ ਰਾਹੀਂ ਭਾਰਤ ਦੀ ਪਰਮਾਣੂ ਊਰਜਾ ਨੂੰ ਮੁੜ ਸੁਰਜੀਤ

ਸਿਵਿਲ ਨਿਊਕਲੀਅਰ ਐਨਰਜੀ ਸੈਕਟਰ ਨੂੰ ਆਧੁਨਿਕ ਜਵਾਬਦੇਹੀ ਅਤੇ ਰੈਗੂਲੇਟਰੀ ਢਾਂਚੇ ਦੇ ਤਹਿਤ ਨਿਜੀ ਅਤੇ ਵਿਦੇਸ਼ੀ ਭਾਗੀਦਾਰੀ ਦੇ ਲਈ ਖੋਲ੍ਹਣ ਦੀ ਸੋਚ ਸਾਹਮਣੇ ਆਈ। ਇਸ ਨਾਲ ਊਰਜਾ ਸੁਰੱਖਿਆ, ਸਵੱਛ ਬੇਸ-ਲੋਡ ਬਿਜਲੀ ਅਤੇ ਦੀਰਘਕਾਲੀ ਸਮਰੱਥਾ ਵਿਸਤਾਰ ਦੀ ਦਿਸ਼ਾ ਵਿੱਚ ਨਵਾਂ ਮਿਆਰ ਸਥਾਪਿਤ ਕਰਨ ਦਾ ਯਤਨ ਹੋਇਆ।





25 ਵਿਚਾਰ ਜਿਨ੍ਹਾਂ ਨੇ ਬਦਲੀ ਦਿਸ਼ਾ ਅਤੇ ਪ੍ਰਕਿਰਿਆਵਾਂ

25 ਵਰ੍ਹਿਆਂ ਦੀ ਸੁਸ਼ਾਸਨ ਯਾਤਰਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਈ ਅਜਿਹੇ ਵਿਚਾਰ ਅਤੇ ਸੰਸਥਾਗਤ ਪਹਿਲਕਦਮੀਆਂ ਨੂੰ ਰਾਜ ਤੋਂ ਲੈ ਕੇ ਰਾਸ਼ਟਰ ਤੱਕ ਸਾਹਮਣੇ ਰੱਖਿਆ, ਜੋ ਸਿਰਫ਼ ਯੋਜਨਾਵਾਂ ਨਹੀਂ ਬਣੀਆਂ, ਸਗੋਂ ਕਾਰਜਸ਼ੈਲੀ ਦੇ ਤੌਰ-ਤਰੀਕਿਆਂ ਵਿੱਚ ਬਦਲਾਅ ਦੀ ਦਿਸ਼ਾ ਨਿਰਧਾਰਿਤ ਕਰ ਦਿੱਤੀ। ਇਨ੍ਹਾਂ ਪਹਿਲਕਦਮੀਆਂ ਵਿੱਚ ਵਿਵਸਥਾ ਨੂੰ ਸਿਰਫ਼ ਚਲਾਉਣ ਦਾ ਨਹੀਂ, ਸਗੋਂ ਉਸ ਨੂੰ ਸੰਸਥਾਗਤ ਤੌਰ 'ਤੇ ਬਦਲਣਾ ਟੀਚਾ ਰਿਹਾ ਹੈ। ਇਸ ਨਾਲ ਕਿਤੇ ਜ਼ਿੰਮੇਵਾਰੀ ਸਰਕਾਰ ਤੋਂ ਭਾਈਚਾਰੇ ਤੱਕ ਪਹੁੰਚੀ, ਕਿਤੇ ਨਾਗਰਿਕ ਨੀਤੀ ਪ੍ਰਕਿਰਿਆ ਦੇ ਭਾਗੀਦਾਰ ਬਣੇ, ਕਿਤੇ ਤਕਨੀਕ ਨੂੰ ਪਬਲਿਕ ਅਧਾਰ ਬਣਾਇਆ ਗਿਆ ਅਤੇ ਕਿਤੇ ਰਾਸ਼ਟਰੀ ਯਤਨਾਂ ਨੂੰ ਅੰਤਰਰਾਸ਼ਟਰੀ ਪਲੈਟਫਾਰਮ ਮਿਲਿਆ।

1. **ਜਲ ਅਤੇ ਸਵੱਛਤਾ ਪ੍ਰਬੰਧਨ ਸੰਗਠਨ (ਡਬਲਿਊਏਐੱਸਐੱਮਓ), ਗੁਜਰਾਤ (2003):** ਗ੍ਰਾਮੀਣ ਜਲ ਯੋਜਨਾਵਾਂ ਦੀ ਜ਼ਿੰਮੇਵਾਰੀ ਸਰਕਾਰ ਤੋਂ ਪਿੰਡਾਂ ਤੱਕ ਪਹੁੰਚੀ। ਪਾਣੀ ਕਮੇਟੀਆਂ ਨੂੰ ਯੋਜਨਾ, ਨਿਰਮਾਣ, ਸੰਚਾਲਨ ਅਤੇ ਰੱਖ-ਰਖਾਅ ਦੀ ਜ਼ਿੰਮੇਵਾਰੀ ਮਿਲੀ। ਮਹਿਲਾਵਾਂ ਦੀ ਭਾਗੀਦਾਰੀ ਨੇ ਇਸ ਨੂੰ ਕਮਿਊਨਿਟੀ ਮਾਡਲ ਬਣਾਇਆ, ਜਿਸ ਨੂੰ ਬਾਅਦ ਵਿੱਚ ਜਲ ਜੀਵਨ ਮਿਸ਼ਨ ਵਿੱਚ ਵੀ ਅਪਣਾਇਆ ਗਿਆ।
2. **ਐੱਸਡੀਐੱਮਏ (2003):** ਭੁਜ ਭੂਚਾਲ ਤੋਂ ਬਾਅਦ ਗੁਜਰਾਤ ਨੇ ਆਫ਼ਤ ਪ੍ਰਬੰਧਨ ਨੂੰ ਸਿਰਫ਼ ਰਾਹਤ ਤੱਕ ਸੀਮਤ ਰੱਖਣ ਦੀ ਬਜਾਏ ਤਿਆਰੀ, ਸਮਰੱਥਾ ਨਿਰਮਾਣ ਅਤੇ ਜੋਖ਼ਮ ਘੱਟ ਕਰਨ ਲਈ ਕਾਨੂੰਨੀ ਸੰਸਥਾਗਤ ਢਾਂਚਾ ਬਣਾਇਆ। 2005 ਵਿੱਚ ਇਸੇ ਦਿਸ਼ਾ ਵਿੱਚ ਰਾਸ਼ਟਰੀ ਪੱਧਰ 'ਤੇ ਵਿਵਸਥਾ ਬਣੀ।
3. **ਵਿਸ਼ੇਸ਼ ਖੇਤਰਾਂ ਦੀਆਂ ਯੂਨੀਵਰਸਿਟੀਆਂ:** ਫੋਰੈਂਸਿਕ ਸਾਇੰਸ, ਅੰਦਰੂਨੀ ਸੁਰੱਖਿਆ, ਊਰਜਾ, ਖੇਡਾਂ, ਸਿੱਖਿਆ, ਸੱਭਿਆਚਾਰ ਅਤੇ ਯੋਗ ਵਰਗੇ ਖੇਤਰਾਂ ਦੇ ਲਈ ਵੱਖਰੇ ਸੰਸਥਾਨ ਅਤੇ ਯੂਨੀਵਰਸਿਟੀਆਂ ਬਣਾਈਆਂ ਗਈਆਂ। ਇਸ ਨਾਲ ਵਿਸ਼ੇਸ਼ ਜ਼ਰੂਰਤਾਂ ਦੇ ਅਨੁਸਾਰ ਪ੍ਰਤਿਭਾ ਤਿਆਰ ਕਰਨ ਦਾ ਸੰਸਥਾਗਤ ਅਧਾਰ ਬਣਿਆ।
4. **ਗਿਫਟ ਸਿਟੀ (2007):** ਭਾਰਤ ਵਿੱਚ ਅੰਤਰਰਾਸ਼ਟਰੀ ਵਿੱਤੀ ਸੇਵਾਵਾਂ ਦੇ ਲਈ ਇੱਕ ਗ੍ਰੀਨਫੀਲਡ ਕੇਂਦਰ ਵਿਕਸਿਤ ਕੀਤਾ ਗਿਆ। ਅੰਤਰਰਾਸ਼ਟਰੀ ਮਿਆਰਾਂ ਦੇ ਅਨੁਸਾਰ ਵਿਵਸਥਾ ਅਤੇ ਸਿੰਗਲ ਰੈਗੂਲੇਟਰ ਦੇ ਜ਼ਰੀਏ ਭਾਰਤ ਵਿੱਚ ਗਲੋਬਲ ਵਿੱਤੀ ਗਤੀਵਿਧੀਆਂ ਲਈ ਨਵਾਂ ਮੰਚ ਤਿਆਰ ਹੋਇਆ।
5. **ਵੱਖਰਾ ਜਲਵਾਯੂ ਪਰਿਵਰਤਨ ਵਿਭਾਗ (2009):** ਜਲਵਾਯੂ ਪਰਿਵਰਤਨ ਨੂੰ ਸਥਾਈ ਸਰਕਾਰੀ ਜ਼ਿੰਮੇਵਾਰੀ ਬਣਾਇਆ ਗਿਆ। ਨਵਿਆਉਣਯੋਗ ਊਰਜਾ, ਜਲ ਸੰਭਾਲ, ਨਿਕਾਸ ਵਿੱਚ ਕਮੀ ਅਤੇ ਜਲਵਾਯੂ-ਅਨੁਕੂਲ ਯੋਜਨਾ ਦੇ ਲਈ ਵੱਖਰਾ ਬਜਟ ਅਤੇ ਪ੍ਰਸ਼ਾਸਨਿਕ ਵਿਵਸਥਾ ਬਣੀ।
6. **ਮਾਈ ਗੌਵ (2014):** ਨਾਗਰਿਕਾਂ ਨੂੰ ਨੀਤੀ ਨਿਰਮਾਣ ਵਿੱਚ ਸੁਝਾਅ, ਚਰਚਾ, ਸਰਵੇ ਅਤੇ ਆਈਡੀਆ ਕੈਂਪੇਨ ਦੇ ਜ਼ਰੀਏ ਭਾਗੀਦਾਰੀ ਦਾ ਸਥਾਈ ਡਿਜੀਟਲ ਪਲੈਟਫਾਰਮ ਮਿਲਿਆ। ਜਨਤਾ ਦੀ ਭੂਮਿਕਾ ਦਰਸ਼ਕ ਤੋਂ ਭਾਗੀਦਾਰ ਵੱਲ ਵਧੀ।
7. **ਨੀਤੀ ਆਯੋਗ (2015):** ਪਲਾਨਿੰਗ ਕਮਿਸ਼ਨ ਦੀ ਜਗ੍ਹਾ ਨੀਤੀ ਆਯੋਗ ਨੇ ਲੈ ਲਈ। ਰਾਜਾਂ ਦੇ ਨਾਲ ਸੰਵਾਦ, ਸਟੇਟ ਸਪੋਰਟ ਮਿਸ਼ਨ ਅਤੇ ਖਾਹਿਸ਼ੀ ਜ਼ਿਲ੍ਹਾ ਪ੍ਰੋਗਰਾਮ ਦੇ ਜ਼ਰੀਏ ਨੀਤੀ ਨਿਰਮਾਣ ਨੂੰ ਨਤੀਜਿਆਂ ਅਤੇ ਸਹਿਕਾਰੀ ਸੰਘਵਾਦ ਨਾਲ ਜੋੜਿਆ ਗਿਆ।
8. **ਪ੍ਰਗਤੀ (2015):** ਅਟਕੇ ਹੋਏ ਪ੍ਰੋਜੈਕਟਾਂ ਦੀ ਸਮੀਖਿਆ ਦੇ ਲਈ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿੱਚ ਇੱਕ ਅਜਿਹੀ ਵਿਵਸਥਾ ਬਣੀ, ਜਿਸ ਵਿੱਚ ਕੇਂਦਰ ਅਤੇ ਰਾਜ ਦੇ ਅਧਿਕਾਰੀ ਇੱਕੋ ਸਮੇਂ ਜਵਾਬਦੇਹ ਹੁੰਦੇ ਹਨ। ਪ੍ਰੋਜੈਕਟਾਂ ਦੀ ਪ੍ਰਗਤੀ ਅਤੇ ਸਮੱਸਿਆਵਾਂ ਇੱਕ ਹੀ ਪਲੈਟਫਾਰਮ 'ਤੇ ਦਿਖਾਈ ਦੇਣ ਲੱਗੀਆਂ।





9. ਇੰਟਰਨੈਸ਼ਨਲ ਸੌਲਰ ਅਲਾਇੰਸ (2015): ਭਾਰਤ ਅਤੇ ਫਰਾਂਸ ਦੀ ਪਹਿਲਕਦਮੀ ਨਾਲ ਸੌਰ ਊਰਜਾ ਦੇ ਲਈ ਸੰਧੀ-ਅਧਾਰਿਤ ਅੰਤਰਰਾਸ਼ਟਰੀ ਸੰਗਠਨ ਬਣਿਆ। ਸਾਂਝੀ ਖਰੀਦ, ਮਿਆਰ, ਪ੍ਰੋਜੈਕਟ ਤਿਆਰੀ ਅਤੇ ਫੰਡਿੰਗ ਦੇ ਜ਼ਰੀਏ ਸੌਰ ਊਰਜਾ ਨੂੰ ਗਲੋਬਲ ਸਹਿਯੋਗ ਦਾ ਅਧਾਰ ਮਿਲਿਆ।

10. ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ (2016): ਆਧਾਰ, ਯੂਪੀਆਈ ਅਤੇ ਅਕਾਊਂਟ ਐਗ੍ਰੀਗੇਟਰ ਜਿਹੇ ਖੁੱਲ੍ਹੇ ਡਿਜੀਟਲ ਢਾਂਚੇ ਤਿਆਰ ਕੀਤੇ ਗਏ, ਜਿਨ੍ਹਾਂ 'ਤੇ ਬੈਂਕ, ਸਟਾਰਟਅੱਪਸ ਅਤੇ ਸਰਕਾਰਾਂ ਨਵੀਆਂ ਸੇਵਾਵਾਂ ਬਣਾ ਸਕਦੀਆਂ ਹਨ। ਪਬਲਿਕ ਡਿਜੀਟਲ ਸੁਵਿਧਾਵਾਂ ਇੱਕ ਸਾਂਝਾ ਅਧਾਰ ਬਣ ਗਈਆਂ।

11. ਜੀਈਐੱਮ (2016): ਸਰਕਾਰੀ ਖਰੀਦ ਨੂੰ ਇੱਕ ਸਾਂਝੇ ਔਨਲਾਈਨ ਪਲੈਟਫਾਰਮ 'ਤੇ ਲਿਆ ਕੇ ਕੀਮਤਾਂ, ਉਤਪਾਦਾਂ ਅਤੇ ਵਿਕ੍ਰੇਤਾਵਾਂ ਨੂੰ ਪਾਰਦਰਸ਼ਿਤਾ ਵਧਾਈ ਗਈ। ਖਰੀਦ ਵਿਵਸਥਾ ਨੂੰ ਵਿਚੌਲਿਆਂ ਅਤੇ ਸੀਮਤ ਮੁਕਾਬਲਿਆਂ ਤੋਂ ਕੱਢ ਕੇ ਖੁੱਲ੍ਹੇ ਡਿਜੀਟਲ ਬਜ਼ਾਰ ਵੱਲ ਲਿਜਾਇਆ ਗਿਆ।

12. ਇਨਸੌਲਵੈਂਸੀ ਅਤੇ ਬੈਂਕਰਪਸੀ ਕੋਡ (2016): ਡਿਫੌਲਟ ਨਾਲ ਜੁੜੀਆਂ ਲੰਬੀਆਂ ਅਤੇ ਬਿਖਰੀਆਂ ਪ੍ਰਕਿਰਿਆਵਾਂ ਦੀ ਥਾਂ ਸਮਾਂਬੱਧ ਅਤੇ ਲੈਣਦਾਰ-ਕੰਟਰੋਲ ਵਿਵਸਥਾ ਲਿਆਂਦੀ ਗਈ। ਇਸ ਨਾਲ ਕ੍ਰੈਡਿਟ ਅਨੁਸ਼ਾਸਨ ਨੂੰ ਸੰਸਥਾਗਤ ਅਧਾਰ ਮਿਲਿਆ।

13. ਅਟਲ ਇਨੋਵੇਸ਼ਨ ਮਿਸ਼ਨ (2016) : ਨਵੀਨਤਾ ਨੂੰ ਸਕੂਲੀ ਪੱਧਰ ਤੱਕ ਪਹੁੰਚਾਉਣ ਲਈ ਅਟਲ ਟਿੰਕਰਿੰਗ ਲੈਬਸ ਅਤੇ ਸਟਾਰਟਅੱਪਸ ਲਈ ਅਟਲ ਇਨਕਿਊਬੇਸ਼ਨ ਸੈਂਟਰ ਬਣਾਏ ਗਏ। ਇਨੋਵੇਸ਼ਨ ਦੀ ਸੋਚ ਨੂੰ ਵਿਆਪਕ ਪੱਧਰ 'ਤੇ ਹੁਲਾਰਾ ਮਿਲਿਆ। ਹੁਣ ਤੱਕ 10,000 ਲੈਬਸ ਬਣਾਈਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 60 ਪ੍ਰਤੀਸ਼ਤ ਸਰਕਾਰੀ ਸਕੂਲਾਂ ਵਿੱਚ ਅਤੇ ਅੱਧੇ ਤੋਂ ਵੱਧ ਗ੍ਰਾਮੀਣ ਇਲਾਕਿਆਂ ਵਿੱਚ ਹਨ।



14. ਰੇਰਾ: (2016) : ਰੀਅਲ ਅਸਟੇਟ ਖੇਤਰ ਵਿੱਚ ਖਰੀਦਦਾਰਾਂ ਦੇ ਅਧਿਕਾਰਾਂ ਨੂੰ ਕਾਨੂੰਨੀ ਸੁਰੱਖਿਆ ਮਿਲੀ। ਪ੍ਰੋਜੈਕਟ ਰਜਿਸਟ੍ਰੇਸ਼ਨ, ਵੱਖਰੇ ਖਾਤੇ ਵਿੱਚ ਖਰੀਦਦਾਰਾਂ ਦੀ ਰਕਮ ਅਤੇ ਵਿਵਾਦ ਨਿਪਟਾਰੇ ਦੀ ਵਿਵਸਥਾ ਨੇ ਜਵਾਬਦੇਹੀ ਵਧਾਈ।

15. ਜੀਐੱਸਟੀ ਕੌਂਸਲ (2016): ਕੇਂਦਰ ਅਤੇ ਰਾਜਾਂ ਨੂੰ ਇੱਕ ਸੰਵਿਧਾਨਕ ਸੰਸਥਾ ਦੇ ਮਾਧਿਅਮ ਨਾਲ ਸਾਂਝਾ ਕਰਕੇ ਵਿਵਸਥਾ ਤੈਅ ਕਰਨ ਦਾ ਪਲੈਟਫਾਰਮ ਮਿਲਿਆ। ਜੀਐੱਸਟੀ ਨੇ ਵੱਖ-ਵੱਖ ਅਪ੍ਰਤੱਖ ਟੈਕਸਾਂ ਦੀ ਥਾਂ ਇੱਕ ਸਾਂਝੇ ਰਾਸ਼ਟਰੀ ਬਜ਼ਾਰ ਦੀ ਦਿਸ਼ਾ ਵਿੱਚ ਬਦਲਾਅ ਕੀਤਾ।

16. ਓਬੀਸੀ ਸੰਵਿਧਾਨਕ ਕਮਿਸ਼ਨ (2018): ਰਾਸ਼ਟਰੀ ਪਿਛੜਾ ਵਰਗ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਦੇ ਕੇ ਉਸ ਦੀ ਸੰਸਥਾਗਤ ਸਥਿਤੀ ਮਜ਼ਬੂਤ ਕੀਤੀ ਗਈ। ਇਸ ਨਾਲ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਸਥਾਈ ਸੰਸਥਾਗਤ ਆਵਾਜ਼ ਮਿਲੀ।

17. ਚੀਫ ਆਫ਼ ਡਿਫੈਂਸ ਸਟਾਫ (2019): ਤਿੰਨੋਂ ਸੈਨਾਵਾਂ ਦਰਮਿਆਨ ਬਿਹਤਰ ਤਾਲਮੇਲ ਦੇ ਲਈ ਸੀਡੀਐੱਸ ਦਾ ਅਹੁਦਾ ਅਤੇ ਮਿਲਟਰੀ ਮਾਮਲਿਆਂ ਦਾ ਵਿਭਾਗ ਬਣਾਇਆ ਗਿਆ। ਲੰਬੇ ਸਮੇਂ ਤੋਂ ਸੁਝਾਏ ਜਾ ਰਹੇ ਸੰਯੁਕਤ ਮਿਲਟਰੀ ਢਾਂਚੇ ਨੂੰ ਸੰਸਥਾਗਤ ਰੂਪ ਮਿਲਿਆ।


18. ਸੀਡੀਆਰਆਈ (2019): ਭਾਰਤ ਦੀ ਪਹਿਲ 'ਤੇ ਆਫ਼ਤ-ਪ੍ਰਤੀਰੋਧੀ ਇਨਫ੍ਰਾਸਟ੍ਰਕਚਰ ਦੇ ਲਈ ਅੰਤਰਰਾਸ਼ਟਰੀ ਗਠਬੰਧਨ ਬਣਿਆ। ਖੋਜ, ਤਕਨੀਕੀ ਸਹਿਯੋਗ ਅਤੇ ਮਜ਼ਬੂਤ ਨਿਰਮਾਣ ਮਿਆਰਾਂ ਦੇ ਜ਼ਰੀਏ ਪ੍ਰਤੀਰੋਧੀ ਸਮਰੱਥਾ ਨੂੰ ਸਾਂਝੀ ਵਿਸ਼ਵਵਿਆਪੀ ਤਰਜੀਹ ਬਣਾਇਆ ਗਿਆ।

19. IN-SPACe ਪੁਲਾੜ ਖੇਤਰ ਵਿੱਚ ਨਿਜੀ ਕੰਪਨੀਆਂ ਨੂੰ ਹੁਲਾਰਾ (2020): ਪੁਲਾੜ ਖੇਤਰ ਵਿੱਚ ਨਿਜੀ ਕੰਪਨੀਆਂ ਦੇ ਲਈ ਸਿੰਗਲ-ਵਿੰਡੋ ਵਿਵਸਥਾ ਬਣੀ। ਇਸ ਨਾਲ ਨਿਜੀ ਖੇਤਰ ਨੂੰ ਲਾਂਚ, ਸੈਟੇਲਾਈਟ, ਪ੍ਰੀਖਣ ਸੁਵਿਧਾਵਾਂ ਅਤੇ ਪੁਲਾੜ ਸੇਵਾਵਾਂ ਵਿੱਚ ਅੱਗੇ ਵਧਣ ਦਾ ਸੰਸਥਾਗਤ ਰਸਤਾ ਮਿਲਿਆ।



20. ਮਿਸ਼ਨ ਕਰਮਯੋਗੀ- iGOT (2020): ਸਿਵਿਲ ਸੇਵਕਾਂ ਦੇ ਟ੍ਰੇਨਿੰਗ ਦੇ ਅਹੁਦੇ ਅਤੇ ਸੀਨੀਅਰਤਾ ਅਧਾਰਿਤ ਵਿਵਸਥਾ ਤੋਂ ਨਿਕਲ ਕੇ ਲਗਾਤਾਰ ਸਮਰੱਥਾ-ਅਧਾਰਿਤ ਸਿਖਲਾਈ ਨਾਲ ਜੋੜਿਆ ਗਿਆ। ਅਧਿਕਾਰੀਆਂ ਨੂੰ ਉਨ੍ਹਾਂ ਦੇ ਕੰਮ ਦੇ ਅਨੁਸਾਰ ਡਿਜੀਟਲ ਟ੍ਰੇਨਿੰਗ ਉਪਲਬਧ ਕਰਵਾਈ ਗਈ।

21. ਸਹਿਕਾਰਤਾ ਮੰਤਰਾਲਾ (2021): ਸਹਿਕਾਰੀ ਖੇਤਰ ਦੇ ਲਈ ਵੱਖਰਾ ਮੰਤਰਾਲਾ ਬਣਾ ਕੇ ਰਾਸ਼ਟਰੀ ਸਹਿਕਾਰਤਾ ਡੇਟਾਬੇਸ, ਬਹੁ-ਰਾਜੀ ਸਹਿਕਾਰੀ ਢਾਂਚੇ ਅਤੇ ਪੀਏਸੀਐੱਸ ਦੇ ਕੰਪਿਊਟਰੀਕਰਣ ਜਿਹੀਆਂ ਪਹਿਲਕਦਮੀਆਂ ਨੂੰ ਸੰਸਥਾਗਤ ਅਧਾਰ ਦਿੱਤਾ ਗਿਆ।



22.ਅਗਨੀਪਥ ਯੋਜਨਾ (2022)

ਅਗਨੀਪਥ ਵਿਵਸਥਾ ਦੇ ਜ਼ਰੀਏ ਜਵਾਨਾਂ ਦੀ ਭਰਤੀ ਅਤੇ ਸੇਵਾ ਢਾਂਚੇ ਵਿੱਚ ਬਦਲਾਅ ਕੀਤਾ ਗਿਆ। ਚਾਰ ਵਰ੍ਹਿਆਂ ਦੀ ਸੇਵਾ, ਚੁਣੇ ਹੋਏ ਜਵਾਨਾਂ ਨੂੰ ਅੱਗੇ ਬਣਾਈ ਰੱਖਣ ਅਤੇ ਹੋਰ ਮੌਕਿਆਂ ਦੇ ਪ੍ਰਾਵਧਾਨ ਦੇ ਜ਼ਰੀਏ ਸੈਨਾ ਨੂੰ ਲੰਬੇ ਸਮੇਂ ਦੇ ਲਈ ਵੱਧ ਨੌਜਵਾਨ ਬਣਾਉਣ ਦੀ ਦਿਸ਼ਾ ਤੈਅ ਹੋਈ।

ਨੌਜਵਾਨਾਂ ਲਈ ਹੁਨਰ, ਵਲੰਟੀਅਰਾਂ, ਅਗਵਾਈ ਅਤੇ ਸਥਾਨਕ ਵਿਕਾਸ ਨੂੰ ਸਾਂਝੇ ਪਲੈਟਫਾਰਮ 'ਤੇ ਲਿਆਂਦਾ ਗਿਆ। ਰਜਿਸਟ੍ਰੇਸ਼ਨ ਅਤੇ ਸਾਂਝੇ ਡੇਟਾਬੇਸ ਦੇ ਜ਼ਰੀਏ ਨੌਜਵਾਨਾਂ ਦੀ ਭਾਗੀਦਾਰੀ ਨੂੰ ਨਿਰੰਤਰ ਸਰੂਪ ਮਿਲਿਆ।

24. ਇੰਟਰਨੈਸ਼ਨਲ ਬਿਗ ਕੈਟ ਅਲਾਇੰਸ (2023)

ਸੱਤ ਬਿਗ ਕੈਟਸ ਦੀ ਸੁਰੱਖਿਆ ਲਈ ਸਾਂਝਾ ਅੰਤਰਰਾਸ਼ਟਰੀ ਪਲੈਟਫਾਰਮ ਬਣਾਇਆ ਗਿਆ। ਖੋਜ, ਨਿਗਰਾਨੀ, ਗੈਰ-ਕਾਨੂੰਨੀ ਸ਼ਿਕਾਰ ਰੋਕਣ ਅਤੇ ਅਨੁਭਵ ਸਾਂਝੇ ਕਰਨ ਦੇ ਜ਼ਰੀਏ ਜੰਗਲੀ ਜੀਵ ਸੰਭਾਲ ਨੂੰ ਸੰਸਥਾਗਤ ਸਹਿਯੋਗ ਮਿਲਿਆ।

25. ਗਲੋਬਲ ਬਾਇਓ-ਫਿਊਲਜ਼ ਅਲਾਇੰਸ (2023)

ਭਾਰਤ, ਬ੍ਰਾਜ਼ੀਲ ਅਤੇ ਅਮਰੀਕਾ ਦੀ ਪਹਿਲ ਨਾਲ ਬਾਇਓ-ਫਿਊਲ ਦੇ ਲਈ ਸਾਂਝਾ ਅੰਤਰਰਾਸ਼ਟਰੀ ਪਲੈਟਫਾਰਮ ਬਣਿਆ। ਸਾਂਝੀਆਂ ਮਿਆਰਾਂ, ਤਕਨੀਕ ਅਤੇ ਵਪਾਰ ਦੇ ਜ਼ਰੀਏ ਗਲੋਬਲ ਊਰਜਾ ਬਦਲਾਅ ਨੂੰ ਗਤੀ ਦੇਣ ਦਾ ਯਤਨ ਹੋਇਆ।

"ਪੌਲਿਸੀ ਅਤੇ ਗਵਰਨੈਂਸ ਨਾਲ ਜੁੜੇ ਈਕੋਸਿਸਟਮ ਵਿੱਚ ਮੈਨੂੰ ਹੁਣ 25 ਵਰ੍ਹੇ ਪੂਰੇ ਹੋਣ ਵਾਲੇ ਹਨ। ਜਿਨ੍ਹਾਂ ਨੇ ਵੀ ਮੈਨੂੰ ਇਨ੍ਹਾਂ ਵਰ੍ਹਿਆਂ ਵਿੱਚ ਦੇਖਿਆ ਹੈ, ਉਹ ਜਾਣਦੇ ਹਨ, ਮੋਦੀ ਇੱਕ ਪੜਾਅ 'ਤੇ ਪਹੁੰਚ ਕੇ, ਜਸ਼ਨ ਮਨਾ ਕੇ ਸੰਤੁਸ਼ਟ ਹੋਣ ਵਾਲਿਆਂ ਵਿੱਚੋਂ ਨਹੀਂ ਹੈ। ਜਦੋਂ ਇੱਕ ਟੀਚਾ ਪ੍ਰਾਪਤ ਹੁੰਦਾ ਹੈ, ਤਾਂ ਮੈਂ ਉਸ ਤੋਂ ਵੀ ਵੱਡੇ ਟੀਚੇ ਦੀ ਤਿਆਰੀ ਵਿੱਚ ਜੁੱਟ ਜਾਂਦਾ ਹਾਂ।

–ਨਰੇਂਦਰ ਮੋਦੀ, ਪ੍ਰਧਾਨ ਮੰਤਰੀ



ਮੁੰਬਈ ਵਿੱਚ 'ਗਲੋਬਲ ਫਿਨਟੈੱਕ ਫੈਸਟ 2026' ਦਾ ਉਦਘਾਟਨ

ਯੂਪੀਆਈ... ਇੱਕ ਸੱਭਿਅਤਾ ਦੀ ਕਹਾਣੀ

ਭਾਰਤ ਦੀ ਫਿਨਟੈੱਕ ਸਟੋਰੀ ਬੇਮਿਸਾਲ ਰਹੀ ਹੈ। ਇਸ ਦਾ ਇੱਕ ਵੱਡਾ ਚੈਂਪੀਅਨ ਯੂਪੀਆਈ ਹੈ। ਯੂਪੀਆਈ ਸਿਰਫ਼ ਇੱਕ ਟੇਕ ਸਟੋਰੀ ਨਹੀਂ ਸਗੋਂ ਇੱਕ ਸਿਵਿਲਾਈਜ਼ੇਸ਼ਨ ਸਟੋਰੀ ਯਾਨੀ ਇੱਕ ਸੱਭਿਅਤਾ ਦੀ ਪੂਰੀ ਕਹਾਣੀ ਬਿਆਨ ਕਰਦਾ ਹੈ। 8 ਸਤੰਬਰ ਨੂੰ ਮੁੰਬਈ ਵਿੱਚ ਗਲੋਬਲ ਫਿਨਟੈੱਕ ਫੈਸਟ (ਜੀਐੱਫਐੱਫ) 2026 ਦੇ ਉਦਘਾਟਨ ਦੇ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਫਿਨਟੈੱਕ ਬਜ਼ਾਰ ਦਾ ਇੱਕ ਵੱਡਾ ਹਿੱਸਾ ਸਿਰਫ਼ ਪੇਮੈਂਟਸ ਦਾ ਹੈ ਲੇਕਿਨ ਹੁਣ ਸਾਨੂੰ, ਇੱਥੋਂ ਨੈਕਸਟ ਲੈਵਲ 'ਤੇ ਹੈ ਜਾਣਾ.....



ਤਕਨਾਲੋਜੀ, ਸਮਾਵੇਸ਼ ਦਾ ਸਭ ਤੋਂ ਪ੍ਰਭਾਵਸ਼ਾਲੀ ਟੂਲ ਹੈ ਅਤੇ ਯੂਪੀਆਈ ਨੇ ਇਹ ਕਰਕੇ ਦਿਖਾਇਆ ਹੈ। ਜਦੋਂ ਫਿਨਟੈੱਕ ਦੀ ਗੱਲ ਆਉਂਦੀ ਹੈ ਤਾਂ ਇਸ ਦਾ ਯੂਨਿਕ ਫੀਚਰ ਹੀ ਉੱਥੇ ਪਹੁੰਚਣ ਦਾ ਹੋਣਾ ਚਾਹੀਦਾ ਹੈ, ਜਿੱਥੇ ਟ੍ਰੈਡੀਸ਼ਨਲ ਮਾਡਲ ਨਹੀਂ ਪਹੁੰਚ ਪਾਏ। ਜਿੱਥੇ ਰਵਾਇਤੀ ਬੈਂਕ ਨਹੀਂ ਪਹੁੰਚ ਸਕੇ, ਜਿੱਥੇ ਬੈਂਕ ਬ੍ਰਾਂਚ ਨਹੀਂ ਪਹੁੰਚ ਪਾਈ। ਯੂਪੀਆਈ ਨੇ ਬੈਂਕਿੰਗ ਵਿਵਸਥਾ ਨੂੰ ਉਸ ਸਥਾਨ, ਉਸ ਵਿਅਕਤੀ ਤੱਕ ਪਹੁੰਚਾ ਦਿੱਤਾ ਹੈ। 'ਗਲੋਬਲ ਫਿਨਟੈੱਕ ਫੈਸਟ 2026' ਦੇ ਉਦਘਾਟਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਹੁਣ ਫਿਨਟੈੱਕ ਮਾਰਕਿਟ ਵਿੱਚ, ਪੇਮੈਂਟਸ ਦੇ ਨਾਲ-ਨਾਲ, ਕ੍ਰੈਡਿਟ ਟ੍ਰਾਂਜੈਕਸ਼ਨ ਦਾ ਹਿੱਸਾ ਵੀ ਵਧਣਾ ਚਾਹੀਦਾ ਹੈ, ਇੰਸ਼ੋਰੈਂਸ ਦਾ ਹਿੱਸਾ ਵਧਣਾ ਚਾਹੀਦਾ ਹੈ, ਸੇਵਿੰਗਸ, ਇਨਵੈਸਟਮੈਂਟਸ ਅਤੇ ਪੈਨਸ਼ਨ ਦਾ ਹਿੱਸਾ ਵਧਣਾ ਚਾਹੀਦਾ ਹੈ।

ਯੂਪੀਆਈ ਨੇ 25 ਅਗਸਤ ਨੂੰ ਹੀ 10 ਵਰ੍ਹੇ ਪੂਰੇ ਕੀਤੇ ਹਨ। ਪੀਐੱਮ ਮੋਦੀ ਨੇ ਕਿਹਾ ਕਿ 10 ਵਰ੍ਹੇ ਪਹਿਲਾਂ ਜਦੋਂ ਮੈਂ ਕਹਿੰਦਾ ਸੀ ਕਿ ਤੁਹਾਡਾ ਬੈਂਕ ਤੁਹਾਡੀ ਫਿੰਗਰ ਟਿਪਸ 'ਤੇ ਹੋਵੇਗਾ, ਤਾਂ ਕੁਝ ਲੋਕਾਂ ਨੂੰ ਇਹ ਅਸੰਭਵ ਲੱਗਦਾ ਸੀ। ਲੇਕਿਨ ਅੱਜ 10 ਵਰ੍ਹਿਆਂ ਬਾਅਦ ਦੇਖੋ, ਓਹੀ ਕਰੋੜਾਂ ਲੋਕ ਜੋ ਪੀੜ੍ਹੀਆਂ ਤੋਂ ਬੈਂਕਿੰਗ ਸਿਸਟਮ ਤੋਂ ਬਾਹਰ ਸਨ, ਉਹ ਭਾਰਤ ਵਿੱਚ ਫਿਨਟੈੱਕ ਗ੍ਰੋਥ ਦੇ ਵੱਡੇ ਡਰਾਈਵਰ ਬਣ ਗਏ ਹਨ।

ਭਾਰਤ ਦੀ ਤਰੱਕੀ ਨਾਲ ਦੁਨੀਆ ਨੂੰ ਮਿਲਿਆ ਨਵਾਂ ਭਰੋਸਾ

ਦੁਨੀਆ ਸੰਘਰਸ਼ਾਂ ਅਤੇ ਅਨਿਸ਼ਚਿਤਤਾ ਦੇ ਦੌਰ ਤੋਂ ਲੰਘ ਰਹੀ ਹੈ। ਊਰਜਾ ਅਤੇ ਕਮੋਡੀਟੀਜ਼ ਦੀ ਸਪਲਾਈ ਚੇਨ 'ਤੇ ਦਬਾਅ ਅਤੇ ਟ੍ਰੇਡ ਨੂੰ ਲੈ ਕੇ ਵੀ ਤਣਾਅ ਹੈ। ਇਹ ਸਥਿਤੀਆਂ ਕਈ ਮਹੀਨਿਆਂ ਤੋਂ ਬਣੀਆਂ ਹੋਈਆਂ ਹਨ। ਇਸ ਵਿੱਚ ਵੀ ਅਪ੍ਰੈਲ ਤੋਂ ਜੂਨ ਦਾ ਕੁਆਰਟਰ ਸਭ ਤੋਂ ਚੁਣੌਤੀਪੂਰਨ ਰਿਹਾ ਹੈ। ਇਸ ਵਿੱਚ ਜਦੋਂ ਭਾਰਤ 7.8% ਨਾਲ ਗ੍ਰੋਥ ਕਰਦਾ ਹੈ, ਤਾਂ ਦੁਨੀਆ ਨੂੰ ਇੱਕ ਨਵਾਂ ਭਰੋਸਾ ਮਿਲਦਾ ਹੈ। ਭਾਰਤ 'ਤੇ ਇਸ ਵਧਦੇ ਭਰੋਸੇ ਦੀ ਇੱਕ ਹੋਰ ਉਦਾਹਰਣ ਸਾਡੀ ਸੌਵਰੀਨ ਰੇਟਿੰਗਸ ਵੀ ਹੈ। ਹਾਲ ਹੀ ਵਿੱਚ, ਜਾਪਾਨ ਦੀ ਕ੍ਰੈਡਿਟ ਰੇਟਿੰਗ ਏਜੰਸੀ ਨੇ ਭਾਰਤ ਦੀ ਸਾਵਰੀਨ ਰੇਟਿੰਗਸ ਨੂੰ A-ਕੈਟੇਗਰੀ ਵਿੱਚ ਅੱਪਗ੍ਰੇਡ ਕੀਤਾ ਹੈ। ਇਹ ਮੌਕਾ ਤਿੰਨ ਦਹਾਕਿਆਂ ਤੋਂ ਬਾਅਦ ਆਇਆ ਹੈ। ਇਹ ਦਰਸਾਉਂਦਾ ਹੈ ਕਿ ਭਾਰਤ ਦੇ ਗ੍ਰੋਥ ਮੋਮੈਂਟਮ, ਮੈਕ੍ਰੋ-ਇਕਨੌਮਿਕ ਸਟੇਬਿਲਿਟੀ ਅਤੇ ਜੋ ਸਟ੍ਰਕਚਰਲ ਰਿਫੌਰਮਸ ਬੀਤੇ ਵਰ੍ਹਿਆਂ ਵਿੱਚ ਕੀਤੇ ਗਏ ਹਨ, ਉਨ੍ਹਾਂ ਸਭ ਨੂੰ ਲੈ ਕੇ ਦੁਨੀਆ ਕਿੰਨੀ ਬੇਫਿਕਰ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੈਂ ਫਿਰ ਕਹਾਂਗਾ ਕਿ ਭਾਰਤ ਦੀ ਇਹ ਰਿਫੌਰਮ ਐਕਸਪ੍ਰੈੱਸ ਹੋਰ ਤੇਜ਼ ਰਫ਼ਤਾਰ ਨਾਲ ਅੱਗੇ ਵਧੇਗੀ।

ਅਗਸਤ ਮਹੀਨੇ ਵਿੱਚ ਹੀ ਯੂਪੀਆਈ ਦੁਆਰਾ 2,400 ਕਰੋੜ ਤੋਂ ਜ਼ਿਆਦਾ ਲੈਣ-ਦੇਣ ਹੋਏ ਹਨ। ਭਾਰਤ ਦਾ ਯੂਪੀਆਈ ਹੁਣ ਦੁਨੀਆ ਦੇ 11 ਦੇਸ਼ਾਂ ਵਿੱਚ ਲਾਈਵ ਹੈ।



ਡਿਜੀਟਲ ਇੰਡੀਆ ਦੀ ਸਕਸੈੱਸ ਸਟੋਰੀ ਹੁਣ ਇੱਕ ਨਵੇਂ ਅਧਿਆਏ ਦੇ ਲਈ ਤਿਆਰ ਹੈ। ਸਾਡੀ ਫਿਨਟੈੱਕ ਸਕਸੈੱਸ ਸਟੋਰੀ ਦੀ ਹੁਣ ਤੱਕ ਦੀ ਸਫਲਤਾ, ਸਕੇਲ ਹੈ, ਸਕੋਪ ਹੈ, ਸਕਿਓਰ ਸਿਸਟਮਸ ਹਨ, ਡੈਮੋਕ੍ਰੇਟਾਈਜੇਸ਼ਨ ਆਫ ਟੈਕਨੋਲੋਜੀ ਹੈ ਅਤੇ ਜਨਤਾ ਦਾ ਭਰੋਸਾ ਹੈ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਫਿਨਟੈੱਕ ਕੰਪਨੀਆਂ ਲਈ ਪੀਐੱਮ ਮੋਦੀ ਦਾ ਟਾਸਕ....

21ਵੀਂ ਸਦੀ ਦਾ ਦੂਸਰਾ ਕੁਆਰਟਰ ਸਾਡੇ ਲਈ ਹੋਰ ਵੀ ਨਵੀਆਂ ਸੰਭਾਵਨਾਵਾਂ ਲੈ ਕੇ ਆਇਆ ਹੈ। Agentic AI, Tokenisation, Quantum, ਅਜਿਹੀਆਂ ਟੈਕਨੋਲੋਜਿਜ਼ ਫਾਈਨੈਂਸ਼ੀਅਲ ਸੈਕਟਰ ਵਿੱਚ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੋਲ੍ਹ ਰਹੀਆਂ ਹਨ। ਹੁਣ ਚੁਣੌਤੀ ਹੈ, ਇਨ੍ਹਾਂ ਸੰਭਾਵਨਾਵਾਂ ਨੂੰ ਅਸਲ ਇੰਪੈਕਟ ਵਿੱਚ ਕਿਵੇਂ ਬਦਲੀਏ। ਪੀਐੱਮ ਮੋਦੀ ਨੇ ਕਿਹਾ ਫਿਨਟੈੱਕ ਕੰਪਨੀਆਂ ਮਿਲ ਕੇ ਕੁਝ ਟਾਸਕ ਰੱਖਣ, ਮੇਰੇ ਕੁਝ ਸੁਝਾਅ ਹਨ - ਜੇਕਰ ਇਨ੍ਹਾਂ ਕਸੌਟੀਆਂ 'ਤੇ ਖੁਦ ਨੂੰ ਕਸੋਗੇ, ਤਾਂ ਭਾਰਤ ਦਾ ਫਿਨਟੈੱਕ ਸੈਕਟਰ ਅਣਗਿਣਤ ਸੰਭਾਵਨਾਵਾਂ ਦਾ ਗੇਟਵੇ ਬਣ ਸਕਦਾ ਹੈ...

1. ਭਾਰਤ ਵਿੱਚ ਸਾਈਬਰ ਸਕਿਓਰਿਟੀ ਨੂੰ ਟੌਪ ਨੋਚ ਬਣਾਉਣਾ ਹੈ।
2. ਇੰਡਸਟ੍ਰੀ ਕੋਲ ਆਪਣੇ ਇਥੀਕਲ ਡੇਟਾ ਪ੍ਰੋਟੈਕਸ਼ਨ ਸਟੈਂਡਡਰਸ ਹੋਣੇ ਚਾਹੀਦੇ ਹਨ।
3. ਇੱਕ ਮਜ਼ਬੂਤ, ਫਿਨਟੈੱਕ ਰੈਗੂਲੇਟਰ ਇੰਡਸਟ੍ਰੀ ਇਨੋਵੇਸ਼ਨ ਈਕੋਸਿਸਟਮ ਬਣਾਉਣਾ ਹੈ।
4. ਇੱਕ ਫਿਨਟੈੱਕ ਕੰਜ਼ਿਊਮਰ ਪ੍ਰੋਟੈਕਸ਼ਨ ਇੰਡੈਕਸ ਹੋਣਾ ਚਾਹੀਦਾ ਹੈ। ਜਿਸ ਦੇ ਅਧਾਰ 'ਤੇ ਹਰ ਕੰਪਨੀ ਦੀ ਪਾਰਦਰਸ਼ੀ ਰੇਟਿੰਗ ਹੋ ਸਕੇ।

ਪੀਐੱਮ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਇੱਕ ਪੜਾਅ 'ਤੇ ਪਹੁੰਚ ਕੇ ਸੰਤੁਸ਼ਟ ਹੋਣ ਵਾਲਿਆਂ ਵਿੱਚੋਂ ਨਹੀਂ ਹਨ ਪੀਐੱਮ ਮੋਦੀ

ਪ੍ਰੋਗਰਾਮ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਪੌਲਿਸੀ ਅਤੇ ਗਵਰਨੈਂਸ ਨਾਲ ਜੁੜੇ ਈਕੋਸਿਸਟਮ ਵਿੱਚ ਮੈਨੂੰ ਹੁਣ 25 ਵਰ੍ਹੇ ਪੂਰੇ ਹੋਣ ਵਾਲੇ ਹਨ। ਜਿਨ੍ਹਾਂ ਨੇ ਵੀ ਮੈਨੂੰ ਇਨ੍ਹਾਂ ਵਰ੍ਹਿਆਂ ਵਿੱਚ ਦੇਖਿਆ ਹੈ, ਉਹ ਜਾਣਦੇ ਹਨ ਕਿ ਮੈਂ ਇੱਕ ਪੜਾਅ 'ਤੇ ਪਹੁੰਚ ਕੇ, ਜਸ਼ਨ ਮਨਾ ਕੇ ਸੰਤੁਸ਼ਟ ਹੋਣ ਵਾਲਿਆਂ ਵਿੱਚੋਂ ਨਹੀਂ ਹਾਂ। ਜਦੋਂ ਇੱਕ ਟੀਚਾ ਪ੍ਰਾਪਤ ਹੁੰਦਾ ਹੈ ਤਾਂ ਮੈਂ ਉਸ ਤੋਂ ਵੀ ਵੱਡੇ ਟੀਚੇ ਦੀ ਤਿਆਰੀ ਵਿੱਚ ਜੁੱਟ ਜਾਂਦਾ ਹਾਂ। ਉਨ੍ਹਾਂ ਨੇ ਕਿਹਾ ਕਿ ਅੱਜ ਸਾਡਾ ਯੂਪੀਆਈ ਕਈ ਦੇਸ਼ਾਂ ਵਿੱਚ ਪਹੁੰਚਿਆ ਹੈ ਲੇਕਿਨ ਇਹ ਫਸਟ ਸਟੈਪ ਹੈ। ਹੁਣ ਉਨ੍ਹਾਂ ਦੇਸ਼ਾਂ ਦੇ ਪੇਮੈਂਟ ਸਿਸਟਮ ਦੇ ਨਾਲ ਜੁੜਨਾ ਸਾਡਾ ਅਗਲਾ ਟੀਚਾ ਹੋਣਾ ਚਾਹੀਦਾ ਹੈ। ਸਿੰਗਾਪੁਰ ਦੇ ਨਾਲ ਅਸੀਂ ਇਹ ਕਰ ਚੁੱਕੇ ਹਾਂ।

8 ਤੋਂ 11 ਸਤੰਬਰ 2026 ਤੱਕ ਮੁੰਬਈ ਵਿੱਚ ਆਯੋਜਿਤ ਜੀਐੱਫਐੱਫ

ਗਲੋਬਲ ਫਿਨਟੈੱਕ ਫੈਸਟ (ਜੀਐੱਫਐੱਫ) 2026 ਦਾ ਸੱਤਵਾਂ ਸੰਸਕਰਣ 8 ਤੋਂ 11 ਸਤੰਬਰ 2026 ਤੱਕ ਮੁੰਬਈ ਵਿੱਚ ਆਯੋਜਿਤ ਕੀਤਾ ਗਿਆ। 2020 ਤੋਂ, ਜੀਐੱਫਐੱਫ ਇੱਕ ਅੰਤਰਰਾਸ਼ਟਰੀ ਵਿਚਾਰ ਲੀਡਰਸ਼ਿਪ ਪਲੈਟਫਾਰਮ ਦੇ ਰੂਪ ਵਿੱਚ ਉਭਰਿਆ ਹੈ ਜੋ ਨੀਤੀ ਨਿਰਮਾਤਾਵਾਂ, ਰੈਗੂਲੇਟਰਾਂ, ਕੇਂਦਰੀ ਬੈਂਕਾਂ, ਵਿੱਤੀ ਸੰਸਥਾਨਾਂ, ਫਿਨਟੈੱਕ ਕੰਪਨੀਆਂ, ਤਕਨਾਲੋਜੀ ਕੰਪਨੀਆਂ, ਨਿਵੇਸ਼ਕਾਂ, ਸਿੱਖਿਆ ਸ਼ਾਸਤਰੀਆਂ ਅਤੇ ਹੋਰ ਵਿਸ਼ਵਵਿਆਪੀ ਹਿਤਧਾਰਕਾਂ ਨੂੰ ਵਿੱਤ ਦੇ ਭਵਿੱਖ ਨੂੰ ਆਕਾਰ ਦੇਣ 'ਤੇ ਵਿਚਾਰ-ਵਟਾਂਦਰਾ ਕਰਨ ਲਈ ਆਪਸ ਵਿੱਚ ਜੋੜਦਾ ਹੈ। ▪



'ਫ੍ਰੇਟ ਕੌਰੀਡੋਰ'

ਵਿਕਸਿਤ ਹੁੰਦੇ ਭਾਰਤ ਦੀ ਜੀਵਨ ਰੇਖਾ

ਕੇਂਦਰ ਸਰਕਾਰ ਵਰ੍ਹੇ 2047 ਤੱਕ ਦੇਸ਼ ਨੂੰ 'ਵਿਕਸਿਤ ਭਾਰਤ' ਬਣਾਉਣ ਦੇ ਟੀਚੇ ਨਾਲ ਅੱਗੇ ਵਧ ਰਹੀ ਹੈ। ਇਸ ਟੀਚੇ ਨੂੰ ਹਾਸਲ ਕਰਨ ਵਿੱਚ ਹਰ ਤਰ੍ਹਾਂ ਦੇ ਇਨਫ੍ਰਾਸਟ੍ਰਕਚਰ ਦੀ ਵੱਡੀ ਭੂਮਿਕਾ ਹੈ। ਇਹੀ ਵਜ੍ਹਾ ਹੈ ਕਿ ਕੇਂਦਰ ਦੀ ਮੌਜੂਦਾ ਸਰਕਾਰ ਦੇਸ਼ ਦੇ ਹਰ ਹਿੱਸੇ ਨੂੰ ਤੇਜ਼ੀ ਨਾਲ ਵਿਕਸਿਤ ਕਰ ਰਹੀ ਹੈ। ਇਸੇ ਕੜੀ ਵਿੱਚ ਗੁਜਰਾਤ ਦੇ ਵਡੋਦਰਾ ਵਿੱਚ 8 ਸਤੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫ੍ਰੇਟ ਕੌਰੀਡੋਰ, ਪੋਰਟ, ਰੇਲ ਲਾਈਨ, ਸੜਕ ਮਾਰਗ, ਬਿਜਲੀ, ਰਿਹਾਇਸ਼ ਅਤੇ ਵਾਟਰ ਸਪਲਾਈ ਨਾਲ ਜੁੜੇ 35,000 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਰੱਖਿਆ ਨੀਂਹ ਪੱਥਰ ਅਤੇ ਕੀਤਾ ਉਦਘਾਟਨ...

ਵਿਕਸਿਤ ਭਾਰਤ ਲਈ ਦੇਸ਼ ਨੂੰ ਅਜਿਹੀ ਕਨੈਕਟੀਵਿਟੀ ਚਾਹੀਦੀ ਹੈ, ਜੋ ਸੁਗਮ ਵੀ ਹੋਵੇ ਅਤੇ ਅੱਜ ਦੀਆਂ ਜ਼ਰੂਰਤਾਂ ਦੇ ਅਨੁਸਾਰ ਵੀ ਹੋਵੇ। ਇਸੇ ਕੜੀ ਵਿੱਚ ਬੜੌਦਰਾ ਤੋਂ 2,800 ਕਿਲੋਮੀਟਰ ਤੋਂ ਵੱਧ ਦਾ ਡੈਡੀਕੇਟਿਡ ਫ੍ਰੇਟ ਕੌਰੀਡੋਰ ਪ੍ਰੋਜੈਕਟ ਦਾ ਕੰਮ ਪੂਰਾ ਹੋਇਆ। ਇਸ ਕੌਰੀਡੋਰ ਦੇ ਨਿਰਮਾਣ ਲਈ ਵਰ੍ਹੇ 2004 ਵਿੱਚ ਵਿਚਾਰ ਸ਼ੁਰੂ ਹੋਇਆ, 2006 ਵਿੱਚ ਇੱਕ ਵਿਸ਼ੇਸ਼ ਕੰਪਨੀ ਬਣਾਈ ਗਈ ਲੇਕਿਨ ਵਰ੍ਹੇ 2014 ਤੱਕ ਇਸ ਨਾਲ ਜੁੜੀ ਫਾਈਲ ਇੱਧਰੋਂ ਓਧਰ ਹੁੰਦੀ ਰਹੀ। ਵਰ੍ਹੇ 2014 ਵਿੱਚ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਵਿੱਚ ਸਰਕਾਰ ਬਣੀ, ਤਾਂ ਕਿਤੇ ਜਾ ਕੇ ਇਸ ਕੌਰੀਡੋਰ ਦਾ ਕੰਮ ਪੂਰਾ ਹੋ ਪਾਇਆ। ਅੱਜ ਈਸਟਰਨ ਅਤੇ ਵੈਸਟਰਨ ਡੈਡੀਕੇਟਿਡ ਫ੍ਰੇਟ ਕੌਰੀਡੋਰ, ਦੇਸ਼ ਦੇ ਵਪਾਰ-ਕਾਰੋਬਾਰ ਦਾ ਮੁੱਖ ਅਧਾਰ ਬਣ ਰਿਹਾ ਹੈ।

2014 ਤੋਂ ਬਾਅਦ ਹੁਣ ਤੱਕ ਭਾਰਤ ਵਿੱਚ 50 ਹਜ਼ਾਰ ਆਧੁਨਿਕ ਰੇਲ ਕੋਚ ਬਣਾਏ ਗਏ ਹਨ। ਢਾਈ ਲੱਖ ਰੇਲਵੇ ਵੈਗਨ ਰੇਲ ਵਿੱਚ ਜੋੜੇ ਗਏ ਹਨ।

ਡੈਡੀਕੇਟਿਡ ਫ੍ਰੇਟ ਕੌਰੀਡੋਰ, ਤੇਜ਼ੀ ਨਾਲ ਵਿਕਸਿਤ ਹੁੰਦੇ ਭਾਰਤ ਦੀ ਜੀਵਨ ਰੇਖਾ ਹੈ। ਅੱਜ ਪੂਰਬੀ ਅਤੇ ਪੱਛਮੀ ਫ੍ਰੇਟ ਕੌਰੀਡੋਰਸ 'ਤੇ ਹਰ ਰੋਜ਼ 430 ਤੋਂ ਵੱਧ ਮਾਲ ਗੱਡੀਆਂ ਚੱਲਦੀਆਂ ਹਨ। ਪਹਿਲਾਂ ਜੋ ਮਾਲ ਗੱਡੀ, ਸਾਢੇ 6 ਘੰਟਿਆਂ ਵਿੱਚ 100 ਕਿਲੋਮੀਟਰ ਦਾ ਸਫਰ ਤੈਅ ਕਰਦੀ ਸੀ ਅਤੇ ਹੁਣ ਉਹ ਹੀ ਮਾਲ ਗੱਡੀ ਅੱਧੇ ਤੋਂ ਘੱਟ ਸਮੇਂ ਵਿੱਚ 100 ਕਿਲੋਮੀਟਰ ਦਾ ਸਫ਼ਰ



ਉਦਘਾਟਨ ਅਤੇ ਨੀਂਹ ਪੱਥਰ...

- ਵਡੋਦਰਾ ਅਤੇ ਟਾਂਡਾ ਰੋਡ ਦਰਮਿਆਨ ਇੱਕ ਨਵੀਂ ਟ੍ਰੇਨ ਸੇਵਾ ਨੂੰ ਹਰੀ ਝੰਡੀ ਦਿਖਾਈ।
- ਛੋਟਾ ਉਦੈਪੁਰ-ਧਾਰ ਪ੍ਰੋਜੈਕਟ ਦੇ ਤਹਿਤ ਵਿਕਸਿਤ ਕੀਤੀ ਗਈ ਜੋਬਤ-ਟਾਂਡਾ ਰੋਡ ਨਵੀਂ ਰੇਲ ਲਾਈਨ ਰਾਸ਼ਟਰ ਨੂੰ ਸਮਰਪਿਤ।
- ਐੱਨਐੱਚ-48 ਦੇ ਵਡੋਦਰਾ-ਸੂਰਤ ਸੈਕਸ਼ਨ 'ਤੇ ਸੜਕ ਸੁਰੱਖਿਆ ਵਿੱਚ ਸੁਧਾਰ ਅਤੇ ਆਵਾਜਾਈ ਸਬੰਧੀ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਦਾਰੀ ਚੌਕੜੀ ਅਤੇ ਲੁਵਾਰਾ ਪਾਟੀਆ ਵਿੱਚ ਛੇ ਲੇਨ ਦੇ ਫਲਾਈਓਵਰ ਦਾ ਉਦਘਾਟਨ।
- 1,780 ਕਰੋੜ ਰੁਪਏ ਦੀ ਲਾਗਤ ਵਾਲੇ ਤਿੰਨ ਰਾਸ਼ਟਰੀ ਰਾਜਮਾਰਗ ਪ੍ਰੋਜੈਕਟਾਂ ਦਾ ਨੀਂਹ ਪੱਥਰ।
- 329 ਕਿਲੋਮੀਟਰ ਲੰਬੀ ਅਤੇ 9,700 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 3 ਰੇਲਵੇ ਪ੍ਰੋਜੈਕਟਾਂ ਦਾ ਨੀਂਹ ਪੱਥਰ।
- ਲਗਭਗ 2,600 ਕਰੋੜ ਰੁਪਏ ਦੀ ਗੁਜਰਾਤ ਸਰਕਾਰ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਨੀਂਹ ਪੱਥਰ ਅਤੇ ਉਦਘਾਟਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

'ਝੂਠ ਦੀ ਗੂੰਜ' ਨੂੰ ਅਜ਼ਮਾਉਣ ਵਾਲੇ ਤਾਂ ਹਰ ਚੌਰਾਹੇ 'ਤੇ ਮਿਲ ਜਾਣਗੇ, ਪਰ ਭਾਰਤ ਦਾ ਨੌਜਵਾਨ ਸੱਚ ਦੀ ਹੁੰਕਾਰ ਨਾਲ ਚੱਲਦਾ ਹੈ। ਸਾਡੇ ਯੁਵਾ ਸਾਥੀ ਇਹ ਦੇਖ ਰਹੇ ਹਨ ਕਿ ਅੱਜ ਦੇਸ਼ ਵਿੱਚ ਸੋਲਰ ਹੋਵੇ, ਵਿੰਡ ਹੋਵੇ, ਹਾਈਡ੍ਰੋ ਹੋਵੇ, ਨਿਊਕਲੀਅਰ ਹੋਵੇ, ਸਾਰੇ ਸੈਕਟਰਾਂ 'ਤੇ ਸਰਕਾਰ ਕਿੰਨੇ ਫੋਕਸ ਨਾਲ ਕੰਮ ਕਰ ਰਹੀ ਹੈ।

ਤੈਅ ਕਰ ਲਵੇਗੀ। ਜਿਸ ਜਗ੍ਹਾ 'ਤੇ ਟਰੱਕ ਨਾਲ ਸਮਾਨ ਭੇਜਣ ਵਿੱਚ ਆਮ ਤੌਰ 'ਤੇ 30 ਘੰਟੇ ਲੱਗਦੇ ਸਨ, ਡੈਡੀਕੇਟਿਡ ਫ੍ਰੇਟ ਕੌਰੀਡੋਰ 'ਤੇ ਓਹੀ ਦੂਰੀ 10-12 ਘੰਟਿਆਂ ਵਿੱਚ ਪੂਰੀ ਹੋ ਜਾਂਦੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਦੇ ਸਾਹਮਣੇ ਵਿਕਸਿਤ ਭਾਰਤ ਦੀਆਂ ਜਿਨ੍ਹਾਂ ਸਪਤ ਧਾਰਾਵਾਂ ਦਾ ਵਿਜ਼ਨ ਰੱਖਿਆ ਹੈ, ਉਨ੍ਹਾਂ ਵਿੱਚ ਇੱਕ ਧਾਰਾ ਮੈਨੂਫੈਕਚਰਿੰਗ ਦੀ ਵੀ ਹੈ। ਹੁਣ ਭਾਰਤ ਚਿੱਪ ਤੋਂ ਲੈ ਕੇ ਸ਼ਿਪ ਤੱਕ, ਨਿਰਮਾਣ ਦੀ ਇੱਕ ਨਵੀਂ ਗਾਥਾ ਲਿਖ ਰਿਹਾ ਹੈ। ਯਾਨੀ ਪੁਰਜ਼ੇ ਵੀ ਸਾਡੇ ਅਤੇ ਪ੍ਰੋਡਕਟ ਵੀ ਸਾਡਾ। ਭਾਰਤ ਵਿੱਚ ਪੀਵੀ ਮੌਡਿਊਲ ਬਣਨੇ ਸ਼ੁਰੂ ਹੋ ਗਏ ਹਨ, ਜਿਸ ਸਦਕਾ ਅੱਜ ਭਾਰਤ ਇਸ ਵਿੱਚ 200 ਗੀਗਾਵਾਟ ਤੋਂ ਜ਼ਿਆਦਾ ਦੀ ਕੈਪੇਸਿਟੀ ਵਿਕਸਿਤ ਕਰ ਚੁੱਕਿਆ ਹੈ। ਦੇਸ਼ ਵਿੱਚ 55 ਲੱਖ ਪਰਿਵਾਰ ਆਪਣੀ ਛੱਤ 'ਤੇ, ਟੈਰੇਸ 'ਤੇ ਸੋਲਰ ਪਲਾਂਟ ਲਗਾ ਚੁੱਕੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਏਆਈ ਦੇ ਯੁੱਗ ਵਿੱਚ ਦੁਨੀਆ ਦੇ ਸਾਹਮਣੇ ਸੁਪਰ ਪਾਵਰ ਬਣਨਾ ਹੈ, ਤਾਂ ਦੇਸ਼ ਨੂੰ ਉਸ ਦੀ ਤਿਆਰੀ, ਉਸ ਦਾ ਈਕੋਸਿਸਟਮ ਵੀ ਬਣਾਉਣਾ ਹੋਵੇਗਾ। ਇਹੋ ਕੰਮ ਭਾਰਤ ਗਰਾਊਂਡ 'ਤੇ ਕਰ ਰਹਾ ਹੈ। ਤਾਂ ਹੀ ਕਿਸੇ ਦੇਸ਼ ਨਾਲ ਯੂਰੇਨੀਅਮ ਲਈ ਸਮਝੌਤੇ ਹੋ ਰਹੇ ਹਨ, ਕਿਸੇ ਨਾਲ ਕ੍ਰਿਟੀਕਲ ਮਿਨਰਲਜ਼ ਅਤੇ ਰੇਅਰ ਅਰਥ ਮਿਨਰਲਜ਼ ਨੂੰ ਲੈ ਕੇ ਸਮਝੌਤੇ ਕੀਤੇ ਜਾ ਰਹੇ ਹਨ। ਇਹ ਸਾਰੀ ਮਿਹਨਤ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਕੀਤੀ ਜਾ ਰਹੀ ਹੈ। ਦੁਨੀਆ ਦੀਆਂ ਜ਼ਰੂਰਤਾਂ ਬਦਲ ਰਹੀਆਂ ਹਨ ਅਤੇ ਇਸੇ ਤਰ੍ਹਾਂ ਸਾਡੀ ਪੜ੍ਹਾਈ-ਲਿਖਾਈ ਦੇ ਤੌਰ-ਤਰੀਕੇ ਵੀ ਬਦਲ ਰਹੇ ਹਨ। ਇਸੇ ਲਈ, ਭਾਰਤ ਆਪਣੀ ਸਿੱਖਿਆ ਨੀਤੀ, ਸਿੱਖਿਆ ਅਤੇ ਟ੍ਰੇਨਿੰਗ ਦੇ ਸੰਸਥਾਨਾਂ ਨੂੰ ਨਵੇਂ ਰੂਪ ਵਿੱਚ ਢਾਲ ਰਿਹਾ ਹੈ।

ਫ੍ਰੇਟ ਕੌਰੀਡੋਰ ਦੀ ਵਿਸ਼ੇਸ਼ਤਾ

ਜਵਾਹਰ ਲਾਲ ਨਹਿਰੂ ਪੋਰਟ ਅਥਾਰਿਟੀ (ਜੇਐੱਨਪੀਟੀ) ਮੁੰਬਈ ਤੋਂ ਵਡੋਦਰਾ ਤੱਕ ਡਬਲ ਸਟੈਕ ਕੰਟੇਨਰ ਮਾਲਗੱਡੀ ਦਾ ਸੰਚਾਲਨ ਕੀਤਾ ਗਿਆ ਹੈ। ਯਾਨੀ ਡੱਬੇ ਦੇ ਉੱਪਰ ਇੱਕ ਹੋਰ ਡੱਬਾ ਲਗਾ ਕੇ ਮਾਲਗੱਡੀ ਨੂੰ ਚਲਾਇਆ ਗਿਆ। ਇਸ ਮਾਲਗੱਡੀ ਦੇ ਚੱਲਣ ਨਾਲ ਇੱਕ ਵਾਰ ਵਿੱਚ ਹੀ 250 ਤੋਂ ਵੱਧ ਟਰੱਕਾਂ ਦੇ ਬਰਾਬਰ ਦਾ ਸਮਾਨ ਮੁੰਬਈ ਤੋਂ ਵਡੋਦਰਾ ਆ ਗਿਆ। 326 ਕਿਲੋਮੀਟਰ ਲੰਬੇ ਇਸ ਕੌਰੀਡੋਰ ਦੇ ਤਿੰਨੋਂ ਸੈਕਸ਼ਨਾਂ ਨੂੰ 20,700 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਕੀਤਾ ਗਿਆ ਹੈ। ■

ਰਾਸ਼ਟਰੀ ਅਧਿਆਪਕ ਪੁਰਸਕਾਰ ਜੇਤੂਆਂ ਨੂੰ ਪੀਐੱਮ ਮੋਦੀ ਦਾ ਮੰਤਰ

ਅਸਲੀ ਤਾਕਤ...

ਗਿਆਨ ਤੋਂ ਜਾਗਰੂਕਤਾ ਅਤੇ ਜਾਗਰੂਕਤਾ ਤੋਂ ਬਦਲਾਅ

ਅਧਿਆਪਕ ਸਿਰਫ਼ ਕਿਤਾਬਾਂ ਦਾ ਪਾਠ ਨਹੀਂ ਪੜ੍ਹਾਉਂਦੇ, ਉਹ ਜ਼ਿੰਦਗੀ ਨੂੰ ਸਮਝਣਾ ਅਤੇ ਅੱਗੇ ਵਧਣਾ ਸਿਖਾਉਂਦੇ ਹਨ। ਅਧਿਆਪਕ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰੀ ਅਧਿਆਪਕ ਪੁਰਸਕਾਰ ਜੇਤੂਆਂ ਨਾਲ ਲੋਕ ਕਲਿਆਣ ਮਾਰਗ ਸਥਿਤ ਆਪਣੇ ਨਿਵਾਸ 'ਤੇ 5 ਸਤੰਬਰ ਨੂੰ ਗੱਲਬਾਤ ਕਰਕੇ ਉਨ੍ਹਾਂ ਦੇ ਅਨੁਭਵਾਂ, ਨਵੀਨਤਾਵਾਂ ਅਤੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਮਹੱਤਵਪੂਰਨ ਗੱਲਾਂ ਸਾਂਝੀਆਂ ਕੀਤੀਆਂ। ਗੱਲਬਾਤ ਦੇ ਦੌਰਾਨ ਉਨ੍ਹਾਂ ਨੇ ਕਿਹਾ ਕਿ ਬੱਚਿਆਂ ਦੇ ਜੀਵਨ ਵਿੱਚ ਅਧਿਆਪਕਾਂ ਦੀ ਭੂਮਿਕਾ ਹੁੰਦੀ ਜਾ ਰਹੀ ਹੈ ਹੋਰ ਵੀ ਮਹੱਤਵਪੂਰਨ...

ਬੱਚਿਆਂ ਦੀ ਪ੍ਰਤਿਭਾ ਪਛਾਣਨ ਤੋਂ ਲੈ ਕੇ ਉਨ੍ਹਾਂ ਦੀ ਉਤਸੁਕਤਾ, ਰਚਨਾਤਮਕਤਾ ਅਤੇ ਬਚਪਨ ਨੂੰ ਸੰਭਾਲਣ ਤੱਕ, ਇੱਕ ਅਧਿਆਪਕ ਦੀ ਭੂਮਿਕਾ ਕਲਾਸਰੂਮ ਤੋਂ ਕਿਤੇ ਅੱਗੇ ਹੈ। ਇਹੋ ਕਾਰਨ ਹੈ ਕਿ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਰਾਸ਼ਟਰੀ ਅਧਿਆਪਕ ਪੁਰਸਕਾਰ ਜੇਤੂਆਂ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਬਚਪਨ ਦੀ ਮਾਸੂਮੀਅਤ ਨੂੰ ਸੁਰੱਖਿਅਤ ਰੱਖਣਾ ਇੱਕ ਮਹੱਤਵਪੂਰਨ ਭੂਮਿਕਾ ਹੈ ਅਤੇ ਅਧਿਆਪਕ ਇਹ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਵਿੱਚ ਇੱਕ ਸਮਾਨ ਮੂਲ ਸੁਭਾਅ ਅਤੇ ਉਤਸੁਕਤਾ ਹੁੰਦੀ ਹੈ। ਜੇਕਰ ਅਧਿਆਪਕ ਇਸ ਉਤਸੁਕਤਾ ਨੂੰ ਉਤਸ਼ਾਹਿਤ ਕਰਨ ਅਤੇ ਸਹੀ ਦਿਸ਼ਾ ਦੇਣ ਤਾਂ ਉਹ ਉਨ੍ਹਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।

ਸਮੇਂ 'ਤੇ ਮਾਰਗਦਰਸ਼ਨ ਦੇ ਸਕਦੇ ਹਨ ਅਧਿਆਪਕ

ਅਧਿਆਪਕ ਦਾ ਕੰਮ ਸਿਰਫ਼ ਸਿਲੇਬਸ ਪੂਰਾ ਕਰਨਾ ਨਹੀਂ, ਬਚਪਨ ਨੂੰ ਸਹੀ ਦਿਸ਼ਾ ਦੇਣਾ ਵੀ ਹੈ। ਪੀਐੱਮ ਮੋਦੀ ਨੇ ਅਧਿਆਪਕ ਦਿਵਸ 'ਤੇ ਬੱਚਿਆਂ ਦੀ ਜ਼ਿੰਦਗੀ ਨੂੰ ਕਲਾਸ ਤੋਂ ਅੱਗੇ ਸਮਝਣ ਦੀ ਅਹਿਮੀਅਤ 'ਤੇ ਗੱਲ ਕੀਤੀ, ਖਾਸ ਕਰਕੇ ਵਧਦੇ ਸਕ੍ਰੀਨ ਐਡਿਕਸ਼ਨ ਅਤੇ ਸਬਸਟਾਂਸ ਐਬਿਊਜ਼ ਦੀਆਂ ਚੁਣੌਤੀਆਂ ਦੇ ਵਿਚਕਾਰ। ਖੇਡਾਂ, ਰਚਨਾਤਮਕਤਾ ਅਤੇ ਸਾਰਥਕ ਜੁੜਾਅ ਬੱਚਿਆਂ ਵਿੱਚ ਬਿਹਤਰ ਆਦਤਾਂ ਅਤੇ ਸਿਹਤਮੰਦ ਦਿਲਚਸਪੀਆਂ ਵਿਕਸਿਤ ਕਰ ਸਕਦੇ ਹਨ। ਉੱਥੇ ਹੀ, ਇੱਕ ਜਾਗਰੂਕ ਅਧਿਆਪਕ ਵਿਵਹਾਰ ਵਿੱਚ ਆਏ ਛੋਟੇ ਬਦਲਾਵਾਂ ਨੂੰ ਪਛਾਣ ਕੇ ਸਮੇਂ 'ਤੇ ਮਾਰਗਦਰਸ਼ਨ ਦੇ ਸਕਦਾ ਹੈ।

ਬੱਚਿਆਂ ਵਿੱਚ ਕਿਰਤ ਦੀ ਗਰਿਮਾ ਵਰਗੀਆਂ ਕਦਰਾਂ ਕੀਮਤਾਂ ਵਿਕਸਿਤ ਕਰਨ ਵਿੱਚ ਕਰਨ ਸਹਿਯੋਗ

ਪ੍ਰਧਾਨ ਮੰਤਰੀ ਨੇ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਚਰਚਾ ਕਰਦੇ ਹੋਏ ਬੱਚਿਆਂ ਨੂੰ ਕਲਾਸ ਤੋਂ ਬਾਹਰ ਲਿਜਾ ਕੇ ਉਨ੍ਹਾਂ ਨੂੰ ਅਸਲ ਦੁਨੀਆ ਦੇ ਹੁਨਰਾਂ ਅਤੇ ਕੰਮ ਦੇ ਵੱਖ-ਵੱਖ ਰੂਪਾਂ ਨਾਲ ਜੋੜਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਆਪਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸਿਰਫ਼ ਪਾਠਕ੍ਰਮ ਦਾ ਗਿਆਨ ਦੇਣ ਤੱਕ ਹੀ ਸੀਮਤ ਨਾ ਰਹਿਣ, ਸਗੋਂ ਬੱਚਿਆਂ ਵਿੱਚ ਕਿਰਤ ਦੀ ਗਰਿਮਾ ਵਰਗੀਆਂ ਕਦਰਾਂ-ਕੀਮਤਾਂ ਵੀ ਵਿਕਸਿਤ ਕਰਨ ਵਿੱਚ ਸਹਿਯੋਗ ਕਰਨ।





ਰਾਸ਼ਟਰਪਤੀ ਨੇ ਅਧਿਆਪਕਾਂ ਨੂੰ ਪ੍ਰਦਾਨ ਕੀਤੇ ਰਾਸ਼ਟਰੀ ਪੁਰਸਕਾਰ

ਅਧਿਆਪਕ ਦਿਵਸ 5 ਸਤੰਬਰ 2026 ਦੇ ਮੌਕੇ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ ਦੇਸ਼ ਭਰ ਦੇ ਅਧਿਆਪਕਾਂ ਨੂੰ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤੇ। ਆਪਣੇ ਸੰਬੋਧਨ ਵਿੱਚ ਰਾਸ਼ਟਰਪਤੀ ਨੇ ਕਿਹਾ ਕਿ ਸਿੱਖਿਆ ਸਾਡੇ ਸੰਵਿਧਾਨ ਵਿੱਚ ਸ਼ਾਮਲ, 'ਅਵਸਰ ਦੀ ਸਮਾਨਤਾ' ਦੇ ਆਦਰਸ਼ ਨੂੰ ਅਮਲੀ ਰੂਪ ਦੇਣ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਹੈ। ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਈ ਵਿਚਾਲੇ ਛੱਡਣ ਦੀ ਦਰ ਬਹੁਤ ਘੱਟ ਹੋ ਜਾਣ ਦੀ ਉਪਲਬਧੀ ਅਧਿਆਪਕਾਂ ਦੇ ਯਤਨਾਂ ਨਾਲ ਹੀ ਹਾਸਲ ਹੋ ਸਕੀ ਹੈ। ਉਨ੍ਹਾਂ ਨੇ ਇਸ ਰਾਸ਼ਟਰੀ ਸਫਲਤਾ ਲਈ ਸਾਰੇ ਅਧਿਆਪਕਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਵਿਕਾਸ ਵਿੱਚ ਵਿਦਿਅਕ ਉੱਤਮਤਾ, ਹੁਨਰ ਵਿਕਾਸ ਅਤੇ ਉੱਦਮਤਾ ਦਾ ਬਹੁਤ ਮਹੱਤਵ ਹੈ। ਭਾਰਤ ਨੂੰ ਗਿਆਨ ਦੀ ਮਹਾਸ਼ਕਤੀ ਬਣਾਉਣ ਦੇ ਨਾਲ-ਨਾਲ ਵਿਸ਼ਵ ਦੇ ਹੁਨਰ ਕੇਂਦਰ ਦੇ ਰੂਪ ਵਿੱਚ ਸਥਾਪਿਤ ਕਰਨਾ, ਸਾਡੀਆਂ ਰਾਸ਼ਟਰੀ ਤਰਜੀਹਾਂ ਵਿੱਚ ਸ਼ਾਮਲ ਹੈ।

ਬਦਲਾਅ ਦੀ ਸ਼ੁਰੂਆਤ

ਕੁਝ ਗੱਲਾਂ ਸਿਰਫ਼ ਗੱਲਾਂ ਨਹੀਂ ਹੁੰਦੀਆਂ, ਉਹ ਬਦਲਾਅ ਦੀ ਸ਼ੁਰੂਆਤ ਬਣ ਜਾਂਦੀਆਂ ਹਨ। ਇੱਕ ਅਧਿਆਪਕ ਨੇ ਸਿੱਖਿਆ ਤੋਂ ਅੱਗੇ ਵਧ ਕੇ ਸਵੱਛਤਾ ਅਤੇ ਬ੍ਰੈਸਟ ਕੈਂਸਰ ਜਾਗਰੂਕਤਾ ਨੂੰ ਭਾਈਚਾਰਿਆਂ ਤੱਕ ਪਹੁੰਚਾਉਣ ਦੀ ਆਪਣੀ ਪਹਿਲ ਸਾਂਝੀ ਕੀਤੀ। ਪੀਐੱਮ ਮੋਦੀ ਨੇ ਕਾਸ਼ੀ ਵਿੱਚ ਬ੍ਰੈਸਟ ਕੈਂਸਰ ਜਾਗਰੂਕਤਾ ਅਭਿਆਨ ਨੂੰ ਯਾਦ ਕਰਦੇ ਹੋਏ ਦੱਸਿਆ ਕਿ ਜਾਗਰੂਕਤਾ ਨਾਲ ਬਹੁਤ ਮਹਿਲਾਵਾਂ ਅੱਗੇ ਆਈਆਂ ਅਤੇ ਜਾਂਚ ਕਰਵਾਉਣ ਦਾ ਹੌਸਲਾ ਦਿਖਾਇਆ। ਇਹੀ ਹੈ ਇੱਕ ਅਧਿਆਪਕ ਦੀ ਅਸਲੀ ਤਾਕਤ-ਗਿਆਨ ਤੋਂ ਜਾਗਰੂਕਤਾ ਅਤੇ ਜਾਗਰੂਕਤਾ ਤੋਂ ਬਦਲਾਅ।

ਪਬਲਿਕ ਸਪੀਕਿੰਗ ਦਾ ਮੰਤਰ - ਕੌਨਫੀਡੈਂਸ+ਪ੍ਰੈਕਟਿਸ

ਇੱਕ ਅਧਿਆਪਕ ਨੇ ਦੱਸਿਆ ਕਿ ਵਧੀਆ ਬੁਲਾਰਾ ਬਣਨ ਲਈ ਆਤਮ-ਵਿਸ਼ਵਾਸ ਅਤੇ ਲਗਾਤਾਰ ਅਭਿਆਸ ਜ਼ਰੂਰੀ ਹੈ। ਪੀਐੱਮ ਨਰੇਂਦਰ ਮੋਦੀ ਨੇ ਤੁਰੰਤ ਮਜ਼ੇਦਾਰ ਸਵਾਲ ਪੁੱਛਿਆ-"ਇਹ ਕੌਨਫੀਡੈਂਸ ਆਉਂਦਾ ਕਿੱਥੋਂ ਹੈ?" ਬੱਸ ਫਿਰ ਕੀ ਸੀ, ਗੱਲ ਪਹੁੰਚੀ 'ਔਰਾ' (Aura) ਤੱਕ ਅਤੇ ਗੱਲਬਾਤ ਵਿੱਚ ਘੁਲ ਗਿਆ ਹਾਸਾ। ਕਦੇ-ਕਦੇ ਸਿੱਖਣ ਦਾ ਸਭ ਤੋਂ ਯਾਦਗਾਰ ਤਰੀਕਾ ਹੁੰਦਾ ਹੈ -ਸਿੱਖਿਆ ਦੇ ਨਾਲ ਥੋੜ੍ਹੀ ਜਿਹੀ ਮੁਸਕਰਾਹਟ।

ਰਾਸ਼ਟਰੀ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਹੋਏ 82 ਅਧਿਆਪਕ ਅਤੇ ਸਿੱਖਿਆ ਸ਼ਾਸਤਰੀ

ਇਸ ਵਰ੍ਹੇ, ਤਿੰਨ ਵਿਭਾਗਾਂ ਤੋਂ 82 ਅਧਿਆਪਕਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਰਾਸ਼ਟਰੀ ਅਧਿਆਪਕ ਪੁਰਸਕਾਰ ਲਈ ਚੁਣਿਆ ਗਿਆ ਹੈ। ਇਨ੍ਹਾਂ ਵਿੱਚ ਸਕੂਲ ਸਿੱਖਿਆ ਅਤੇ ਸਾਖ਼ਰਤਾ ਵਿਭਾਗ ਦੇ 48 ਅਧਿਆਪਕ, ਉੱਚ ਸਿੱਖਿਆ ਸੰਸਥਾਵਾਂ ਅਤੇ ਪੌਲੀਟੈਕਨੀਕ ਦੇ 21 ਅਧਿਆਪਕ/ ਫੈਕਲਟੀ ਮੈਂਬਰ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਦੇ 13 ਸਕਿੱਲ ਟ੍ਰੇਨਰ ਸ਼ਾਮਲ ਹਨ। ਪੁਰਸਕਾਰ ਜੇਤੂਆਂ ਨੇ ਆਪਣੇ ਪੜ੍ਹਾਉਣ ਦੇ ਅਨੁਭਵਾਂ ਅਤੇ ਨਵੀਨਤਾਵਾਂ ਬਾਰੇ ਦੱਸਿਆ। ਉਨ੍ਹਾਂ ਨੇ ਕਲਾਸ ਦੀ ਪੜ੍ਹਾਈ ਨੂੰ ਹੋਰ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਪਣਾਏ ਗਏ ਕਈ ਰਚਨਾਤਮਕ ਤਰੀਕਿਆਂ ਨੂੰ ਸਾਂਝਾ ਕੀਤਾ। ■



ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ ਕੋਡ QR ਸਕੈਨ ਕਰੋ।

ਕੇਂਦਰੀ ਕੈਬਨਿਟ ਦੇ ਫੈਸਲੇ

ਰੇਲ ਸੰਪਰਕ ਦਾ ਵਿਸਥਾਰ

ਈਪੀਐੱਫਓ ਦੀ ਵੇਤਨ ਸੀਮਾ ਹੁਣ 25 ਹਜ਼ਾਰ ਰੁਪਏ

ਰਾਸ਼ਟਰ ਦੇ ਵਿਕਾਸ ਅਤੇ ਰੇਲ ਸੰਪਰਕ ਦੇ ਵਿਸਥਾਰ ਦੇ ਲਈ ਕੇਂਦਰ ਸਰਕਾਰ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਨਿਰੰਤਰ ਕੰਮ ਕਰ ਰਹੀ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਨੌਂ ਰਾਜਾਂ ਵਿੱਚ ਫੈਲੇ ਅੱਠ ਮਲਟੀ ਟ੍ਰੈਕਿੰਗ ਪ੍ਰੋਜੈਕਟਾਂ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਪ੍ਰੋਜੈਕਟਾਂ ਨਾਲ ਨਾ ਸਿਰਫ਼ ਸੰਪਰਕ ਅਤੇ ਲੌਜਿਸਟਿਕਸ ਕੁਸ਼ਲਤਾ ਸਗੋਂ 20 ਕਰੋੜ ਲੀਟਰ ਤੇਲ ਆਯਾਤ ਵਿੱਚ ਕਮੀ ਆਵੇਗੀ। ਇਸ ਨਾਲ ਰੁਜ਼ਗਾਰ ਅਤੇ ਟੂਰਿਜ਼ਮ ਦੇ ਨਵੇਂ ਮੌਕੇ ਬਣਨਗੇ। ਨਾਲ ਹੀ ਈਪੀਐੱਫਓ ਦੀ ਵੇਤਨ ਸੀਮਾ ਹੁਣ 25 ਹਜ਼ਾਰ ਰੁਪਏ ਦੇ ਪ੍ਰਸਤਾਵ ਨੂੰ ਵੀ ਦਿੱਤੀ ਗਈ ਮਨਜ਼ੂਰੀ ...

ਫੈਸਲਾ: ਤਮਿਲ ਨਾਡੂ, ਆਂਧਰ ਪ੍ਰਦੇਸ਼, ਕਰਨਾਟਕ ਅਤੇ ਤੇਲੰਗਾਨਾ ਦੇ 17 ਜ਼ਿਲ੍ਹਿਆਂ ਵਿੱਚ ਫੈਲੇ 5 ਮਲਟੀ ਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।

ਪ੍ਰਭਾਵ : ਭਾਰਤੀ ਰੇਲ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 540 ਕਿਲੋਮੀਟਰ ਦਾ ਵਾਧਾ ਹੋਵੇਗਾ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 10,021 ਕਰੋੜ ਰੁਪਏ ਹੈ ਅਤੇ ਇਨ੍ਹਾਂ ਨੂੰ 2029-30 ਤੱਕ ਪੂਰਾ ਕਰਨ ਦੀ ਯੋਜਨਾ ਹੈ।

- ਵਧੀ ਹੋਈ ਲਾਈਨ ਸਮਰੱਥਾ ਨਾਲ ਆਵਾਜਾਈ ਵਿੱਚ ਜ਼ਿਕਰਯੋਗ ਸੁਧਾਰ ਹੋਵੇਗਾ, ਜਿਸ ਦੇ ਸਿੱਟੇ ਵਜੋਂ ਭਾਰਤੀ ਰੇਲ ਦੀ ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਿੱਚ ਵਾਧਾ ਹੋਵੇਗਾ।
- ਇਹ ਮਲਟੀ ਟ੍ਰੈਕਿੰਗ ਪ੍ਰੋਜੈਕਟਸ ਸੰਚਾਲਨ ਨੂੰ ਯੋਜਨਾਬੱਧ ਅਤੇ ਭੀੜ- ਭੜੱਕੇ ਨੂੰ ਘੱਟ ਕਰੇਗੀ।

ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ

- ਅਰੱਕੋਨਮ- ਰੇਨਿਗੁੰਟਾ ਤੀਜੀ ਅਤੇ ਚੌਥੀ ਲਾਈਨ – 77 ਕਿਲੋਮੀਟਰ
- ਵ੍ਹਾਈਟਫੀਲਡ – ਬਾਂਗਰਪੇਟ ਤੀਜੀ ਅਤੇ ਚੌਥੀ ਲਾਈਨ – 47 ਕਿਲੋਮੀਟਰ
- ਹੋਸੁਰ – ਓਮਾਲੂਰ ਡਬਲਿੰਗ ਮਾਰਗ– 147 ਕਿਲੋਮੀਟਰ
- ਸਲੇਮ – ਕਰੂਰ – ਡਿੰਡੀਗੁਲ ਡਬਲਿੰਗ – 159 ਕਿਲੋਮੀਟਰ
- ਸਿਕੰਦਰਾਬਾਦ (ਘਾਟਕੇਸਰ) ਤੋਂ ਕਾਜੀਪੇਟ ਤੱਕ– 110 ਕਿਲੋਮੀਟਰ ਦੀ ਮਲਟੀ ਟ੍ਰੈਕਿੰਗ

“10,000 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 5 ਵੱਡੇ ਰੇਲਵੇ ਪ੍ਰੋਜੈਕਟ। ਦੱਖਣੀ ਭਾਰਤ ਵਿੱਚ ਬਿਹਤਰ ਰੇਲ ਸੰਪਰਕ। ਲੱਖਾਂ ਲੋਕਾਂ ਨੂੰ ਲਾਭ ਹੋਵੇਗਾ। ਕੈਬਨਿਟ ਦੇ ਫੈਸਲੇ ਨਾਲ ਯਾਤਰੀਆਂ ਦੀ ਤੇਜ਼ੀ ਨਾਲ ਆਵਾਜਾਈ, ਮਜ਼ਬੂਤ ਸੰਪਰਕ ਅਤੇ ਮਾਲ ਦੀ ਢੋਆ- ਢੁਆਈ ਦੀ ਵਾਧੂ ਸਮਰੱਥਾ ਯਕੀਨੀ ਹੋਵੇਗੀ।”

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ



ਫੈਸਲਾ : ਪੱਛਮ ਬੰਗਾਲ, ਝਾਰਖੰਡ, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ 14 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਤਿੰਨ ਮਲਟੀ ਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।

ਪ੍ਰਭਾਵ : ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 656 ਕਿਲੋਮੀਟਰ ਦਾ ਵਾਧਾ ਹੋਵੇਗਾ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 10,783 ਕਰੋੜ ਰੁਪਏ ਹੈ। ਇਨ੍ਹਾਂ ਨੂੰ 2029-30 ਤੱਕ ਪੂਰਾ ਕਰਨ ਦੀ ਯੋਜਨਾ ਹੈ।

- ਵਧੀ ਹੋਈ ਲਾਈਨ ਸਮਰੱਥਾ ਨਾਲ ਆਵਾਜਾਈ ਵਿੱਚ ਜ਼ਿਕਰਯੋਗ ਸੁਧਾਰ ਹੋਵੇਗਾ, ਜਿਸ ਦੇ ਸਿੱਟੇ ਵਜੋਂ ਭਾਰਤੀ ਰੇਲ ਦੀ ਸੰਚਾਲਨਗਤ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਿੱਚ ਵਾਧਾ ਹੋਵੇਗਾ।
- ਇਨ੍ਹਾਂ ਮਲਟੀ ਟ੍ਰੈਕਿੰਗ ਪ੍ਰਸਤਾਵਾਂ ਨਾਲ ਸੰਚਾਲਨ ਯੋਜਨਾਬੱਧ ਹੋਵੇਗਾ ਅਤੇ ਭੀੜ- ਭੜੱਕੇ ਵਿੱਚ ਕਮੀ ਆਵੇਗੀ।
- ਪ੍ਰਸਤਾਵਿਤ ਮਲਟੀ ਟ੍ਰੈਕਿੰਗ ਪ੍ਰੋਜੈਕਟਾਂ ਨਾਲ ਲਗਭਗ 4,790 ਪਿੰਡਾਂ ਨੂੰ ਬਿਹਤਰ ਸੰਪਰਕ ਮਿਲੇਗਾ, ਜਿਨ੍ਹਾਂ ਦੀ ਆਬਾਦੀ ਲਗਭਗ 56 ਲੱਖ ਹੈ।
- ਪ੍ਰਸਤਾਵਿਤ ਸਮਰੱਥਾ ਵਾਧੇ ਨਾਲ ਦੇਸ਼ ਭਰ ਦੀਆਂ ਕਈ ਪ੍ਰਮੁੱਖ ਟੂਰਿਸਟ ਸਾਈਟਾਂ ਤੱਕ ਰੇਲ ਸੰਪਰਕ ਵਿੱਚ ਸੁਧਾਰ ਹੋਵੇਗਾ।

ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ

1 ਖੜ੍ਹਗਪੁਰ –ਝਾਰਸੁਗੁੜ੍ਹਾ (ਬਾਗਦੇਹੀ) ਚੌਥੀ ਲਾਈਨ

2 ਕਟਨੀ- ਪੇਂਡ੍ਰਾ ਰੋਡ ਚੌਥੀ ਲਾਈਨ

3 ਬਿਲਾਸਪੁਰ (ਉਸਾਲਪੁਰ) – ਪੇਂਡ੍ਰਾ ਰੋਡ ਤੀਜੀ ਲਾਈਨ

51 ਲੱਖ ਤੋਂ ਵੱਧ ਕਰਮਚਾਰੀਆਂ ਨੂੰ ਹੋਵੇਗਾ ਲਾਭ

ਫੈਸਲਾ : ਈਪੀਐੱਫਓ ਵੇਤਨ ਸੀਮਾ ਨੂੰ 15,000 ਰੁਪਏ ਤੋਂ ਵਧਾ ਕੇ 25,000 ਰੁਪਏ ਪ੍ਰਤੀ ਮਹੀਨਾ ਕਰਨ ਦੀ ਮਨਜ਼ੂਰੀ।

ਪ੍ਰਭਾਵ : ਇਹ ਫੈਸਲਾ ਰਸਮੀ ਅਰਥਵਿਵਸਥਾ ਨੂੰ ਹੁਲਾਰਾ ਦਿੰਦਾ ਹੈ ਅਤੇ ਭਾਰਤ ਦੇ ਲੰਬੇ ਸਮੇਂ ਦੀ ਸਮਾਜਿਕ ਸੁਰੱਖਿਆ, ਵਿਜ਼ਨ ਨੂੰ ਅੱਗੇ ਵਧਾਉਂਦਾ ਹੈ। ਇਹ ਪ੍ਰਵਾਨਗੀ ਇੱਕ ਸਮਾਵੇਸ਼ੀ, ਮਜ਼ਬੂਤੀ ਅਤੇ ਭਵਿੱਖ ਦੇ ਲਈ ਤਿਆਰ ਸਮਾਜਿਕ ਸੁਰੱਖਿਆ ਢਾਂਚੇ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਆਰਥਿਕ ਵਿਕਾਸ, ਵਧਦੀ ਮਜ਼ਦੂਰੀ ਅਤੇ ਰਸਮੀ ਰੁਜ਼ਗਾਰ ਦੇ ਵਿਸਥਾਰ ਦੇ ਨਾਲ-ਨਾਲ ਸਮਾਜਿਕ ਸੁਰੱਖਿਆ ਅੱਗੇ ਵਧੇ, ਕਿਉਂਕਿ ਦੇਸ਼ ਵਿਕਸਿਤ ਭਾਰਤ @2047 ਵੱਲ ਵਧ ਰਿਹਾ ਹੈ।

- ਇਹ ਫੈਸਲਾ 17 ਸਤੰਬਰ 2026, ਨੂੰ ਵਿਸ਼ਵਕਰਮਾ ਦਿਵਸ ਅਤੇ ਸੇਵਾ ਦਿਵਸ ਦੇ ਮੌਕੇ 'ਤੇ ਲਾਗੂ ਹੋ ਜਾਵੇਗਾ।
- ਕਰਮਚਾਰੀਆਂ ਨੂੰ ਪ੍ਰੋਵੀਡੈਂਟ ਫੰਡ ਸੇਵਿੰਗਸ, ਪੈਨਸ਼ਨ ਅਤੇ ਇੰਸ਼ੋਰੈਂਸ ਪ੍ਰੋਟੈਕਸ਼ਨ ਦਾ ਲਾਭ ਮਿਲੇਗਾ।
- ਲੇਬਰ ਕੋਡ ਦੇ ਤਹਿਤ ਸਾਰੇ ਕਰਮਚਾਰੀਆਂ ਨੂੰ ਸਮਾਜਿਕ ਸੁਰੱਖਿਆ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇਹ ਵੱਡਾ ਕਦਮ ਹੈ।
- ਸਮਾਜਿਕ ਸੁਰੱਖਿਆ ਦੇ ਨਾਲ-ਨਾਲ ਰੁਜ਼ਗਾਰ ਦੇ ਰਸਮੀਕਰਣ ਨੂੰ ਵੀ ਹੁਲਾਰਾ ਮਿਲੇਗਾ।
- 51 ਲੱਖ ਤੋਂ ਵੱਧ ਕਰਮਚਾਰੀਆਂ ਦੇ ਲਾਜ਼ਮੀ ਈਪੀਐੱਫਓ ਕਵਰੇਜ ਦੇ ਦਾਇਰੇ ਵਿੱਚ ਆਉਣ ਦੀ ਉਮੀਦ।
- ਸਰਕਾਰ ਦੇ ਮੌਜੂਦਾ 10,250 ਕਰੋੜ ਰੁਪਏ ਸਲਾਨਾ ਸਰਕਾਰੀ ਖਰਚ ਦੇ ਮੁਕਾਬਲੇ ਹੁਣ ਹਰ ਵਰ੍ਹੇ ਲਗਭਗ 11,339 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ।
- ਪੰਜ ਵਰ੍ਹਿਆਂ ਵਿੱਚ ਅਨੁਮਾਨਿਤ ਖਰਚ ਲਗਭਗ 56,696 ਕਰੋੜ ਰੁਪਏ ਹੈ।
- ਈਪੀਐੱਫਓ ਵੇਤਨ ਸੀਮਾ 2004 ਤੋਂ 2014 ਤੱਕ ਦੇ ਦਹਾਕੇ ਵਿੱਚ ਅਪਰਿਵਰਤਿਤ ਰਹੀ, ਸਤੰਬਰ 2014 ਵਿੱਚ ਇਸ ਨੂੰ ਵਧਾ ਕੇ 15,000 ਰੁਪਏ ਕਰ ਦਿੱਤਾ ਗਿਆ ਸੀ।
- ਮਨਜ਼ੂਰੀ ਤੋਂ ਵੱਧ ਕਰਮਚਾਰੀਆਂ ਨੂੰ ਪ੍ਰੋਵੀਡੈਂਟ ਫੰਡ ਵਿੱਚ ਬੱਚਤ, ਕਰਮਚਾਰੀ ਪੈਨਸ਼ਨ ਯੋਜਨਾ (ਈਪੀਐੱਸ) ਦੇ ਤਹਿਤ ਪੈਨਸ਼ਨ ਅਤੇ ਬੀਮਾ ਸੁਰੱਖਿਆ ਦਾ ਲਾਭ ਮਿਲ ਸਕੇਗਾ।
- ਕਰਮਚਾਰੀਆਂ ਦੇ ਪ੍ਰੋਵੀਡੈਂਟ ਫੰਡ ਅਤੇ ਪੈਨਸ਼ਨ ਦੇ ਲਈ ਹੋਣ ਵਾਲੇ ਲਾਜ਼ਮੀ ਯੋਗਦਾਨ ਅਤੇ ਪੈਨਸ਼ਨ ਯੋਗ ਵੇਤਨ ਨੂੰ ਉਨ੍ਹਾਂ ਦੇ ਮੌਜੂਦਾ ਵੇਤਨ ਦੇ ਅਨੁਸਾਰ ਤੈਅ ਕਰਨ ਵਿੱਚ ਮਦਦ ਮਿਲੇਗੀ।

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ ਕੋਡ QR ਸਕੈਨ ਕਰੋ।





ਅੰਤਰਰਾਸ਼ਟਰੀ ਸਪੇਸ ਸਮਿਟ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਸੰਬੋਧਨ

ਸਪੇਸ ਐਕਸਪਲੋਰੇਸ਼ਨ ਦਾ ਮੰਤਰ ਟਕਰਾਅ ਨਹੀਂ ਸਹਿਯੋਗ

ਮਨੁੱਖਾਂ ਦੀ ਕਲਪਨਾ ਨੂੰ ਸਦੀਆਂ ਤੋਂ ਪ੍ਰੇਰਿਤ ਕਰਨ ਵਾਲਾ ਪੁਲਾੜ ਅੱਜ ਧਰਤੀ 'ਤੇ, ਜਲਵਾਯੂ ਅਤੇ ਫਸਲਾਂ ਤੋਂ ਲੈ ਕੇ ਮਹਾਸਾਗਰਾਂ ਅਤੇ ਭਾਈਚਾਰਿਆਂ ਤੱਕ ਜੀਵਨ ਨੂੰ ਆਕਾਰ ਦੇ ਰਿਹਾ ਹੈ। ਸੰਭਾਵਨਾਵਾਂ ਨਾਲ ਭਰੇ ਪੁਲਾੜ ਬਾਰੇ ਗੱਲ ਕਰਨ ਦੇ ਲਈ ਪੈਰਿਸ ਵਿੱਚ 10 ਸਤੰਬਰ ਨੂੰ ਪਹਿਲੀ ਅੰਤਰਰਾਸ਼ਟਰੀ ਸਪੇਸ ਸਮਿਟ ਆਯੋਜਿਤ ਹੋਈ ਜਿਸ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪੁਲਾੜ ਦੀਆਂ ਸੰਭਾਵਨਾਵਾਂ ਅਥਾਹ ਹਨ ਅਤੇ ਇਸ ਦੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ....


ਭਾਰਤ ਦਾ ਦ੍ਰਿਸ਼ਟੀਕੋਣ ਵਸੁਧੈਵ ਕੁਟੁੰਬਕਮ ਦੇ ਸਿਧਾਂਤ 'ਤੇ ਅਧਾਰਿਤ ਹੈ, ਜਿਸ ਦਾ ਅਰਥ ਹੈ ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਸ ਭਾਵਨਾ ਨੂੰ ਹੁਣ ਧਰਤੀ ਤੋਂ ਪਰ੍ਹੇ ਵੀ ਲੈ ਜਾਣਾ ਹੋਵੇਗਾ। ਅਸੀਂ ਅੰਤਰਰਾਸ਼ਟਰੀ ਕਾਨੂੰਨ, ਸੰਵਾਦ ਅਤੇ ਬਹੁ-ਪੱਖੀ ਸਹਿਯੋਗ 'ਤੇ ਅਧਾਰਿਤ ਇੱਕ ਸੁਰੱਖਿਅਤ, ਸ਼ਾਂਤੀਪੂਰਨ ਅਤੇ ਟਿਕਾਊ ਪੁਲਾੜ ਕਾਰਜ ਖੇਤਰ ਦਾ ਸਮਰਥਨ ਕਰਦੇ ਹਾਂ। ਵਿਗਿਆਨਕ ਡੇਟਾ ਨੂੰ ਪਾਰਦਰਸ਼ਿਤਾ ਅਤੇ ਇਮਾਨਦਾਰੀ ਦੇ ਨਾਲ ਜਨਹਿਤ ਵਿੱਚ ਵਰਤੋਂ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਜਿਵੇਂ-ਜਿਵੇਂ ਔਰਬਿਟ ਵਿੱਚ ਭੀੜ ਵਧਦੀ ਜਾ ਰਹੀ ਹੈ, ਤਕਨਾਲੋਜੀਆਂ ਵਧੇਰੇ ਵਿਕਸਿਤ ਹੋ ਰਹੀਆਂ ਹਨ ਅਤੇ ਸਬੰਧਿਤ ਦੇਸ਼ਾਂ ਦੀ ਗਿਣਤੀ ਵਧ ਰਹੀ ਹੈ, ਸਾਡੇ ਵਿਕਲਪ ਨਿਸ਼ਚਿਤ ਤੌਰ 'ਤੇ ਸਪਸ਼ਟ ਹੋਣੇ ਚਾਹੀਦੇ ਹਨ। ਸੰਘਰਸ਼ ਦੀ ਥਾਂ ਸਹਿਯੋਗ ਅਤੇ ਘੱਟ ਸਮੇਂ ਦੇ ਲਾਭ ਦੀ ਥਾਂ ਸਥਿਰਤਾ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ ਕੋਡ QR ਸਕੈਨ ਕਰੋ।

ਪੁਲਾੜ ਖੇਤਰ ਵਿੱਚ ਉਪਲਬਧੀ ਪ੍ਰਾਪਤ ਕਰ ਰਿਹਾ ਹੈ ਭਾਰਤ

- ਚੰਦ੍ਰਯਾਨ -3 ਨੇ ਭਾਰਤ ਨੂੰ ਚੰਦ੍ਰਮਾ ਦੇ ਦੱਖਣੀ ਧਰੁਵ ਦੇ ਨੇੜੇ ਉਤਰਨ ਵਾਲਾ ਪਹਿਲਾ ਦੇਸ਼ ਬਣਾਇਆ।
- ਆਦਿਤਯ ਐੱਲ-1 ਸੂਰਜ ਦੇ ਰਹੱਸਾਂ ਨੂੰ ਉਜਾਗਰ ਕਰ ਰਿਹਾ ਹੈ। ਪਿਛਲੇ ਵਰ੍ਹੇ ਇੱਕ ਭਾਰਤੀ ਨੇ ਇੰਟਰਨੈਸ਼ਨਲ ਸਪੇਸ ਸਟੇਸ਼ਨ ਦਾ ਦੌਰਾ ਕੀਤਾ।
- ਭਵਿੱਖ ਵਿੱਚ, ਸਾਡਾ ਟੀਚਾ 2035 ਤੱਕ ਇੱਕ ਭਾਰਤੀ ਸਪੇਸ ਸਟੇਸ਼ਨ ਸਥਾਪਿਤ ਕਰਨਾ ਅਤੇ 2040 ਤੱਕ ਇੱਕ ਭਾਰਤੀ ਨੂੰ ਚੰਦ੍ਰਮਾ 'ਤੇ ਭੇਜਣਾ ਹੈ।
- 34 ਦੇਸ਼ਾਂ ਦੇ 430 ਤੋਂ ਵੱਧ ਸੈਟੇਲਾਈਟਸ ਭਾਰਤੀ ਰਾਕੇਟ ਰਾਹੀਂ ਪੁਲਾੜ ਵਿੱਚ ਭੇਜੇ ਜਾ ਚੁੱਕੇ ਹਨ।
- ਇਸਰੋ ਦੀਆਂ ਤਕਨਾਲੋਜੀਆਂ ਅਤੇ ਸਾਂਝੇਦਾਰੀਆਂ ਨਾ ਸਿਰਫ਼ ਭਾਰਤ ਸਗੋਂ ਸੰਪੂਰਨ ਵਿਸ਼ਵ ਦੇ ਲਈ ਉਪਯੋਗੀ।

> *"ਅਸੀਂ ਸਾਰੇ ਮਿਲ ਕੇ ਸਮੁੱਚੀ ਮਨੁੱਖਤਾ ਦੇ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਪੁਲਾੜ ਦੀ ਖੋਜ ਕਰਾਂਗੇ, ਮਿਲ ਕੇ ਨਵੀਨਤਾ ਕਰਾਂਗੇ ਅਤੇ ਮਿਲ ਕੇ ਪੁਲਾੜ ਦੀ ਰੱਖਿਆ ਕਰਾਂਗੇ।*
>
> *–ਨਰੇਂਦਰ ਮੋਦੀ, ਪ੍ਰਧਾਨ ਮੰਤਰੀ*





‘ਨਸ਼ਾਮੁਕਤ ਭਾਰਤ’

ਦਾ ਸੰਕਲਪ 2029 ਤੱਕ ਹੋਵੇਗਾ ਸਾਕਾਰ

ਨਾਰਕੋਟਿਕਸ ਇੱਕ ਅਜਿਹਾ ਅਪਰਾਧ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਖਤਮ ਕਰ ਸਕਦਾ ਹੈ। ਨਾਲ ਹੀ ਇਸ ਤੋਂ ਹਾਸਲ ਕੀਤੀ ਕਮਾਈ ਦੀ ਵਰਤੋਂ ਅੱਤਵਾਦ ਦੇ ਲਈ ਵੀ ਹੁੰਦੀ ਹੈ। ਨਾਰਕੋ-ਟੈਰਰ ਦਾ ਮੌਡਿਊਲ ਦੁਨੀਆ ਦੇ ਕਈ ਦੇਸ਼ਾਂ ਵਿੱਚ ਸਰਗਰਮ ਹੈ। ਪੂਰੀ ਦੁਨੀਆ ਅੱਜ ਇਸ ਸਮੱਸਿਆ ਨਾਲ ਜੂਝ ਰਹੀ ਹੈ। ਇਹੋ ਕਾਰਨ ਹੈ ਕਿ ਕੇਂਦਰ ਸਰਕਾਰ ਨੇ 2019 ਤੋਂ ਇਸ ‘ਤੇ ਨਕੇਲ ਕਸਣ ਦੀ ਠੋਸ ਵਿਵਸਥਾ ਕੀਤੀ ਅਤੇ ਹੁਣ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ 6 ਸਤੰਬਰ ਨੂੰ ਗੋਆ ਦੀ ਰਾਜਧਾਨੀ ਪਣਜੀ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ 2029 ਤੱਕ ‘ਨਸ਼ਾਮੁਕਤ ਭਾਰਤ’ ਦਾ ਸੰਕਲਪ ਕਰਾਂਗੇ ਸਾਕਾਰ....

ਦੇਸ਼ ਭਰ ਵਿੱਚ ਨਸ਼ੇ ਦੇ ਵਿਰੁੱਧ ਚੱਲ ਰਹੇ ਅਭਿਆਨ ਵਿੱਚ ਵਰ੍ਹੇ 2026 ਤੋਂ 2029 ਤੱਕ ਦੇ ਲਈ ਇੱਕ ਰੋਡਮੈਪ ਤਿਆਰ ਕੀਤਾ ਗਿਆ ਹੈ। ਇਸ ਰੋਡਮੈਪ ਦੇ ਤਹਿਤ ਸਾਰੇ ਸਬੰਧਿਤ ਵਿਭਾਗਾਂ ਅਤੇ ਸਾਰੀਆਂ ਰਾਜ ਸਰਕਾਰਾਂ ਨੂੰ ਨਾਲ ਲੈ ਕੇ ਭਾਰਤ ਦੇ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਨੂੰ ਨਾਰਕੋਟਿਕਸ ਤੋਂ ਮੁਕਤ ਬਣਾਉਣ ਦਾ ਟੀਚਾ ਰੱਖਿਆ ਹੈ। ਪਣਜੀ ਵਿੱਚ ਨਾਰਕੋਟਿਕਸ ਕੰਟਰੋਲ ‘ਤੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ 2014 ਤੋਂ ਪਹਿਲਾਂ ਇਹ ਲੜਾਈ ਟੁਕੜਿਆਂ-ਟੁਕੜਿਆਂ ਵਿੱਚ ਲੜੀ ਜਾਂਦੀ ਸੀ। ਛੋਟੀਆਂ ਜ਼ਬਤੀਆਂ ਕਰਕੇ ਅਤੇ ਛੋਟੇ ਦੋਸ਼ੀਆਂ ਨੂੰ ਫੜ ਕੇ ਸੰਤੋਸ਼ ਕਰ ਲਿਆ ਜਾਂਦਾ ਸੀ। ਪਰ 2019 ਤੋਂ ਇਸ ਵਿਸ਼ੇ ਨਸ਼ਿਆਂ ਵਿਰੁੱਧ ਲੜਾਈ ਫਾਈਲਾਂ ਅਤੇ ਵੱਖ-ਵੱਖ ਏਜੰਸੀਆਂ ਦੀ ਕਾਰਵਾਈ ਤੋਂ ਨਿਕਲ ਕੇ ਹੁਣ ਰਾਸ਼ਟਰੀ ਪੱਧਰ ‘ਤੇ ਤਾਲਮੇਲਪੂਰਨ ਅਤੇ ਟਿਕਾਊ ਅਭਿਆਨ ਬਣ ਗਈ ਹੈ। ਦੇਸ਼ ਤੋਂ ਜਿਵੇਂ ਨਕਸਲਵਾਦ ਖਤਮ ਹੋਇਆ, ਤਿਵੇਂ ਹੀ ਡਰਗੱਸ ਦੀ ਸਮੱਸਿਆ ਖਤਮ ਕਰਨ ਦੀ ਦਿਸ਼ਾ ਵੱਲ ਅੱਗੇ ਵਧ ਰਹੇ ਹਾਂ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਹੁਣ ਡਰਗੱਸ ਦੀ ਛੋਟੀ ਜਿਹੀ ਡੱਬੀ ਵੀ ਫੜੀ ਜਾਂਦੀ ਹੈ ਤਾਂ ਇਹ ਦੇਖਿਆ ਜਾਂਦਾ ਹੈ ਕਿ ਉਹ ਦੇਸ਼ ਵਿੱਚ ਕਿੱਥੋਂ ਆਈ। ਨੂੰ ਰਾਸ਼ਟਰੀ ਸੁਰੱਖਿਆ ਦੀ ਤਰਜੀਹ ਬਣਾਇਆ।

ਰੋਡਮੈਪ ਚਾਰ ਥੰਮ੍ਹਾਂ ‘ਤੇ ਅਧਾਰਿਤ : ਨਸ਼ਾ –ਮੁਕਤ ਭਾਰਤ ਦਾ ਰੋਡਮੈਪ ਚਾਰ ਥੰਮ੍ਹਾਂ ‘ਤੇ ਅਧਾਰਿਤ – ਇੰਟੈਲੀਜੈਂਸ ਅਤੇ ਆਪ੍ਰੇਸ਼ਨ ਅਧਾਰਿਤ ਇਨਫੋਰਸਮੈਂਟ, ਪ੍ਰੀਕਰਸਰ ਅਤੇ ਸਿੰਥੈਟਿਕ ਡਰੱਗਸ ਕੰਟਰੋਲ, ਡਿਮਾਂਡ ਐਂਡ ਹਾਰਮ ਰਿਡਕਸ਼ਨ ਅਤੇ ਸਮਰੱਥਾ ਨਿਰਮਾਣ ਅਤੇ ਤਾਲਮੇਲ।

ਤਿੰਨ ਵਰ੍ਹਿਆਂ ਦਾ ਰੋਡਮੈਪ : ‘ਨਸ਼ਾਮੁਕਤ ਭਾਰਤ’ ਬਣਾਉਣ ਦੇ ਲਈ ਜੁਲਾਈ 2026 ਤੋਂ ਜੁਲਾਈ 2029 ਤੱਕ ਦਾ ਤਿੰਨ ਵਰ੍ਹਿਆਂ ਦਾ ਰੋਡਮੈਪ ਤਿਆਰ ਹੈ।

ਡਰੱਗਸ ਦੀ ਜ਼ਬਤੀ : ਵਰ੍ਹੇ 2004-14 ਤੱਕ 40 ਹਜ਼ਾਰ ਕਰੋੜ ਰੁਪਏ ਦੀ 26 ਲੱਖ ਕਿਲੋਗ੍ਰਾਮ ਡਰੱਗ ਜ਼ਬਤ ਹੋਈ, ਜਦਕਿ 2014-2026 ਤੱਕ 1 ਲੱਖ 89 ਹਜ਼ਾਰ ਕਰੋੜ ਰੁਪਏ ਦੇ 1 ਕਰੋੜ 19 ਲੱਖ ਕਿਲੋਗ੍ਰਾਮ ਤੋਂ ਵੱਧ ਦੀ ਡਰੱਗਸ ਦੀ ਜ਼ਬਤੀ ਹੋਈ।

ਸਹੁੰ ਚੁਕਾਈ : ਨਸ਼ਾਮੁਕਤ ਭਾਰਤ ਅਭਿਆਨ ਦੇ ਤਹਿਤ 25 ਕਰੋੜ ਨਾਗਰਿਕਾਂ ਨਾਲ ਸੰਪਰਕ ਕਰਕੇ ਸਹੁੰ ਦਿਵਾਈ ਗਈ। 5 ਲੱਖ 70 ਹਜ਼ਾਰ ਨਾਗਰਿਕਾਂ ਨੂੰ ਨਸ਼ਾਮੁਕਤ ਕੀਤਾ ਗਿਆ।

ਨਸ਼ਾ ਮੁਕਤੀ ਕੇਂਦਰਾਂ ਦੀ ਗਿਣਤੀ : ਸਮਾਜਿਕ ਨਿਆਂ, ਸਿਹਤ ਵਿਭਾਗ ਅਤੇ ਜ਼ੇਲ੍ਹ ਪ੍ਰਸ਼ਾਸਨ ਮਿਲ ਕੇ ਕੇਂਦਰਾਂ ਦੀ ਗਿਣਤੀ 3 ਗੁਣਾ ਕਰ ਰਹੇ ਹਨ। 1751 ਕੀਤੇ ਜਾ ਰਹੇ ਹਨ।

ਅਭਿਆਨ : ਭਗੌੜਿਆਂ ਦੇ ਵਿਰੁੱਧ ਅਭਿਆਨ ਚਲਾਇਆ ਜਾ ਰਿਹਾ ਹੈ; ਆਰਥਿਕ ਅਪਰਾਧ, ਅੱਤਵਾਦ, ਨਾਰਕੋਟਿਕਸ ਅਤੇ ਗੈਂਗਵਾਰ ਵਿੱਚ ਸ਼ਾਮਲ ਭਗੌੜੇ ਭਾਰਤ ਦੀਆਂ ਅਦਾਲਤਾਂ ਵਿੱਚ ਲਿਆਂਦੇ ਗਏ।

ਸੰਕਲਪ : ਸਿੱਖਿਆ, ਯੁਵਾ ਅਤੇ ਖੇਡ ਮੰਤਰਾਲੇ ਅਤੇ ਸਿੱਖਿਆ ਸੰਸਥਾਨ, ਸਿੱਖਿਆ ਸੰਸਥਾਨਾਂ ਨੂੰ ਡਰੱਗ- ਫ੍ਰੀ ਬਣਾਉਣ ਦਾ ਸੰਕਲਪ ਲੈ ਰਹੇ ਹਨ।

ਨਸ਼ਾਮੁਕਤੀ ਮਿੱਤਰ : ਐੱਨਸੀਸੀ, ਐੱਨਐੱਸਐੱਸ ਅਤੇ My Bharat ਦੇ ਜ਼ਰੀਏ ਨਾਲ ਲੱਖਾਂ ‘ਨਸ਼ਾਮੁਕਤੀ ਮਿੱਤਰ ਤਿਆਰ ਕੀਤੇ ਜਾਣਗੇ।

ਨਵੀਂ ਧਾਰਨਾ : ਕੇਂਦਰ ਸਰਕਾਰ ਦੇ ਬੌਟਮ-ਟੂ-ਟੌਪ ਅਤੇ ਟੌਪ-ਟੂ –ਬੌਟਮ ਅਪ੍ਰੋਚ ਨਾਲ ਜਾਂਚ ਦੀ ਨਵੀਂ ਧਾਰਨਾ ਅਪਣਾਈ ਗਈ। ਵਿੱਤੀ ਜਾਂਚ ਅਤੇ PIT-NDPS ‘ਤੇ ਵਿਸ਼ੇਸ਼ ਜ਼ੋਰ। ■

ਪੈਰਿਸ ਵਿੱਚ ਸਵਾਮੀਨਾਰਾਇਣ ਮੰਦਿਰ ਦਾ ਉਦਘਾਟਨ

ਭਾਰਤ ਦੀ ਪ੍ਰਾਚੀਨ ਪ੍ਰਤਿਭਾ, ਫਰਾਂਸ ਦੀ ਆਧੁਨਿਕ ਇੰਜੀਨੀਅਰਿੰਗ ਦਾ ਸੰਗਮ

ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ 6 ਸਤੰਬਰ ਨੂੰ ਸ਼ਾਨਦਾਰ ਸਵਾਮੀਨਾਰਾਇਣ ਮੰਦਿਰ ਦਾ ਉਦਘਾਟਨ ਹੋਇਆ, ਜੋ ਭਾਰਤ ਅਤੇ ਫਰਾਂਸ ਦੇ ਸੱਭਿਆਚਾਰਕ ਸਬੰਧਾਂ ਦਾ ਨਵਾਂ ਯੁੱਗ ਥੰਮ੍ਹ ਬਣ ਗਿਆ। ਪੂਜਨੀਕ ਸੰਤਾਂ ਅਤੇ ਸਨਾਤਨ ਪਰੰਪਰਾ ਦੇ ਸ਼੍ਰੇਸ਼ਠ ਵਿਅਕਤੀਆਂ ਦੇ ਆਸ਼ੀਰਵਾਦ ਨਾਲ ਇਸ ਉਦਘਾਟਨ ਦਾ ਮੰਚ 'ਵਸੁਧੈਵ ਕੁਟੁੰਬਕਮ' ਦੇ ਭਾਵ ਦਾ ਮੰਚ ਵੀ ਬਣ ਗਿਆ। ਇਸ ਮੰਦਿਰ ਦੇ ਉਦਘਾਟਨ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਮੰਦਿਰ ਹੈ 'ਮੇਡ ਇਨ ਇੰਡੀਆ' ਅਤੇ 'ਬਿਲਟ ਇਨ ਫਰਾਂਸ' ...

ਜਦੋਂ ਵੱਖ-ਵੱਖ ਦੇਸ਼ਾਂ ਵਿੱਚ ਮੰਦਿਰਾਂ ਦੀ ਪ੍ਰਾਣ ਪ੍ਰਤਿਸ਼ਠਾ ਹੁੰਦੀ ਹੈ, ਤਾਂ ਉੱਥੇ ਭਾਰਤ ਦੇ ਪ੍ਰਾਚੀਨ ਵਿਚਾਰ ਅਤੇ ਮਨੁੱਖੀ ਕਦਰਾਂ ਕੀਮਤਾਂ ਵੀ ਨਾਲ-ਨਾਲ ਹੀ ਜਾਂਦੇ ਹਨ। ਭਾਰਤ ਦਾ ਵਿਚਾਰ ਕਹਿੰਦਾ ਹੈ 'ਸਮਾਨਂ ਸਨਃ ਸਹ ਚਿਤ੍ਤਮੇਸ਼ਾਮ੍' ਅਰਥਾਤ ਸਾਡੇ ਮਨ ਸਮਾਨ ਹੋਣ ਅਤੇ ਸਾਡੇ ਦਿਲ ਨਾਲ ਜੁੜਨ। ਪ੍ਰੋਗਰਾਮ ਦੇ ਦੌਰਾਨ ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਬੀਤੇ ਵਰ੍ਹਿਆਂ ਵਿੱਚ ਭਾਰਤ ਅਤੇ ਫਰਾਂਸ ਦੇ ਸਬੰਧ ਨਵੀਆਂ ਉਚਾਈਆਂ ਤੱਕ ਪਹੁੰਚੇ ਹਨ। ਸਵਾਮੀਨਾਰਾਇਣ ਮੰਦਿਰ ਹਮੇਸ਼ਾ ਤੋਂ ਭਗਤੀ ਦੇ ਨਾਲ-ਨਾਲ ਸੇਵਾ ਦਾ ਮਾਧਿਅਮ ਵੀ ਰਹੇ ਹਨ ਅਤੇ ਇਹ ਮੰਦਿਰ ਵੀ ਸੇਵਾ ਭਾਵ ਦਾ ਉਸੇ ਤਰ੍ਹਾਂ ਦਾ ਹੀ ਕੇਂਦਰ ਬਣੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੈਨੂੰ ਵਿਸ਼ਵਾਸ ਹੈ ਕਿ ਇੱਥੋਂ ਦੀ ਭਾਰਤੀ ਸੱਭਿਆਚਾਰ ਦੇ ਜੋ ਸੁਰ ਨਿਕਲਣਗੇ, ਉਨ੍ਹਾਂ ਦਾ ਲਾਭ ਪੂਰੇ ਯੂਰੋਪ ਵਿੱਚ ਲੋਕਾਂ ਨੂੰ ਮਿਲੇਗਾ। ਭਵਿੱਖ ਵਿੱਚ ਮੈਨੂੰ ਜਦੋਂ ਵੀ ਸਮਾਂ ਮਿਲੇਗਾ, ਮੈਂ ਇਸ ਮੰਦਿਰ ਵਿੱਚ ਦਰਸ਼ਨ ਕਰਨ ਦਾ ਯਤਨ ਜ਼ਰੂਰ ਕਰਾਂਗਾ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਸਹਿਯੋਗ ਅਤੇ ਸੰਭਾਵਨਾਵਾਂ ਦਾ ਪ੍ਰਤੀਕ ਬਣ ਕੇ ਉੱਭਰੇਗਾ ਮੰਦਿਰ

ਇਨ੍ਹੀਂ ਦਿਨੀਂ, ਭਾਰਤ- ਫਰਾਂਸ ਜੁਆਇੰਟ ਵੈਂਚਰਸ ਦੀਆਂ ਸੰਭਾਵਨਾਵਾਂ ਬਾਰੇ ਗੱਲਾਂ ਹੁੰਦੀਆਂ ਹਨ। ਸਵਾਮੀ ਨਾਰਾਇਣ ਮੰਦਿਰ ਨੇ ਇਸ ਸੰਭਾਵਨਾ ਵਿੱਚ ਵੀ ਇੱਕ ਨਵਾਂ ਆਯਾਮ ਜੋੜਿਆ ਹੈ। ਇਹ ਮੰਦਿਰ 'ਮੇਡ ਇਨ ਇੰਡੀਆ' ਹੈ ਅਤੇ 'ਬਿਲਟ ਇਨ ਫਰਾਂਸ' ਹੈ। ਇਸ ਦੇ ਕਾਫੀ ਪੱਥਰਾਂ ਨੂੰ ਭਾਰਤ ਵਿੱਚ ਤਰਾਸ਼ਿਆ ਗਿਆ ਹੈ। ਭਾਰਤ ਦੀ ਪ੍ਰਾਚੀਨ ਪ੍ਰਤਿਭਾ ਫਰਾਂਸ ਵਿੱਚ ਆਧੁਨਿਕ ਇੰਜੀਨੀਅਰਿੰਗ ਨਾਲ ਆ ਕੇ ਜੁੜੀ ਹੈ ਅਤੇ ਪੈਰਿਸ ਵਿੱਚ ਇਸ ਸ਼ਾਨਦਾਰ ਮੰਦਿਰ ਨੇ ਆਕਾਰ ਲਿਆ ਹੈ। ਆਪਣੇ ਸੰਬੋਧਨ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਲਈ, ਮੈਂ ਉਮੀਦ ਕਰਦਾ ਹਾਂ, ਇਹ ਮੰਦਿਰ ਭਾਰਤ ਅਤੇ ਫਰਾਂਸ ਦੇ ਦਰਮਿਆਨ ਸਹਿਯੋਗ ਅਤੇ ਸੰਭਾਵਨਾਵਾਂ ਦਾ ਵੀ ਪ੍ਰਤੀਕ ਬਣ ਕੇ ਉਭਰੇਗਾ।

ਵਿਸ਼ੇਸ਼ ਆਲਮੀ ਰਣਨੀਤਕ ਸਾਂਝੇਦਾਰੀ ਬਣਾ ਰਹੇ ਹਨ ਭਾਰਤ ਅਤੇ ਫਰਾਂਸ


ਭਾਰਤ ਅਤੇ ਫਰਾਂਸ, ਦੋਨੋਂ ਦੇਸ਼ ਇੱਕ ਵਿਸ਼ੇਸ਼ ਆਲਮੀ ਰਣਨੀਤਕ ਸਾਂਝੇਦਾਰੀ ਬਣਾ ਰਹੇ ਹਨ। ਤਕਨਾਲੋਜੀ, ਏਆਈ ਅਤੇ ਰੱਖਿਆ ਤੋਂ ਲੈ ਕੇ ਸਪੇਸ ਅਤੇ ਕਲਾਈਮੇਟ ਐਕਸ਼ਨ ਤੱਕ ਇੱਕ ਨਵੀਂ ਗਤੀ ਅਤੇ ਨਵੀ ਊਰਜਾ ਦੇ ਨਾਲ ਮਿਲ ਕੇ ਅੱਗੇ ਵਧ ਰਿਹਾ ਹੈ। ਦੋਨੋਂ ਦੇਸ਼, ਵਰ੍ਹੇ 2026 ਨੂੰ ਭਾਰਤ-ਫਰਾਂਸ ਈਅਰ ਆਫ ਇਨੋਵੇਸ਼ਨ ਦੇ ਰੂਪ ਵਿੱਚ ਵੀ ਮਨਾ ਰਹੇ ਹਨ। ਭਾਰਤ-ਫਰਾਂਸ ਦੀ ਇਹ ਰਣਨੀਤਕ ਸਾਂਝੇਦਾਰੀ ਇਸ ਲਈ ਵੀ ਖਾਸ ਹੈ, ਕਿਉਂਕਿ ਇਹ ਪੁਰਾਣੇ ਸੱਭਿਆਚਾਰਕ- ਰਾਜਨੀਤਕ ਸਬੰਧਾਂ ਦੀ ਮਜ਼ਬੂਤ ਬੁਨਿਆਦ 'ਤੇ ਟਿਕੀ ਹੋਈ ਹੈ। ਇਤਿਹਾਸ ਗਵਾਹ ਹੈ, ਫਰਾਂਸ ਵਿੱਚ ਭਾਰਤੀ ਸੈਨਿਕਾਂ ਦਾ ਬਲੀਦਾਨ ਅੱਜ ਵੀ ਮਨ- ਮੰਦਿਰ ਵਿੱਚ ਜੀਵਤ ਹੈ। ਭਾਸ਼ਾ ਨਾਲ ਜੁੜੇ ਵਿਸ਼ਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਇਹ ਵੀ ਜਾਣਦੇ ਹਨ ਕਿ ਫ੍ਰੈਂਚ ਸਕੌਲਰਸ ਨੇ ਸੰਸਕ੍ਰਿਤ ਨੂੰ ਲੋਕਪ੍ਰਿਯ ਬਣਾਉਣ ਵਿੱਚ ਕਿੰਨੀ ਅਹਿਮ ਭੂਮਿਕਾ ਨਿਭਾਈ ਹੈ। ਰਾਮਕ੍ਰਿਸ਼ਣ ਪਰਮਹੰਸ ਅਤੇ ਸਵਾਮੀ ਵਿਵੇਕਾਨੰਦ 'ਤੇ ਰੋਮਾਂ ਰੋਲਾਂ ਦੀ ਲੇਖਨੀ ਦੋਵੇਂ ਸਮਾਜਾਂ ਨੂੰ ਹੋਰ ਨੇੜੇ ਲਿਆਈਆਂ। ਪੈਰਿਸ ਤੋਂ ਪੁਡੂਚੇਰੀ ਦੇ ਅਰਬਿੰਦੋ ਆਸ਼ਰਮ ਤੱਕ 'ਦ ਮਦਰ' ਦੀ ਅਧਿਆਤਮਿਕ ਯਾਤਰਾ ਨੇ ਕਿੰਨੇ ਹੀ ਭਾਰਤੀ ਅਤੇ ਫ੍ਰੈਂਚ ਸਾਧਕਾਂ ਨੂੰ ਪ੍ਰੇਰਿਤ ਕੀਤਾ।

ਦੋਵੇਂ ਦੇਸ਼ਾਂ ਦੇ ਸੱਭਿਆਚਾਰਕ ਸਬੰਧਾਂ ਦਾ ਇੱਕ ਨਵਾਂ ਅਧਿਆਏ

ਦਹਾਕਿਆਂ ਪਹਿਲਾਂ ਸ਼੍ਰੀਲ ਪ੍ਰਭੂਪਦ ਸਵਾਮੀ ਵੀ ਫਰਾਂਸ ਆਏ ਸੀ। ਇਸਕੌਨ ਦੇ ਜ਼ਰੀਏ ਭਾਰਤ ਫਰਾਂਸ ਦੇ ਦਰਮਿਆਨ ਅਧਿਆਤਮਿਕ ਸਬੰਧਾਂ ਦਾ ਇੱਕ ਨਵਾਂ ਅਧਿਆਏ ਉਨ੍ਹਾਂ ਨੇ ਸ਼ੁਰੂ ਕੀਤਾ ਸੀ। ਅੱਜ ਯੋਗ ਵੀ ਭਾਰਤ- ਫਰਾਂਸ ਦੇ ਪੀਪੁਲ ਟੂ ਪੀਪੁਲ ਕਨੈਕਟ ਦਾ ਇੱਕ ਜ਼ਰੀਆ ਬਣ ਚੁੱਕਿਆ ਹੈ। 'ਇੰਟਰਨੈਸ਼ਨਲ ਯੋਗਾ ਡੇਅ' 'ਤੇ ਐਫਿਲ ਟਾਵਰ ਦੇ ਸਾਹਮਣੇ ਤੋਂ ਆਉਣ ਵਾਲੀਆਂ ਤਸਵੀਰਾਂ ਫਰਾਂਸ ਵਿੱਚ ਯੋਗਾ ਦੀ ਪ੍ਰਸਿੱਧੀ ਦੀ ਉਦਾਹਰਣ ਦੱਸਦੀਆਂ ਹਨ। ਹੁਣ BAPS ਦੇ ਇਸ ਸ਼ਾਨਦਾਰ ਮੰਦਿਰ ਦੇ ਜ਼ਰੀਏ, ਦੋਵੇਂ ਦੇਸ਼ਾਂ ਦੇ ਸੱਭਿਆਚਾਰਕ ਸਬੰਧਾਂ ਵਿੱਚ ਇੱਕ ਨਵਾਂ ਅਧਿਆਏ ਜੁੜ ਰਿਹਾ ਹੈ।

> ***“ਇਹ ਮੰਦਿਰ ਫਰਾਂਸ ਦੀ ਵਿਭਿੰਨਤਾ ਨੂੰ ਤਾਂ ਸਮ੍ਰਿੱਧ ਕਰੇਗਾ ਹੀ, ਇਸ ਨਾਲ ਭਾਰਤ ਅਤੇ ਫਰਾਂਸ ਦੇ ਸੱਭਿਆਚਾਰਕ ਸਬੰਧਾਂ ਨੂੰ ਵੀ ਊਰਜਾ ਮਿਲੇਗੀ।***
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***





ਜਿਨ੍ਹਾਂ ਨੇ ਹੇਠਾਂ ਨਹੀਂ ਡਿੱਗਣ ਦਿੱਤਾ ਰਾਸ਼ਟਰੀ ਝੰਡਾ

ਇੱਕ ਅਜਿਹਾ ਸੁਤੰਤਰਤਾ ਸੈਨਾਨੀ ਜਿਸ ਨੇ ਅੰਗਰੇਜ਼ਾਂ ਦੇ ਅੱਗੇ ਰਾਸ਼ਟਰੀ ਝੰਡੇ ਨੂੰ ਜ਼ਮੀਨ 'ਤੇ ਡਿੱਗਣ ਨਹੀਂ ਦਿੱਤਾ। ਰਾਸ਼ਟਰੀ ਝੰਡੇ ਨੂੰ ਹੱਥ ਵਿੱਚ ਫੜੀ ਰੱਖਿਆ, ਭਾਵੇਂ ਹੀ ਇਸ ਝੰਡੇ ਦੀ ਰੱਖਿਆ ਕਰਦੇ ਹੋਏ ਉਨ੍ਹਾਂ ਦੀ ਜਾਨ ਚਲੀ ਗਈ। ਜਾਨ ਵਾਰਨ ਵਾਲੇ ਇਸ ਸੁਤੰਤਰਤਾ ਸੈਨਾਨੀ ਦਾ ਨਾਮ ਹੈ ਤਿਰੁੱਪੁਰ ਕੁਮਾਰਨ। ਬ੍ਰਿਟਿਸ਼ ਸਰਕਾਰ ਨੇ ਉਸ ਸਮੇਂ ਭਾਰਤੀ ਝੰਡੇ 'ਤੇ ਰੋਕ ਲਗਾ ਰੱਖੀ ਸੀ। ਉਨ੍ਹਾਂ ਦੇ ਇਸ ਬਲੀਦਾਨ ਨੇ ਸਿਰਫ਼ ਵਿਰੋਧ ਦਾ ਕੰਮ ਨਹੀਂ ਕੀਤਾ ਸੀ, ਸਗੋਂ ਦੇਸ਼ਵਾਸੀਆਂ ਵਿੱਚ ਏਕਤਾ, ਸਨਮਾਨ ਅਤੇ ਦਲੇਰੀ ਦੀ ਭਾਵਨਾ ਜਗਾਉਣ ਦਾ ਸੱਦਾ ਵੀ ਦਿੱਤਾ ਸੀ। ਅੱਜ ਵੀ ਤਿਰੁੱਪੁਰ ਕੁਮਾਰਨ ਦਾ ਇਹ ਸਾਹਸ ਨਾਗਰਿਕਾਂ ਨੂੰ ਨਿਰੰਤਰ ਕਰਦਾ ਹੈ ਪ੍ਰੇਰਿਤ...

ਜਨਮ : 4 ਅਕਤੂਬਰ, 1904, ■ ਸ਼ਹਾਦਤ : 11 ਜਨਵਰੀ, 1932

ਸੁਤੰਤਰਤਾ ਸੈਨਾਨੀ ਅਤੇ ਕ੍ਰਾਂਤੀਕਾਰੀ ਤਿਰੁੱਪੁਰ ਕੁਮਾਰਨ ਦਾ ਜਨਮ 4 ਅਕਤੂਬਰ, 1904 ਨੂੰ ਚੇੱਨੀਮਲਾਈ ਵਿੱਚ ਹੋਇਆ ਸੀ ਜੋ ਹੁਣ ਤਮਿਲ ਨਾਡੂ ਦੇ ਇਰੋਡ ਵਿਖੇ ਸਥਿਤ ਹੈ। ਜਦੋਂ ਦੇਸ਼ ਵਿੱਚ ਆਜ਼ਾਦੀ ਦੀ ਲਹਿਰ ਜ਼ੋਰ ਫੜ ਰਹੀ ਸੀ ਤਾਂ ਕੁਮਾਰਨ ਵੀ ਉਸ ਤੋਂ ਪ੍ਰਭਾਵਿਤ ਹੋਏ। ਮਹਾਤਮਾ ਗਾਂਧੀ ਦੇ ਸਿਧਾਂਤਾਂ ਅਤੇ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਆਜ਼ਾਦੀ ਦੇ ਅੰਦੋਲਨਾਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ। 1932 ਵਿੱਚ ਜਦੋਂ ਗਾਂਧੀ ਜੀ ਨੇ ਬੰਬੇ ਵਿੱਚ ਇੱਕ ਪ੍ਰਦਰਸ਼ਨ ਦੀ ਅਗਵਾਈ ਕੀਤੀ ਤਾਂ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੀ ਗ੍ਰਿਫਤਾਰੀ ਦੇ ਵਿਰੁੱਧ ਪੂਰੇ ਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਹੋਏ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਲੋਕ ਰਾਸ਼ਟਰੀ ਝੰਡੇ ਨੂੰ ਲੈ ਕੇ ਚੱਲ ਰਹੇ ਸਨ, ਜਿਸ 'ਤੇ ਉਸ ਸਮੇਂ ਪਾਬੰਦੀ ਲੱਗੀ ਹੋਈ ਸੀ। ਉਹ ਇਸ ਨੂੰ ਸਨਮਾਨ ਅਤੇ ਵਿਰੋਧ, ਦੋਵਾਂ ਦੇ ਤੌਰ 'ਤੇ ਲੈ ਜਾ ਰਹੇ ਸਨ। ਝੰਡਾ ਫੜਨ ਵਾਲੇ ਪ੍ਰਦਰਸ਼ਨਕਾਰੀਆਂ ਵਿੱਚ ਤਿਰੁੱਪੁਰ ਕੁਮਾਰਨ ਵੀ ਸ਼ਾਮਲ ਸਨ। ਜਦੋਂ ਬ੍ਰਿਟਿਸ਼ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕੀਤਾ ਤਾਂ ਕੁਮਾਰਨ ਉੱਥੋਂ ਹਟੇ ਨਹੀਂ। ਪੁਲਿਸ ਨੇ ਕੁਮਾਰਨ ਸਮੇਤ ਪ੍ਰਦਰਸ਼ਨਕਾਰੀਆਂ ਦੀ ਬੁਰੀ ਤਰ੍ਹਾਂ ਨਾਲ ਪਿਟਾਈ ਕੀਤੀ। ਅਜਿਹੇ ਵਿੱਚ ਉਹ ਡਿੱਗ ਤਾਂ ਗਏ ਪਰ ਉਨ੍ਹਾਂ ਨੇ ਝੰਡੇ ਨੂੰ ਜ਼ਮੀਨ ਨੂੰ ਨਹੀਂ ਛੂਹਣ ਦਿੱਤਾ। 11 ਜਨਵਰੀ 1932 ਨੂੰ ਗੰਭੀਰ ਸੱਟ ਲੱਗਣ ਦੇ ਕਾਰਨ ਇਸ 27 ਵਰ੍ਹਿਆਂ ਦੇ ਸੁਤੰਤਰਤਾ ਸੈਨਾਨੀ ਦਾ ਦੇਹਾਂਤ ਹੋ ਗਿਆ।

'ਕੋਡੀ ਕਾਥਾ ਕੁਮਾਰਨ' ਯਾਨੀ 'ਤਿਰੰਗੇ ਦੀ ਰੱਖਿਆ ਕਰਨ ਵਾਲੇ ਕੁਮਾਰਨ' ਦੇ ਨਾਮ ਨਾਲ ਪਛਾਣ ਰੱਖਣ ਵਾਲੇ ਤਿਰੁੱਪੁਰ ਕੁਮਾਰਨ ਦੀ ਵਿਰਾਸਤ ਭਾਰਤ ਮਾਤਾ ਦੇ ਪ੍ਰਤੀ ਅਟੁੱਟ ਨਿਸ਼ਠਾ ਅਤੇ ਅਨਿਆਂ ਦੇ ਵਿਰੁੱਧ ਅਟੱਲ ਸੰਕਲਪ ਦਾ ਸੰਗਮ ਹੈ। ਆਖਰੀ ਪਲਾਂ ਵਿੱਚ ਵੀ ਤਿਰੰਗੇ ਨੂੰ ਮਜ਼ਬੂਤੀ ਨਾਲ ਫੜੇ ਰੱਖਣ ਦਾ ਉਨ੍ਹਾਂ ਦਾ ਜਜ਼ਬਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਜ਼ਾਦੀ ਬੇਮਿਸਾਲ ਦਲੇਰੀ ਅਤੇ ਮਾਤ੍ਰਭੂਮੀ ਦੇ ਪ੍ਰਤੀ ਅਟੁੱਟ ਪ੍ਰੇਮ ਨਾਲ ਹਾਸਲ ਕੀਤੀ ਗਈ ਸੀ। ਉਨ੍ਹਾਂ ਦੀ ਬਹਾਦਰੀ ਦੀ ਯਾਦ ਹਰ ਪੀੜ੍ਹੀ ਨੂੰ ਰਾਸ਼ਟਰੀ ਝੰਡੇ ਦੀ ਰੱਖਿਆ ਕਰਨ, ਮੁਸ਼ਕਲ ਨਾਲ ਮਿਲੀ ਆਜ਼ਾਦੀ ਦਾ ਸਨਮਾਨ ਕਰਨ ਅਤੇ ਪੂਰੀ ਨਿਸ਼ਠਾ ਅਤੇ ਤਿਆਗ ਦੇ ਨਾਲ ਰਾਸ਼ਟਰ ਦੀ ਸੇਵਾ ਕਰਨ ਦੇ ਲਈ ਪ੍ਰੇਰਿਤ ਕਰਦੀ ਹੈ।

ਅਹੁਦਾ ਸੰਭਾਲਣ ਤੋਂ ਬਾਅਦ ਤਮਿਲ ਨਾਡੂ ਦੀ ਆਪਣੀ ਪਹਿਲੀ ਯਾਤਰਾ 'ਤੇ ਕੋਇੰਬਟੂਰ ਪਹੁੰਚਣ 'ਤੇ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਣਨ ਨੇ ਤਿਰੁੱਪੁਰ ਕੁਮਾਰਨ ਦੀ ਪ੍ਰਤਿਮਾ 'ਤੇ ਪੁਸ਼ਪਾਂਜਲੀ ਅਰਪਿਤ ਕੀਤੀ ਸੀ। ਨਾਲ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 4 ਅਕਤੂਬਰ 2025 ਨੂੰ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੀ ਮਹਾਨ ਸ਼ਖਸੀਅਤ –ਤਿਰੁੱਪੁਰ ਕੁਮਾਰਨ ਨੂੰ ਉਨ੍ਹਾਂ ਦੇ ਯਾਦਗਾਰੀ ਦਿਵਸ 'ਤੇ ਯਾਦ ਕੀਤਾ ਅਤੇ ਪਿਆਰ ਭਰੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਦਿਨ ਅਸੀਂ ਭਾਰਤ ਮਾਤਾ ਦੇ ਮਹਾਨ ਸਪੂਤ ਤਿਰੁੱਪੁਰ ਕੁਮਾਰਨ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਨੂੰ ਨਮਨ ਕਰਦੇ ਹਾਂ। ਉਹ ਮਹਾਨ ਰਾਜ ਤਮਿਲ ਨਾਡੂ ਤੋਂ ਸਨ। ਉਨ੍ਹਾਂ ਨੇ ਭਾਰਤ ਦੀ ਸੁਤੰਤਰਤਾ ਅਤੇ ਰਾਸ਼ਟਰਵਾਦ ਦੀ ਭਾਵਨਾ ਜਾਗ੍ਰਿਤ ਕਰਨ ਦੇ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਤਿਰੁੱਪੁਰ ਕੁਮਾਰਨ ਰਾਸ਼ਟਰੀ ਝੰਡਾ ਫੜੇ ਹੋਏ ਸ਼ਹੀਦ ਹੋਏ ਅਤੇ ਇਸ ਤਰ੍ਹਾਂ ਦਿਖਾਇਆ ਕਿ ਅਦੁੱਤੀ ਦਲੇਰੀ ਅਤੇ ਨਿਰਸੁਆਰਥ ਬਲੀਦਾਨ ਕੀ ਹੁੰਦਾ ਹੈ। ਇਸ ਮਹਾਨ ਸ਼ਖਸੀਅਤ ਦੇ ਯਤਨ ਸਾਡੀ ਸਮੂਹਿਕ ਯਾਦ ਵਿੱਚ ਅੰਕਿਤ ਹਨ। ਸਾਨੂੰ ਉਨ੍ਹਾਂ ਅਣਗਿਣਤ ਲੋਕਾਂ ਦੇ ਸੰਘਰਸ਼ਾਂ ਅਤੇ ਕਸ਼ਟਾਂ ਦੀ ਯਾਦ ਦਿਵਾਉਂਦੇ ਹਨ ਜਿਨ੍ਹਾਂ ਨੇ ਬਸਤੀਵਾਦੀ ਸ਼ਾਸਨ ਤੋਂ ਸਾਡੀ ਸੁਤੰਤਰਤਾ ਨੂੰ ਯਕੀਨੀ ਬਣਾਇਆ। ਪ੍ਰਮਾਤਮਾ ਕਰੇ ਕਿ ਉਨ੍ਹਾਂ ਦਾ ਯੋਗਦਾਨ ਸਾਨੂੰ ਸਾਰਿਆਂ ਨੂੰ ਰਾਸ਼ਟਰ ਦੇ ਵਿਕਾਸ ਅਤੇ ਏਕਤਾ ਦੇ ਲਈ ਕੰਮ ਕਰਨ ਲਈ ਪ੍ਰੇਰਿਤ ਕਰਦਾ ਰਹੇ। ▪



PMO India
@PMOIndia

आज विश्व एक बड़े उथल-पुथल के दौर से गुजर रहा है।

दुनिया के कई हिस्सों में संघर्ष की स्थिति बनी हुई है।

Food, fuel या supply chains, हर क्षेत्र में अनिश्चितता का प्रभाव पड़ रहा है।

इस चुनौतीपूर्ण माहौल में भी भारत की economy ने अपनी गति बनाए रखी है।

पिछले quarter में हमने 7.8 प्रतिशत की growth दर्ज की है।

आज भारत की growth story दुनिया के लिए विश्वास और नए अवसरों का स्रोत बन रही है: PM @narendramodi



Rajnath Singh
@rajnathsingh

आत्मनिर्भरता केवल हथियार और उपकरण बनाने तक सीमित नहीं है। यह हमारे चरित्र, सोच और आत्मविश्वास का हिस्सा होनी चाहिए। जिस देश के पास अपनी टेक्नोलॉजी होती है, उसके पास अपना भविष्य तय करने की ताकत भी होती है।



Amit Shah
@AmitShah

लोकतंत्र में परफॉर्मेंस और डिलीवरी पर मिला जनादेश ही सबसे बड़ा प्रमाणपत्र होता है, और जनता ने 25 वर्षों तक मोदी जी को यह जनादेश दिया है।
#SevaSankalpAbhiyan



Nitin Gadkari
@nitin_gadkari

A moment to shape the future of the Global South!

🇮🇳India is all set to host the XVIII BRICS Summit —bringing together 11 nations, 49% of the world's population and 40% of global GDP.

#BRICS2026 #BRICSIndia2026



Shivraj Singh Chouhan
@ChouhanShivraj

यशस्वी प्रधानमंत्री श्री @narendramodi जी के नेतृत्व में हमारी सरकार किसान के हित में लगातार काम कर रही है। किसान दिन-रात मेहनत करता है, ऐसे में अगर उसे नकली या घटिया बीज और खाद मिल जाए तो उसकी पूरी मेहनत पर पानी फिर जाता है।

इसीलिए नकली और अमानक बीज के खिलाफ कड़ा कानून लाने की दिशा में हम आगे बढ़ रहे हैं। 10 सितंबर को देशभर के किसान संगठनों के प्रतिनिधियों के साथ बैठकर प्रस्तावित सीड एक्ट पर उनकी बात सुनेंगे और उनके सुझाव लेंगे।

किसान को अच्छी गुणवत्ता का बीज मिले और नकली बीज बेचकर उसे नुकसान पहुँचाने वालों पर सख्त कार्रवाई हो; हमारा यही संकल्प है।



Kiren Rijiju
@KirenRijiju

Hello India! भारत से जुड़ रही दुनिया... !

उज़्बेकिस्तान से दक्षिण अफ़्रीका और बेलारूस से वियतनाम व युगांडा तक, हर आवाज़ में भारत के प्रति अपनापन और सम्मान देखने को मिला। नई दिल्ली में BRICS के मंच पर विभिन्न देशों के साथ 'वसुधैव कुटुम्बकम्' की भावना की सुंदर झलक दिखाई दी।



भारतीय कूटनीति की बड़ी जीत : ब्रिक्स का दिल्ली घोषणापत्र जारी...पहलगाम आतंकी हमले की एक सुर में निंदा

युद्ध-टैरिफ थोपने व आतंक के खिलाफ एकजुट

अमेरिका और इस्राइल का नाम लिए बगैर फलस्तीन के हक की बात भी | डब्ल्यूटीओ के नियम माने जाएं : जबरन लगाए आर्थिक प्रतिबंध स्वीकार्य नहीं



ब्रिक्स सम्मेलन के पहले दिन पीएम मोदी, पुतिन व शिनपिंग की यह गर्मजोशी सभी में रही। ट्रेंडमें

किसने क्या कहा...

अब दुनिया के नियम ब्रिक्स देश बनाएं : मोदी

- सुधार का 10 सूत्रीय रोडमैप
- विरोधाभिकार का पितामिह नहीं, साझेदारी का मंच
- सीमापार शासन मुख्य का 10 सूत्रीय रोडमैप का प्रस्ताव
- संयुक्त राष्ट्र सुरक्षा परिषद में सुधार अब और टाले जाने का समय : इसके लिए आतंकवाद को दोहरे मापदंड छोड़ने होंगे।

चीन : जिनपिंग बोले- आंतरिक मामलों में दूसरों के दखल का विरोध करना चाहिए

चीन के राष्ट्रपति शी जिनपिंग ने कहा, ब्रिक्स देशों को संप्रभुता की सम्मानजनक रक्षा करनी चाहिए। दूसरे देशों की संप्रभुता के उल्लंघन और उनके आंतरिक मामलों में दखल के खिलाफ विरोध करना चाहिए। एकतरफा या संरक्षणवाद का समर्थन नहीं करना चाहिए। यूक्रेन संकट पर चीन के रुख को दोहराते हुए शी ने कहा कि सभी देशों की वैध सुरक्षा चिंताओं का समाधान होना चाहिए।

ईरान : पेजेशकियान बोले- पश्चिम एशिया को अमेरिकी पुलिसगीरी की जरूरत नहीं

ईरान के राष्ट्रपति मसूद पेजेशकियान ने कहा कि पश्चिम एशिया का समाधान खुलकर है। उसे लगातार सहायक की जरूरत नहीं। किसी बाहर देशों के लिए दुनिया की दुर्लभ है जिस अमेरिका ही। पेजेशकियान ने कहा कि किसी देश को सशस्त्र या राजनीतिक तरीकों देशों के विकास बाधक पैदा करने के लिए नहीं होना चाहिए।

- ब्रिक्स को वास्तविक चुनौतियों और वास्तविकताओं के अनुरूप होना चाहिए।
- भागीदार देशों को आतिथ्य सम्मेलनों से जोड़ना चाहिए।
- ब्रिक्स को अपने आर्थिक सहयोग को और बेहतर बनाने के लिए नई तकनीकों का इस्तेमाल करना चाहिए।

सहमति के लिए तड़के 4 बजे तक चला विमर्श

नई दिल्ली घोषणापत्र पर ब्रिक्स देशों के बीच सहमति सुबह 4 बजे तक चली। सूत्रों के अनुसार, शुरुआती मसौदे में ईरान, रूस और चीन के बीच पश्चिमी भाषण देशों के जोरदार विरोध के बाद संशोधन किए गए। इस दौरान भारतीय पुलिसी की भूमिका अहम रही।

केंद्र ने कैबिनेट बैठक में आठ रेल परियोजनाओं को मंजूरी दी

फैसला : दबाव वाले रेलवे कॉरिडोर चार लेन के होंगे

नई दिल्ली, विशेष संवाददाता। केंद्रीय मंत्री मंडल की अध्यक्षता में आर्थिक मामलों की मंत्रिमंडलीय समिति (सीसीईए) ने बुधवार को आठ रेल परियोजनाओं को मंजूरी दी। इनकी लागत 20 हजार करोड़ रुपये से अधिक है। इन परियोजनाओं में जहां रेलवे कॉरिडोर पर तीसरी और चौथी लाइन भी तैयार की जाएगी।

इन परियोजनाओं में खड़गपुर-झारसुगुड़ा, पलासी-नैहाटी रेल खंड के बीच चौथी लाइन और विजयनगर (उमरकूट)-पेंड्रा रोड रेल खंड के बीच तीसरी लाइन का निर्माण किया जाएगा। दूसरी ओर अंकलेश्वर-रेगिंदुर, जाटाराटोला-बंगपोस के बीच तीसरी और चौथी लाइन बिछाने तथा सिकंदराबाद (घाटकेसर)-काजीपेट खंड में मल्टी ट्रैकिंग का काम भी होगा। साथ ही डायर-ओलपुर और रेंगनकनन-रिंदिंगुल खंड में भी तृतीय लाइन का दोहरीकरण किया जाएगा।

अधिकारियों के मुताबिक रेलवे को इन परियोजनाओं से रेल लाइन की क्षमता बढ़ेगी, जिससे परिचालन सहज और सेवा को विश्वसनीयता में भी सुधार होगा। इससे चौबीसों घंटे माल ढुलाई संभव हो सकेगी। इसके अलावा, यात्री ट्रेनों को भी समय पर चलाने में मदद मिलेगी।

झारखंड सरकार को राज्यों को लाभ : जानकारी के अनुसार, पश्चिम बंगाल, झारखंड, ओडिशा, बिहार, उत्तर प्रदेश, छत्तीसगढ़, तमिलनाडु, आंध्र प्रदेश, कर्नाटक और तेलंगाना के 20 से अधिक जिलों में फैली परियोजनाओं से भारतीय रेल के मौजूदा नेटवर्क में 1200 किलोमीटर की वृद्धि होगी। इन



रेलमंत्री वैष्णव ने आठ रेल परियोजनाओं को मंजूरी दी। जानकारी देते रेल मंत्री अश्विनी वैष्णव। • एजेंसी

कहां क्या काम

- अंकलेश्वर-रेगिंदुरा खंड (77 किमी) : तीसरी, चौथी लाइन
- वाघाटोला-बंगपोस रेल खंड (47 किमी) : तीसरी, चौथी लाइन
- झारसुगुड़ा-झारसुगुड़ा रेल खंड (झगपेही) : चौथी लाइन
- खरदी-पेंड्रा रोड : चौथी लाइन
- बिलासपुर (उसलापुर)-पेंड्रा रोड रेल खंड : तीसरी लाइन
- होसूर-ओमलूर रेल खंड (147 किमी) : जेटीएलएस
- सलेम-ऊकर-डिंडीगुल रेल खंड (159 किमी) : दोहरीकरण
- घाटकेसर से काजीपेट तक (110 किमी) : मल्टीट्रैकिंग

इन परियोजनाओं से बेहतर संपर्क, त्वरित आवाजाही, लागत में कमी सुनिश्चित होगी। इससे लाखों लोगों को फायदा होगा। दूसरों की क्षमता बढ़ेगी। -नरेंद्र मोदी, प्रधानमंत्री

20 हजार करोड़ रुपये से अधिक इन प्रोजेक्ट पर खर्च किए जाएंगे

1200 किलोमीटर की वृद्धि होगी रेल नेटवर्क में

ये फायदे भी होंगे

- कोयला, सीमेंट, लौह और स्टील परिवहन के लिए अलग इस मार्ग से हर साल 2.7 करोड़ टन अतिरिक्त माल की ढुलाई होगी।
- अमलगेटल, काछना टाइटर रिजर्व, एकमुखी महादेव मंदिर, अलनवुरी तक रनवेटिरी।

मई-जून तक बुलेट ट्रेन का परीक्षण संभव

रेल मंत्री अश्विनी वैष्णव ने बुलेट ट्रेन प्रोजेक्ट पर कहा, देश में विकसित पहली बार रही हाई-स्पीड ट्रेन अगले साल मई-जून तक परीक्षण के लिए तैयार हो जाएगी। 100 किलोमीटर प्रति घंटे से शुरू होकर 320 से 350 किलोमीटर प्रति घंटे तक की रफ्तार तक परीक्षण होगा।

ये परियोजनाएं सरकार के न्यू इंडिया के विजन के अनुरूप हैं। इससे व्यापक विकास को बढ़ावा मिलेगा, जिससे लोगों के लिए रोजगार और स्वरोजगार के अवसर बढ़ेंगे। - अश्विनी वैष्णव, रेलमंत्री

प्रौद्योगिकी व दुर्लभ खनिजों का हथियारों के तौर पर इस्तेमाल खतरनाक : मोदी

- बिरसा मिसाइल सम्मेलन के समापन समारोह को संबोधित कर रहे थे प्रधानमंत्री
- चीन के लक्ष्मण के दौरान द्विपक्षीय भी मुलाकात में
- भारत ने 2 अगस्त को बिरसा मिसाइल सम्मेलन के साथ ही एकीकृत मिसाइल विकास कार्यक्रम की शुरुआत की थी।



भारत मानता है बिरसा मिसाइल सम्मेलन के साथ ही एकीकृत मिसाइल विकास कार्यक्रम की शुरुआत की थी। • पीटीआई

दुनिया में कोई भी संकट एक क्षेत्र तक सीमित नहीं

पीएम मोदी ने कहा कि दुनिया में कहीं भी संकट हो, वह दूसरे क्षेत्रों को प्रभावित करता है। उन्होंने कहा कि वैश्विक व्यवस्था में विश्वास की कमी आतंकवाद, व्यापारिक अवरोधों और आर्थिक दबाव में आई कमजोरी से दिखाई दे रही है। दुनिया का हर देश आज इन चुनौतियों से जूझ रहा है। हमें यह समझना होगा कि हमारे सामने जो समस्याएं हैं, वे किसी एक देश की नहीं हैं। उन्होंने कहा कि दिल्ली घोषणापत्र में सभी के सहयोग से ऐसा रास्ता निकाला गया है, जो सभी के लिए लाभकारी हो। यह घोषणापत्र ब्रिक्स देशों के बीच सहयोग को और मजबूत करेगा।

पीएम मोदी ने दी देशवासियों को शुभकामनाएं, राष्ट्र के प्रगति की कामना की

महाराष्ट्र से लेकर तमिलनाडु और केरल तक छठियों और पूजा पंडालों में बड़ी संख्या में श्रद्धालु भगवान गणेश के दर्शन और पूजा-अर्चना के लिए पहुंच रहे हैं। वहीं स्कूलों पर विशेष आरती और सांस्कृतिक कार्यक्रमों का आयोजन किया जा रहा है

'गणपति बप्पा मोरया' के जयकारों के बीच विराजे भगवान श्री गणेश

नई ऊर्जा और उत्साह का संचार हो: पीएम मोदी



पीएम मोदी ने मंगलवार पोस्टिका 'एक्स' पर एक पोस्ट में लिखा कि देवतुल्यों को समर्पित गणेश चतुर्थी का अनंत शुभकामनाएं। विघ्नहर्ता के दर्शन और पूजन का यह पावन पर्व सबके जीवन में नई ऊर्जा और नए उत्साह का संचार करे। उनके दिव्य आशीर्वाद से सभी के सुख-समृद्धि और उज्ज्वल भविष्य की प्रार्थना करता हूं। उन्होंने कहा कि दिल्ली घोषणापत्र में सभी के सहयोग से ऐसा रास्ता निकाला गया है, जो सभी के लिए लाभकारी हो। यह घोषणापत्र ब्रिक्स देशों के बीच सहयोग को और मजबूत करेगा।

देशवासियों पर कृपा बनाए रखें: नवीन



मुख्यमंत्री जनता पार्टी के राष्ट्रीय अध्यक्ष विनिल नवीन ने नवरात्र पर्व के अवसर पर प्रदेश की सभी देवियों को शुभकामनाएं दीं। उन्होंने कहा कि मां दुर्गा की कृपा सभी पर बनी रहे और वह सभी के जीवन में सुख, शांति और समृद्धि का संचार करें।



बेंगलुरु में गणेश उत्सव के दौरान लोग महादेव के मंदिर में पूजा-अर्चना के पश्चात प्रसाद ग्रहण करते हुए।



सोमवार को जयपुर के इस्कॉन मंदिर में गणेश चतुर्थी के अवसर पर भगवान गणेश की प्रतिमा के समक्ष आरती करते श्रद्धालु।





20 साल का हुआ 21 देशों का ब्रिक्स



राहुल उपाध्याय

पीएम ने कहा अगले 20 वर्षों के लिए हमें तय नई दिशा और व्यावसायिकी दायित्वीकरण पर ध्यान केन्द्रित करना होगा

इस बिंदी के विस्तृत नहीं, बल्कि सबको साथ लेकर चलने की सोच के साथ आगे बढ़ने का प्रयास करते हैं। पुरुषमोदी ने कहा कि अब समय आ चुका है कि हम बिंदय से ऊपर उठकर सभी राज्यों को विकास का एक समान अवसर दें। हमें एक ऐसा तंत्र बनाना होगा, जो हर राज्य की जरूरतों को समझे और उसके अनुसार समाधान दे। हमारी सोच और कार्य प्रक्रिया में यही बदलाव लाने की कोशिश की गई है।

नई दिल्ली, (एजेंसी)। भारत सोमवार से 20 वर्ष की अवधि में ब्रिक्स के नए चरण का आरंभ हो गया है। यह नई अवधारणा होगी है जब सभी देशों के राष्ट्राध्यक्षों ने वर्चुअल माध्यम से शिखर सम्मेलन में हिस्सा लिया। इस दौरान ब्रिक्स के 10 नए देशों को भी इसमें शामिल किया गया। इस दौरान ब्रिक्स के विस्तार के बाद पहली बार सभी देशों के राष्ट्राध्यक्ष एक साथ मंच पर आए। इस दौरान ब्रिक्स के विस्तार के बाद पहली बार सभी देशों के राष्ट्राध्यक्ष एक साथ मंच पर आए।

इसमें तात्कालिकी मंदिर, केंद्रीय न्यायालय जैसे, पंचायतन मंदिर, पंचायतन मंदिर, अयोध्यानगर मंदिर, अक्षरधाम मंदिर और अन्य प्रमुख मंदिर शामिल हैं। इस दौरान करीब 7.4 करोड़ टन अतिरिक्त माल ढुलाई की क्षमता पैदा होगी। लॉजिस्टिक खर्च और सेवा आवास को कम करने और कार्यक्षेत्र डाइजीकेबाइड के उत्सर्जन पहले से सरल किसानों, इंजीनियरों, व्यापारियों और अन्य प्रमुख हितधारकों के साथ संवाद किया। इस दौरान करीब 7.4 करोड़ टन अतिरिक्त माल ढुलाई की क्षमता पैदा होगी। लॉजिस्टिक खर्च और सेवा आवास को कम करने और कार्यक्षेत्र डाइजीकेबाइड के उत्सर्जन पहले से सरल किसानों, इंजीनियरों, व्यापारियों और अन्य प्रमुख हितधारकों के साथ संवाद किया।

ਡਾ. ਏਪੀਜੇ ਅਬਦੁਲ ਕਲਾਮ ਦੀ ਜਯੰਤੀ

15 ਅਕਤੂਬਰ 'ਤੇ ਧੰਨਵਾਦੀ ਰਾਸ਼ਟਰ ਦਾ ਨਮਨ

ਜਿਨ੍ਹਾਂ ਦੇ ਸ਼ਬਦਾਂ- ਵਿਚਾਰਾਂ ਵਿੱਚ ਦਿਖਿਆ ਭਵਿੱਖ ਦਾ ਭਾਰਤ

21ਵੀਂ ਸਦੀ ਵਿੱਚ ਊਰਜਾ ਅਤੇ ਪਾਣੀ ਦੀ ਵਧਦੀ ਮੰਗ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਵੱਡੀਆਂ ਚੁਣੌਤੀਆਂ ਵਿੱਚ ਸ਼ਾਮਲ ਹੋਵੇਗੀ।

ਹੁਣ ਸਮਾਂ ਆ ਗਿਆ ਹੈ ਕਿ ਨਦੀਆਂ ਨੂੰ ਜੋੜਨ ਦੀ ਯੋਜਨਾ ਨੂੰ ਪੂਰੀ ਗੰਭੀਰਤਾ ਅਤੇ ਤੇਜ਼ੀ ਨਾਲ ਲਾਗੂ ਕੀਤਾ ਜਾਵੇ।

ਊਰਜਾ ਆਤਮਨਿਰਭਰਤਾ ਦੇਸ਼ ਦੀ ਪਹਿਲੀ ਅਤੇ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ।

ਸਾਡਾ ਟੀਚਾ ਅਜਿਹਾ ਦੇਸ਼ ਬਣਾਉਣਾ ਹੋਣਾ ਚਾਹੀਦਾ ਹੈ ਜੋ ਸਿਰਫ਼ ਸਮ੍ਰਿੱਧ ਅਤੇ ਖੁਸ਼ਹਾਲ ਹੀ ਨਾ ਹੋਵੇ, ਸਗੋਂ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਵੀ ਹੋਵੇ।

ਕਿਸੇ ਵੀ ਬਾਹਰਲੇ ਹਮਲੇ ਤੋਂ ਹਮੇਸ਼ਾ ਸੁਰੱਖਿਅਤ ਰਹੇ। ਭਵਿੱਖ ਵਿੱਚ ਪੁਲਾੜ ਤੋਂ ਹੋਣ ਵਾਲੀ ਕਿਸੇ ਵੀ ਹਮਲਾਵਰ ਗਤੀਵਿਧੀ ਤੋਂ ਵੀ ਦੇਸ਼ ਦੀ ਰੱਖਿਆ ਹੋ ਸਕੇ।

ਭਵਿੱਖ ਦੇ ਭਾਰਤ ਦੀ ਤਿਆਰੀ ਕਿਹੋ ਜਿਹੀ ਹੋਵੇ, ਚੁਣੌਤੀਆਂ ਦੇ ਲਈ ਭਾਰਤ ਤਿਆਰ ਰਹੇ। ਉੱਪਰ ਲਿਖੇ ਗਏ ਸ਼ਬਦ- ਵਿਚਾਰ ਭਾਰਤ ਪ੍ਰਥਮ ਦੇ ਸਿਧਾਂਤ ਦੇ ਨਾਲ ਵਿਗਿਆਨ, ਰੱਖਿਆ ਅਤੇ ਤਕਨੀਕੀ ਨਵੀਨਤਾਵਾਂ ਵਿੱਚ ਰਾਸ਼ਟਰ ਹਿਤ ਦੀ ਸੋਚ ਰੱਖਣ ਵਾਲੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਡਾ. ਏਪੀਜੇ ਅਬਦੁਲ ਕਲਾਮ ਦੇ ਹਨ। ਹੁਣ ਇਨ੍ਹਾਂ ਸਾਰੇ ਵਿਚਾਰਾਂ 'ਤੇ ਦੇਸ਼ ਬਹੁਤ ਕੰਮ ਕਰ ਰਿਹਾ ਹੈ। ਇੰਡੀਆ 2020: ਏ ਵਿਜ਼ਨ ਫੋਰ ਦ ਨਿਊ ਮਿਲੇਨੀਅਮ ਪੁਸਤਕ ਵਿੱਚ ਭਵਿੱਖ ਦੇ ਭਾਰਤ ਦੇ ਲਈ ਉਨ੍ਹਾਂ ਨੇ ਜੋ ਵਿਚਾਰ ਰੱਖੇ, ਉਨ੍ਹਾਂ ਹੀ ਵਿਚਾਰਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿਕਸਿਤ ਰਾਸ਼ਟਰ ਬਣਨ ਦੀ ਰਾਹ 'ਤੇ ਅੱਗੇ ਵਧ ਰਿਹਾ ਹੈ...



ਡਾ. ਏਪੀਜੇ ਅਬਦੁਲ ਕਲਾਮ ਜੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਤ-ਸ਼ਤ ਨਮਨ। ਉਨ੍ਹਾਂ ਨੂੰ ਇੱਕ ਅਜਿਹੇ ਦੂਰਦਰਸ਼ੀ ਵਿਅਕਤੀ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਦੇਸ਼ ਨੂੰ ਵੱਡੇ ਸੁਪਨੇ ਦੇਖਣ ਦੇ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਾ ਜੀਵਨ ਯਾਦ ਦਿਵਾਉਂਦਾ ਹੈ ਕਿ ਸਫਲਤਾ ਦੇ ਲਈ ਨਿਮਰਤਾ ਅਤੇ ਅਣਥੱਕ ਮਿਹਨਤ ਬਹੁਤ ਜ਼ਰੂਰੀ ਹੈ। ਅਸੀਂ ਉਨ੍ਹਾਂ ਦੁਆਰਾ ਦੇਖੇ ਗਏ ਭਾਰਤ ਦਾ ਨਿਰਮਾਣ ਕਰਦੇ ਰਹੀਏ... ਇੱਕ ਅਜਿਹਾ ਭਾਰਤ ਜੋ ਸਸ਼ਕਤ, ਆਤਮ ਨਿਰਭਰ ਅਤੇ ਦਿਆਲੂ ਹੋਵੇ। – ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਨਿਊ ਇੰਡੀਆ ਸਮਾਚਾਰ ਪੰਦਰਵਾੜਾ

RNI Registered No. DELPUN/2020/72808, 1- 15 October, 2026

RNI DELPUN/2020/78808, (Publishing Date: 22 September, 2026, Total Pages-64)

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003